ਵੀਰਵਾਰ, 26 ਮਾਰਚ, 2026
13 ਚੇਤ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 74
ਅੰਕ/NO. : 294

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • THURSDAY, 26 MARCH, 2026 ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਵਿਧਾਇਕ ਪਠਾਣਮਾਜਰਾ ਗ੍ਰਿਫ਼ਤਾਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**
ਪਿਛਲੇ ਛੇ ਮਹੀਨਿਆਂ ਤੋਂ ਚਕਮਾ ਦੇ ਰਹੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਆਖਰਕਾਰ ਪਟਿਆਲਾ ਪੁਲਸ ਨੇ ਮੱਧ ਪ੍ਰਦੇਸ਼ ਦੇ ਸ਼ਿਓਪੁਰੀ ਜ਼ਿਲ੍ਹੇ ਤੋਂ ਉਸ ਦੇ ਤਿੰਨ ਸਾਥੀਆਂ ਸਣੇ ਦਬੋਚ ਲਿਆ। ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤੇ ਗਏ ਸਨੌਰ ਦੇ ਵਿਧਾਇਕ ਪਠਾਣਮਾਜਰਾ ’ਤੇ ਜਬਰ-ਜਨਾਹ, ਧੋਖਾਧੜੀ ਅਤੇ ਡਰਾਉਣ-ਧਮਕਾਉਣ ਵਰਗੇ ਗੰਭੀਰ ਇਲਜ਼ਾਮ ਹਨ। ਇਸ ਮਾਮਲੇ ਵਿੱਚ ਸੁਪਰੀਮ ਕੋਰਟ ’ਚ 25 ਮਾਰਚ ਨੂੰ ਸੁਣਵਾਈ ਸੀ। ਦੱਸਿਆ ਜਾ ਰਿਹਾ ਹੈ ਕਿ ਪਠਾਣਮਾਜਰਾ ਸਕਾਰਪਿਓ ’ਚ ਦਿੱਲੀ ਵੱਲ ਆ ਰਿਹਾ ਸੀ।

ਪਿਛਲੇ ਸਾਲ 2 ਸਤੰਬਰ ਤੋਂ ਫਰਾਰ ਚੱਲ ਰਹੇ ਵਿਧਾਇਕ ਖਿਲਾਫ ਲੁੱਕ-ਆਊਟ ਨੋਟਿਸ ਵੀ ਜਾਰੀ ਕੀਤਾ ਗਿਆ ਸੀ। ਪੰਜਾਬ ਸਰਕਾਰ ਦੇ ਬੁਲਾਰੇ ਅਨੁਸਾਰ ਕਾਨੂੰਨ ਤੋਂ ਬਚਣ ਦੀ ਹਰ ਕੋਸ਼ਿਸ਼ ਹੁਣ ਨਾਕਾਮ ਸਾਬਤ ਹੋਈ ਹੈ। ਇਹ ਗ੍ਰਿਫਤਾਰੀ ਪੰਜਾਬ ਪੁਲਸ ਲਈ ਇੱਕ ਵੱਡੀ ਸਫਲਤਾ ਮੰਨੀ ਜਾ ਰਹੀ ਹੈ, ਕਿਉਂਕਿ ਪਿਛਲੇ 48 ਘੰਟਿਆਂ ਅੰਦਰ ਜੇਲ੍ਹ ਜਾਣ ਵਾਲਾ ਇਹ ਦੂਜਾ ਵਿਧਾਇਕ ਹੈ। ਇਸ ਤੋਂ ਪਹਿਲਾਂ ਸੋਮਵਾਰ ਨੂੰ ਸਾਬਕਾ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਖੁਦਕੁਸ਼ੀ ਲਈ ਉਕਸਾਉਣ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਪੁਲਸ ਦਾ ਕਹਿਣਾ ਹੈ ਕਿ ਇਹ ਕਾਰਵਾਈ ਪੀੜਤਾਂ ਨੂੰ ਇਨਸਾਫ ਦਿਵਾਉਣ ਦੀ ਦਿਸ਼ਾ ਵਿੱਚ ਇੱਕ ਮਜ਼ਬੂਤ ਕਦਮ ਹੈ ਅਤੇ ਇਹ ਸਪੱਸ਼ਟ ਸੁਨੇਹਾ ਹੈ ਕਿ ਕਾਨੂੰਨ ਦੇ ਲੰਮੇ ਹੱਥਾਂ ਤੋਂ ਕੋਈ ਵੀ ਬਚ ਨਹੀਂ ਸਕਦਾ, ਚਾਹੇ ਉਹ ਕਿੰਨੇ ਵੀ ਉੱਚੇ ਅਹੁਦੇ ’ਤੇ ਕਿਉਂ ਨਾ ਹੋਵੇ।



ਸੂਤਰਾਂ ਮੁਤਾਬਕ ਪਟਿਆਲਾ ਪੁਲਸ ਨੇ ‘ਅਪ੍ਰੇਸ਼ਨ ਪਠਾਣਮਾਜਰਾ’ ਤਹਿਤ ਇੱਕ ਬੇਹੱਦ ਰੋਮਾਂਚਕ ਅਤੇ ਗੁਪਤ ਅਪ੍ਰੇਸ਼ਨ ਰਾਹੀਂ ਪਠਾਣਮਾਜਰਾ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਲੁਕਆਊਟ ਨੋਟਿਸ ਜਾਰੀ ਹੋਣ ਕਰਕੇ ਉਹ ਵਾਇਆ ਨੇਪਾਲ ਤੋਂ ਭਾਰਤ ਦਾਖਲ ਹੋਇਆ। ਸੂਤਰਾਂ ਵੱਲੋਂ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੇ ਖੁਦ ਆਪਣੀ ਗ੍ਰਿਫਤਾਰੀ ਦੀ ਪੇਸ਼ਕਸ਼ ਕੀਤੀ।

ਐੱਸ ਐੱਸ ਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਐੱਸ ਪੀ ਵੈਭਵ ਚੌਧਰੀ ਦੀ ਅਗਵਾਈ ਹੇਠ ਪਿਛਲੇ 48 ਘੰਟਿਆਂ ਤੋਂ ਚੱਲੀ ਇੱਕ ਸਟੀਕ ਯੋਜਨਾਬੰਦੀ ਨੇ ਇਸ ਗ੍ਰਿਫਤਾਰੀ ਨੂੰ ਸੰਭਵ ਬਣਾਇਆ। ਹਾਲਾਂਕਿ ਪਠਾਣਮਾਜਰਾ ਦੀ ਭਾਲ ਵਿੱਚ ਪੁਲਸ ਦੀਆਂ 6 ਟੀਮਾਂ ਦੇਸ਼ ਦੇ 7 ਸੂਬਿਆਂ ਵਿੱਚ ਛਾਪੇਮਾਰੀ ਕਰ ਰਹੀਆਂ ਸਨ, ਪਰ ਉਹ ਲਗਾਤਾਰ ਪੁਲਸ ਨੂੰ ਚਕਮਾ ਦੇ ਰਿਹਾ ਸੀ।

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਖਿਲਾਫ ਦਿੱਤੇ ਬਿਆਨਾਂ ਤੋਂ ਬਾਅਦ ਉਸ ਦੀ ਗ੍ਰਿਫਤਾਰੀ ਪੰਜਾਬ ਪੁਲਸ ਲਈ ਇੱਕ ਵੱਡੀ ਚੁਣੌਤੀ ਬਣੀ ਹੋਈ ਸੀ।

ਇਸ ਗ੍ਰਿਫਤਾਰੀ ਪਿੱਛੇ ਸਭ ਤੋਂ ਵੱਡਾ ਹੱਥ ‘ਤਕਨੀਕੀ ਸੂਝ-ਬੂਝ’ ਦਾ ਰਿਹਾ। ਜਿੱਥੇ ਇਹ ਚਰਚਾ ਸੀ ਕਿ ਵਿਧਾਇਕ ਆਸਟਰੇਲੀਆ ਫਰਾਰ ਹੋ ਚੁੱਕਾ ਹੈ, ਉੱਥੇ ਹੀ ਦੋ ਦਿਨ ਪਹਿਲਾਂ ਪੁਲਸ ਨੂੰ ਗਵਾਲੀਅਰ ਦੇ ਇੱਕ ਹੋਟਲ ਦੇ ਵਾਈ ਫਾਈ ਕਨੈਕਸ਼ਨ ਰਾਹੀਂ ਇੱਕ ਅਹਿਮ ਸੁਰਾਗ ਮਿਲਿਆ। ਜਾਂਚ ਦੌਰਾਨ ਪਤਾ ਲੱਗਾ ਕਿ ਉਸ ਵਾਈ ਫਾਈ ’ਤੇ ਇੱਕ ਬ੍ਰਿਟੇਨ ਦਾ ਮੋਬਾਇਲ ਨੰਬਰ ਵਰਤਿਆ ਜਾ ਰਿਹਾ ਹੈ। ਜਦੋਂ ਪੁਲਸ ਨੇ ਇਸ ਨੰਬਰ ਦੀ ਡੂੰਘਾਈ ਨਾਲ ਪੜਤਾਲ ਕੀਤੀ, ਤਾਂ ਸਾਫ ਹੋ ਗਿਆ ਕਿ ਇਸ ਦੀ ਵਰਤੋਂ ਪਠਾਣਮਾਜਰਾ ਹੀ ਕਰ ਰਿਹਾ ਸੀ। ਇਸ ਇੱਕ ਗਲਤੀ ਨੇ ਪੁਲਸ ਨੂੰ ਮੁਲਜ਼ਮ ਦੇ ਬਿਲਕੁਲ ਕੋਲ ਪਹੁੰਚਾ ਦਿੱਤਾ ਅਤੇ ‘ਅਪ੍ਰੇਸ਼ਨ ਪਠਾਣਮਾਜਰਾ’ ਸਫਲਤਾਪੂਰਵਕ ਨੇਪਰੇ ਚੜ੍ਹਿਆ। ਪੁਲਸ ਨੇ ਬੁੱਧਵਾਰ ਪਠਾਣਮਾਜਰਾ ਨੂੰ ਅਦਾਲਤ ਵਿੱਚ ਪੇਸ਼ ਕਰਕੇ 10 ਦਿਨ ਦਾ ਰਿਮਾਂਡ ਮੰਗਿਆ, ਪਰ ਚਾਰ ਦਿਨ ਦਾ ਹੀ ਮਿਲਿਆ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਨੇ ਪਠਾਣਮਾਜਰਾ ਦੀ ਗ੍ਰਿਫਤਾਰੀ ਨੂੰ ਸਿਆਸੀ ਸਟੰਟ ਕਰਾਰ ਦਿੰਦਿਆਂ ਕਿਹਾ ਕਿ ਸਰਕਾਰ ਨੇ ਇਹ ਕਾਰਵਾਈ ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਰੰਧਾਵਾ ਦੀ ਖੁਦਕੁਸ਼ੀ ਦੇ ਸੰਵੇਦਨਸ਼ੀਲ ਮਾਮਲੇ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਕੀਤੀ ਹੈ।

## ਦੋਵੇਂ ਧਿਰਾਂ ਜਿੱਤੀਆਂ, ਬਾਜ਼ੀ ਪਲਟਣ ਵਾਲਾ ਬਾਜ਼ੀ ਹਾਰਿਆ!



ਬਲਾਕ ਸੰਮਤੀ ਸ਼ਾਹਕੋਟ ਦੀ ਨਵੀਂ ਚੁਣੀ ਚੇਅਰਪਰਸਨ ਰਮਨਦੀਪ ਕੌਰ ਅਤੇ ਬਾਕੀ ਮੈਂਬਰਾਂ ਦੇ ਨਾਲ ਹਲਕਾ ਇੰਚਾਰਜ ਪਰਮਿੰਦਰ ਸਿੰਘ ਪੰਡੋਰੀ। (ਹੇਠਾਂ) ਵਾਈਸ ਚੇਅਰਮੈਨ ਸੁਖਦੇਵ ਸਿੰਘ ਸੁੱਖਾ ਤੇ ਬਾਕੀ ਬਲਾਕ ਸੰਮਤੀ ਮੈਂਬਰਾਂ ਦੇ ਨਾਲ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ

**ਸ਼ਾਹਕੋਟ (ਗਿਆਨ ਸੈਦਪੁਰੀ)**
ਬਲਾਕ ਸੰਮਤੀ ਸ਼ਾਹਕੋਟ ਦੇ ਚੇਅਰਮੈਨ ਅਤੇ ਵਾਈਸ ਚੇਅਰਮੈਨ ਦੀ ਚੋਣ, ਜਿਹੜੀ ਕਾਂਗਰਸ ਪਾਰਟੀ ਅਤੇ ਆਮ ਆਦਮੀ ਪਾਰਟੀ ਦੇ ਵੱਕਾਰ ਦਾ ਸਵਾਲ ਬਣੀ ਹੋਈ ਸੀ, ਦੋਹਾਂ ਧਿਰਾਂ ਦਾ ਵੱਕਾਰ ਕਾਇਮ ਰੱਖਦੀ ਹੋਈ ਬੁੱਧਵਾਰ ਨੂੰ ਨੇਪਰੇ ਚੜ੍ਹ ਗਈ। ਪੁਲਸ ਦੀਆਂ ਸਵੇਰ ਤੋਂ ਸਖਤ ਪੇਸ਼ਬੰਦੀਆਂ ਕਈਆਂ ਦੇ ਮਨਾਂ ਅੰਦਰ ਧੁੜਕੂ ਛੇੜਦੀਆਂ ਰਹੀਆਂ ਕਿ ਦੋਹਾਂ ਧਿਰਾਂ ਦੇ ਆਪਸੀ ਟਕਰਾਅ ਦੀ ਨੌਬਤ ਆ ਸਕਦੀ ਹੈ, ਪਰ ਪੂਰੇ ਸ਼ਾਂਤਮਈ ਮਾਹੌਲ ਵਿੱਚ ਚੋਣ ਸਿਰੇ ਚੜ੍ਹ ਗਈ। ਪਹਿਲਾਂ ਇਹੀ ਚੋਣ 18 ਮਾਰਚ ਨੂੰ ਰੱਦ ਹੋ ਗਈ ਸੀ। ਬੁੱਧਵਾਰ ਨੂੰ ਐੱਸ ਡੀ ਐੱਮ ਨਕੋਦਰ ਸਿਮਰਨਜੀਤ ਸਿੰਘ ਦੀ ਦੇਖਰੇਖ ਵਿੱਚ ਹੋਈ ਚੋਣ ਵਿੱਚ ਟਾਸ ਨਾਲ ਫੈਸਲਾ ਹੋਇਆ। ਇਸ ਪ੍ਰਕਿਰਿਆ ਵਿੱਚ ਆਮ ਆਦਮੀ ਪਾਰਟੀ ਵੱਲੋਂ ਬਲਾਕ ਸੰਮਤੀ ਜ਼ੋਨ ਨੰਬਰ 6 ਤੋਂ ਜਿੱਤੀ ਬੀਬੀ ਰਮਨਦੀਪ ਕੌਰ ਨਵਾਂ ਕਿਲ੍ਹਾ ਚੇਅਰਪਰਸਨ ਬਣੀ ਅਤੇ ਕਾਂਗਰਸ ਪਾਰਟੀ ਵੱਲੋਂ ਜ਼ੋਨ ਨੰਬਰ 7 ਤੋਂ ਜਿੱਤ ਕੇ ਆਏ ਸੁਖਦੇਵ ਸਿੰਘ ਸੁੱਖਾ ਨੰਗਲ ਅੰਬੀਆਂ ਖੁਰਦ ਵਾਈਸ ਚੇਅਰਮੈਨ ਬਣ ਗਏ।ਬਲਾਕ ਸੰਮਤੀ ਦੇ ਮੈਂਬਰਾਂ ਦੀਆਂ ਚੋਣਾਂ ਵੇਲੇ ਸੱਤ ਮੈਂਬਰ ਕਾਂਗਰਸ ਪਾਰਟੀ ਦੇ ਜਿੱਤੇ ਸਨ ਤੇ ਸੱਤ ਹੀ ‘ਆਪ’ ਜਿਤਾਉਣ ਵਿੱਚ ਸਫਲ ਰਹੀ ਸੀ। ਇੱਕ ਮੈਂਬਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਜਿੱਤਿਆ ਸੀ। 18 ਮਾਰਚ ਨੂੰ ਚੇਅਰਮੈਨ ਅਤੇ ਵਾਈਸ ਚੇਅਰਮੈਨ ਦੀ ਰੱਦ ਹੋਈ ਚੋਣ ਵਾਲੇ ਦਿਨ ਅਕਾਲੀ ਦਲ (ਬਾਦਲ) ਵੱਲੋਂ ਸੰਮਤੀ ਮੈਂਬਰ ਕੁਲਵੰਤ ਸਿੰਘ ਕਾਂਗਰਸੀ ਮੈਂਬਰਾਂ ਦੇ ਨਾਲ ਸੀ। ਇਸ ਤਰ੍ਹਾਂ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੀ ਵੋਟ ਨਾਲ ਕਾਂਗਰਸ ਦੀਆਂ ਨੌਂ ਵੋਟਾਂ ਬਣਦੀਆਂ ਸਨ। ਕਾਂਗਰਸ ਪਾਰਟੀ ਦਾ ਚੇਅਰਮੈਨ ਬਣਨਾ ਤੈਅ ਸੀ। ‘ਆਪ’ ਸਿਆਸੀ ਦਾਅਪੇਚ ਵਜੋਂ ਉਸ ਦਿਨ ਚੋਣ ਪ੍ਰਕਿਰਿਆ ਵਿੱਚ ਸ਼ਾਮਲ ਨਾ ਹੋਈ। ਇਸ ਦੌਰਾਨ ਅਕਾਲੀ ਦਲ ਦਾ ਮੈਂਬਰ ‘ਆਪ’ ਦਾ ਹੋ ਗਿਆ।25 ਮਾਰਚ ਦੀ ਚੋਣ ਪ੍ਰਕਿਰਿਆ ਬਹੁਤ ਦਿਲਚਸਪ ਬਣ ਗਈ। ਸੱਤਾਧਾਰੀ ਧਿਰ ਸੱਤਾਂ ਤੋਂ ਅੱਠ ਮੈਂਬਰਾਂ ਵਾਲੀ ਬਣ ਗਈ। ਕਾਂਗਰਸ ਪਾਰਟੀ ਵੀ ਵਿਧਾਇਕ ਦੀ ਵੋਟ ਨਾਲ ਅੱਠ ਮੈਂਬਰਾਂ ਵਾਲੀ ਹੋ ਕੇ ਸਾਹਮਣੇ ਸੀ। 8-8 ਮੈਂਬਰ ਆਹਮੋ-ਸਾਹਮਣੇ ਸਨ। ਵੋਟਾਂ ਪੈਣ ਨਾਲ ਵੀ ਇਹੋ ਸਥਿਤੀ ਸਾਹਮਣੇ ਆਈ। ਆਖਰ ਟਾਸ ਨਾਲ ਚੇਅਰਪਰਸਨ ਦਾ ਅਹੁਦਾ ‘ਆਪ’ ਦੇ ਹੱਥ ਆਇਆ ਤੇ ਕਾਂਗਰਸ ਨੇ ਵਾਈਸ ਚੇਅਰਮੈਨ ਬਣਾਉਣ ਵਿੱਚ ਸਫਲਤਾ ਹਾਸਲ ਕੀਤੀ। ਇਸ ਦੌਰਾਨ ਇਹ ਚਰਚਾ ਵੀ ਸੁਣੀ ਗਈ ਦੋਵੇਂ ਧਿਰਾਂ ਜਿੱਤ ਗਈਆਂ। ਇਹ ਜ਼ਿਕਰ ਵੀ ਕਰਨਾ ਬਣਦਾ ਹੈ ਕਿ ਬਾਜ਼ੀ ਪਲਟਣ ਵਾਲਾ ਅਕਾਲੀ ਦਲ ਦਾ ਮੈਂਬਰ ਆਪ ਬਾਜ਼ੀ ਹਾਰ ਗਿਆ। ਕਾਂਗਰਸ ਵਾਲਿਆਂ ਨੇ ਉਸ ਨੂੰ ਵਾਈਸ ਚੇਅਰਮੈਨ ਬਣਾਉਣ ਦਾ ਭਰੋਸਾ ਦਿੱਤਾ ਹੋਇਆ ਸੀ। ਦੁਬਾਰਾ ਬਣੀਆਂ ਸਿਆਸੀ ਪ੍ਰਸਥਿਤੀਆਂ ਵਿੱਚ ਉਹ ‘ਆਪ’ ਵੱਲ ਝੁਕ ਗਿਆ। ਉਨ੍ਹਾਂ ਵੱਲੋਂ ਵੀ ਉਸ ਨੂੰ ਵਾਈਸ ਚੇਅਰਮੈਨੀ ਮਿਲਣ ਦੀ ਆਸ ਸੀ, ਪਰ ਆਸ ਅੰਗੜਾਈਆਂ ਲੈਂਦੀ ਰਹੀ, ਉਸ ਨੂੰ ਬੂਰ ਨਾ ਪਿਆ।ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾ ਨੂੰ ਇਸ ਚੋਣ ’ਤੇ ਤਸੱਲੀ ਹੈ। ਬਲਾਕ ਸੰਮਤੀ ਪਿੰਡਾਂ ਦੇ ਵਿਕਾਸ ਦਾ ਕੇਂਦਰ ਹੁੰਦੀ ਹੈ। ਸ਼ੇਰੋਵਾਲੀਆਂ ਨੇ ਆਸ ਪ੍ਰਗਟ ਕੀਤੀ ਕਿ ਸਾਂਝੇ ਯਤਨਾਂ ਨਾਲ ਹਲਕਾ ਵਿਕਾਸ ਵੱਲ ਵਧੇਗਾ। ਆਪ ਦੇ ਹਲਕਾ ਇੰਚਾਰਜ ਪਰਮਿੰਦਰ ਸਿੰਘ ਪੰਡੋਰੀ ਨੇ ਵੀ ਸ਼ਾਂਤੀਪੂਰਵਕ ਚੋਣ ਨਿਪਰੇ ਚੜ੍ਹਨ ’ਤੇ ਤਸੱਲੀ ਜ਼ਾਹਰ ਕੀਤੀ ਤੇ ਪੁਲਸ ਅਤੇ ਸਿਵਲ ਪ੍ਰਸ਼ਾਸਨ ਦਾ ਧੰਨਵਾਦ ਕੀਤਾ।

## ਈਰਾਨ ਨੇ ਅਮਰੀਕੀ ਬੇੜਾ ਭਜਾਇਆ



**ਤਹਿਰਾਨ** : ਈਰਾਨ ਨੇ ਦਾਅਵਾ ਕੀਤਾ ਹੈ ਕਿ ਉਸ ਵੱਲੋਂ ਅਮਰੀਕੀ ਜੰਗੀ ਬੇੜੇ ਯੂ ਐੱਸ ਐੱਸ ਅਬਰਾਹਮ ਲਿੰਕਨ ’ਤੇ ਕਾਦਰ ਮਿਜ਼ਾਈਲਾਂ ਨਾਲ ਹਮਲਾ ਕਰਨ ਤੋਂ ਬਾਅਦ ਉਸ ਨੇ ਪੁਜ਼ੀਸ਼ਨ ਬਦਲ ਲਈ ਹੈ। ਈਰਾਨੀ ਨੇਵੀ ਦੇ ਮੁਖੀ ਸ਼ਹਿਰਾਮ ਈਰਾਨੀ ਨੇ ਕਿਹਾ ਕਿ ਜਦੋਂ ਇਹ ਬੇੜਾ ਫਿਰ ਜ਼ਦ ਵਿੱਚ ਆਇਆ ਤਾਂ ਫਿਰ ਮਿਜ਼ਾਈਲਾਂ ਨਾਲ ਨਿਸ਼ਾਨਾ ਬਣਾਇਆ ਜਾਵੇਗਾ।

ਇਹ ਜੰਗੀ ਬੇੜਾ ਐੱਨ ਐੱਨ ਐੱਸ ਕੰਪਨੀ ਨੇ 1988 ਵਿੱਚ ਬਣਾਇਆ ਸੀ ਤੇ ਇਸ ਦੀ 2024 ਵਿੱਚ ਕੀਮਤ ਲਗਭਗ 57 ਹਜ਼ਾਰ ਕਰੋੜ ਰੁਪਏ ਸੀ। ਇਸ ਬੇੜੇ ’ਤੇ 75-80 ਜਹਾਜ਼ ਖੜ੍ਹੇ ਹੋ ਸਕਦੇ ਹਨ।

## ਬਾਘਾ ਪੁਰਾਣਾ ਚੋਣ 28 ਨੂੰ

**ਚੰਡੀਗੜ੍ਹ** : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਬਾਘਾ ਪੁਰਾਣਾ ਪੰਚਾਇਤ ਸੰਮਤੀ ਦੇ ਚੇਅਰਮੈਨ ਅਤੇ ਵਾਈਸ ਚੇਅਰਮੈਨ ਦੀਆਂ ਚੋਣਾਂ ਗੁਪਤ ਬੈਲਟ ਰਾਹੀਂ, ਵੀਡੀਓਗ੍ਰਾਫੀ ਦੇ ਅਧੀਨ ਅਤੇ ਅਦਾਲਤ ਵੱਲੋਂ ਨਿਯੁਕਤ ਅਬਜ਼ਰਵਰ ਦੀ ਮੌਜੂਦਗੀ ਵਿੱਚ ਕਰਾਉਣ ਦਾ ਹੁਕਮ ਦਿੱਤਾ ਹੈ। ਜਸਟਿਸ ਹਰਸਿਮਰਨ ਸਿੰਘ ਸੇਠੀ ਅਤੇ ਜਸਟਿਸ ਪਰਮੋਦ ਗੋਇਲ ਦੀ ਬੈਂਚ ਨੇ ਮੋਗਾ ਦੇ ਡਿਪਟੀ ਕਮਿਸ਼ਨਰ ਦਫਤਰ ਵਿਖੇ ਵੋਟਾਂ ਪਾਉਣ ਲਈ 28 ਮਾਰਚ ਸਵੇਰੇ 10 ਵਜੇ ਦਾ ਸਮਾਂ ਅਤੇ ਤਰੀਕ ਵੀ ਤੈਅ ਕਰ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਜੇ ਕੋਈ ਮੈਂਬਰ ਪੁਲਸ ਜਾਂ ਨਿਆਂਇਕ ਹਿਰਾਸਤ ਵਿੱਚ ਹੈ, ਤਾਂ ਵੀ ਉਸ ਨੂੰ ਵੋਟ ਪਾਉਣ ਦੀ ਇਜਾਜ਼ਤ ਦਿੱਤੀ ਜਾਵੇਗੀ ਅਤੇ ਵੋਟ ਪਾਉਣ ਤੋਂ ਬਾਅਦ ਉਸ ਨੂੰ ਵਾਪਸ ਲਿਜਾਇਆ ਜਾਵੇਗਾ।

## ਮੋਦੀ ਦਾ ਦਾਅਵਾ ਗੁੰਮਰਾਹਕੁੰਨ : ਅਮਰਜੀਤ ਕੌਰ

**ਲੁਧਿਆਣਾ (ਐੱਮ ਐੱਸ ਭਾਟੀਆ)**
ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਸਕੱਤਰ ਮੰਡਲ ਨੇ ਪੱਛਮੀ ਏਸ਼ੀਆ ਵਿੱਚ ਅਮਰੀਕਾ- ਇਜ਼ਰਾਈਲ ਯੁੱਧ ਦੇ ਭਾਰਤ ਦੇ ਮਿਹਨਤਕਸ਼ ਲੋਕਾਂ, ਖ਼ਾਸ ਕਰਕੇ ਕਿਸਾਨਾਂ, ਉਦਯੋਗਿਕ ਮਜ਼ਦੂਰਾਂ ਅਤੇ ਪ੍ਰਵਾਸੀ ਮਜ਼ਦੂਰਾਂ ’ਤੇ ਤੇਜ਼ੀ ਨਾਲ ਵਿਗੜ ਰਹੇ ਪ੍ਰਭਾਵ ’ਤੇ ਗੰਭੀਰ ਚਿੰਤਾ ਜਤਾਈ ਹੈ। ਇਸ ਸੰਘਰਸ਼ ਕਾਰਨ ਵਿਸ਼ਵ ਪੱਧਰ ’ਤੇ ਪੈਦਾ ਹੋਈ ਉਥਲ-ਪੁਥਲ ਨੇ ਖਾਦਾਂ, ਐੱਲ ਪੀ ਜੀ ਅਤੇ ਖਾਦ ਸਪਲਾਈ ਸਮੇਤ ਜ਼ਰੂਰੀ ਵਸਤੂਆਂ ਦੀ ਸਪਲਾਈ ਚੇਨ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਖੁਰਾਕ ਸੁਰੱਖਿਆ ਲਈ ਗੰਭੀਰ ਖਤਰਾ ਪੈਦਾ ਹੋ ਗਿਆ ਹੈ ਅਤੇ ਸਾਡੇ ਦੇਸ਼ ਵਿੱਚ ਜੀਵਿਕਾ ’ਤੇ ਭਾਰੀ ਅਸਰ ਪਿਆ ਹੈ।ਏਟਕ ਦੀ ਜਨਰਲ ਸਕੱਤਰ ਅਮਰਜੀਤ ਕੌਰ ਨੇ ਕਿਹਾ ਕਿ ਇਸ ਨਾਜ਼ੁਕ ਮੋੜ ’ਤੇ ਜਦੋਂ ਸਥਿਤੀ ਪੂਰੀ ਪਾਰਦਰਸ਼ਤਾ ਅਤੇ ਸੋਚ-ਸਮਝ ਵਾਲੀ ਤਿਆਰੀ ਦੀ ਮੰਗ ਕਰਦੀ ਹੈ, ਪ੍ਰਧਾਨ ਮੰਤਰੀ ਵੱਲੋਂ ਸੰਸਦ ਵਿੱਚ ਖਾਦਾਂ ਅਤੇ ਐੱਲ ਪੀ ਜੀ ਦੀ ਘਾਟ ਨਾ ਹੋਣ ਦਾ ਦਾਅਵਾ ਕਰਨਾ ਅਤੇ ਸਥਿਤੀ ਨੂੰ ਹਲਕਾ ਲੈਣਾ, ਜਿਵੇਂ ਕਿ ਕੋਈ ਚਿੰਤਾ ਹੀ ਨਾ ਹੋਵੇ, ਨਾ ਸਿਰਫ਼ ਭੰਬਲਭੂਸੇ ਵਿੱਚ ਪਾਉਣ ਵਾਲਾ ਹੈ,



• ਬਾਕੀ ਸਫਾ 2 ’ਤੇ

## ਗੈਸ ਬੁਕਿੰਗ ਦੇ ਸਮੇਂ ਬਾਰੇ ਅਫਵਾਹਾਂ ਦਾ ਖੰਡਨ

**ਨਵੀਂ ਦਿੱਲੀ** : ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਨੇ ਬੁੱਧਵਾਰ ਸਪੱਸ਼ਟ ਕੀਤਾ ਹੈ ਕਿ ਐੱਲ ਪੀ ਜੀ ਗੈਸ ਸਿਲੰਡਰ ਬੁਕਿੰਗ ਦੀ ਸਮਾਂ-ਸੀਮਾ ਵਿੱਚ ਬਦਲਾਅ ਬਾਰੇ ਚੱਲ ਰਹੀਆਂ ਖਬਰਾਂ ਝੂਠੀਆਂ ਹਨ।

ਮੰਤਰਾਲੇ ਨੇ ਦੁਹਰਾਇਆ ਕਿ ਮੌਜੂਦਾ ਰੀਫਿਲ ਬੁਕਿੰਗ ਦੀ ਸਮਾਂ-ਸੀਮਾ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ, ਬੁਕਿੰਗ ਜਿਵੇਂ ਚੱਲ ਰਹੀ ਹੈ, ਇਵੇਂ ਹੀ ਅੱਗੇ ਜਾਰੀ ਰਹੇਗੀ। ਸੋਸ਼ਲ ਮੀਡੀਆ ਪੋਸਟਾਂ ਵਿੱਚ ਐੱਲ ਪੀ ਜੀ ਰੀਫਿਲ ਬੁਕਿੰਗ ਨੂੰ ਲੈ ਕੇ ਦਾਅਵਾ ਕੀਤਾ ਜਾ ਰਿਹਾ ਸੀ ਕਿ ਪ੍ਰਧਾਨ ਮੰਤਰੀ ਉੱਜਵਲਾ ਯੋਜਨਾ ਦੇ ਲਾਭਪਾਤਰੀਆਂ ਨੂੰ 45 ਦਿਨ ਅਤੇ ਇਸ ਯੋਜਨਾ ਤੋਂ ਬਾਹਰ ਰਹਿਣ ਵਾਲੇ ਖਪਤਕਾਰਾਂ ਨੂੰ 25 ਜਾਂ 35 ਦਿਨਾਂ ਬਾਅਦ ਹੀ ਅਗਲਾ ਸਿਲੰਡਰ ਮਿਲੇਗਾ। ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਅਜਿਹਾ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ ਅਤੇ ਪੁਰਾਣੇ ਨਿਯਮ ਹੀ ਲਾਗੂ ਰਹਿਣਗੇ।

## 10 ਦਿਨਾਂ ’ਚ 16,000 ਜਨ-ਸਭਾਵਾਂ ਕਰਾਂਗੇ : ਅਮਨ ਅਰੋੜਾ

**ਚੰਡੀਗੜ੍ਹ (ਗੁਰਜੀਤ ਬਿੱਲਾ)**
ਪੰਜਾਬ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਨ ਅਰੋੜਾ ਨੇ ਬੁੱਧਵਾਰ ਭਗਵੰਤ ਮਾਨ ਸਰਕਾਰ ਦੇ ਚਾਰ ਸਾਲ ਪੂਰੇ ਹੋਣ ਦੇ ਮੌਕੇ ’ਤੇ ਸੂਬਾ ਪੱਧਰੀ ਵੱਡੀ ਜਨਤਕ ਮੁਹਿੰਮ ਦਾ ਐਲਾਨ ਕੀਤਾ। ਇਹ ਮੁਹਿੰਮ ਅਗਲੇ 10 ਦਿਨਾਂ ਵਿੱਚ 16,000 ਰੈਲੀਆਂ, ਜਨ-ਸਭਾਵਾਂ ਅਤੇ ਨੁੱਕੜ ਮੀਟਿੰਗਾਂ ਰਾਹੀਂ ਸਰਕਾਰ ਦਾ ਰਿਪੋਰਟ ਕਾਰਡ ਸਿੱਧਾ ਲੋਕਾਂ ਤੱਕ ਪਹੁੰਚਾਏਗੀ।



ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਰੋੜਾ ਨੇ ਕਿਹਾ ਕਿ ਵੀਰਵਾਰ ਤੋਂ ਇੱਕ ਵਿਸ਼ਾਲ ਜਨਤਕ ਮੁਹਿੰਮ ਸ਼ੁਰੂ ਹੋਵੇਗੀ, ਜਿਸ ਤਹਿਤ ਅਗਲੇ 10 ਦਿਨਾਂ ਵਿੱਚ ਪੂਰੇ ਪੰਜਾਬ ਵਿੱਚ 16,000 ਰੈਲੀਆਂ, ਜਨ-ਸਭਾਵਾਂ ਅਤੇ ਨੁੱਕੜ ਮੀਟਿੰਗਾਂ ਕੀਤੀਆਂ ਜਾਣਗੀਆਂ।

ਉਨ੍ਹਾ ਕਿਹਾ ਕਿ ਇਸ ਮੁਹਿੰਮ ਵਿੱਚ ਮੰਤਰੀ, ਵਿਧਾਇਕ, ਚੇਅਰਮੈਨ, ਸਰਪੰਚ, ਪੰਚ, ਐੱਮ ਸੀ, ਜ਼ਿਲ੍ਹਾ ਪ੍ਰਧਾਨ ਅਤੇ ਪਾਰਟੀ ਵਲੰਟੀਅਰ ਸ਼ਾਮਲ ਹੋਣਗੇ, ਜੋ ਸਰਕਾਰ ਦਾ ਰਿਪੋਰਟ ਕਾਰਡ ਲੈ ਕੇ ਹਰ ਪਿੰਡ, ਗਲੀ ਅਤੇ ਘਰ-ਘਰ ਪਹੁੰਚਣਗੇ। ਅਮਨ ਅਰੋੜਾ ਨੇ ਕਿਹਾ—ਅਸੀਂ ਆਪਣਾ ਚਾਰ ਸਾਲਾਂ ਦਾ ਰਿਪੋਰਟ ਕਾਰਡ ਹਰ ਪਿੰਡ ਅਤੇ ਹਰ ਬੂਹੇ ਤੱਕ ਲੈ ਕੇ ਜਾਵਾਂਗੇ।ਉਨ੍ਹਾ ਕਿਹਾ ਕਿ ਸਾਨੂੰ ਅਰਵਿੰਦ ਕੇਜਰੀਵਾਲ ਦੇ ਮਾਰਗਦਰਸ਼ਨ ਅਤੇ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਕੀਤੇ ਗਏ ਕੰਮਾਂ ’ਤੇ ਪੂਰਾ ਭਰੋਸਾ ਹੈ। ਪੰਜਾਬ ਦੇ ਲੋਕਾਂ ਨੂੰ ਸਾਡਾ ਸੁਨੇਹਾ ਸਾਦਾ ਹੈ—ਜੇਕਰ ਤੁਸੀਂ ਸਾਡੀਆਂ ਕੋਸ਼ਿਸ਼ਾਂ ਤੋਂ ਸੰਤੁਸ਼ਟ ਹੋ, ਤਾਂ ਅਸੀਂ ਤੁਹਾਡਾ ਸਮਰਥਨ ਚਾਹੁੰਦੇ ਹਾਂ, ਜੇਕਰ ਨਹੀਂ, ਤਾਂ ਅਸੀਂ ਤੁਹਾਡੇ ਫੈਸਲੇ ਦਾ ਸਤਿਕਾਰ ਕਰਾਂਗੇ।

## ਮੁਲਾਜ਼ਮ ਮੰਗਾਂ ਛੇਤੀ ਹੱਲ ਕਰਨ ਲਈ ਵਚਨਬੱਧ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ/ ਕ੍ਰਿਸ਼ਨ ਗਰਗ)**
ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁਲਾਜ਼ਮਾਂ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਗਠਿਤ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵਜੋਂ ਬੁੱਧਵਾਰ ਪੰਜਾਬ ਭਰ ਦੇ ਵੱਖ-ਵੱਖ ਮੁਲਾਜ਼ਮ ਯੂਨੀਅਨਾਂ ਦੇ ਨੁਮਾਇੰਦਿਆਂ ਦੀਆਂ ਲੰਬਿਤ ਮੰਗਾਂ ਅਤੇ ਚਿੰਤਾਵਾਂ ਨੂੰ ਹੱਲ ਕਰਨ ਲਈ ਆਪਣੇ ਦਫ਼ਤਰ ਵਿਖੇ ਅਹਿਮ ਮੀਟਿੰਗਾਂ ਕੀਤੀਆਂ।ਇਨ੍ਹਾਂ ਮੀਟਿੰਗਾਂ ਦੌਰਾਨ ਵਿੱਤ ਮੰਤਰੀ ਨੇ ਮੈਰੀਟੋਰੀਅਸ ਸਕੂਲ ਟੀਚਰਜ਼ ਯੂਨੀਅਨ, ਅਧਿਆਪਕ ਇਨਸਾਫ਼ ਕਮੇਟੀ, ਫਾਇਰ ਬ੍ਰਿਗੇਡ ਆਊਟਸੋਰਸ ਇੰਪਲਾਈਜ਼ ਯੂਨੀਅਨ, ਫਾਇਰ ਬ੍ਰਿਗੇਡ ਕੰਟਰੈਕਟ ਇੰਪਲਾਈਜ਼ ਯੂਨੀਅਨ ਅਤੇ ਜੰਗਲਾਤ ਵਰਕਰਜ਼ ਯੂਨੀਅਨ ਸਮੇਤ ਕਈ ਯੂਨੀਅਨਾਂ ਦੇ ਵਫ਼ਦਾਂ ਨਾਲ ਸਿੱਧੀ ਗੱਲਬਾਤ ਕੀਤੀ।ਵਿੱਤ ਮੰਤਰੀ ਨੇ ਸੀਨੀਅਰ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਸਪੱਸ਼ਟ ਨਿਰਦੇਸ਼ ਜਾਰੀ ਕੀਤੇ ਕਿ ਯੂਨੀਅਨਾਂ ਵੱਲੋਂ ਉਠਾਈਆਂ ਗਈਆਂ ਸਾਰੀਆਂ ਜਾਇਜ਼ ਮੰਗਾਂ ਨੂੰ ਜਲਦ ਤੋਂ ਜਲਦ ਵਿਚਾਰਿਆ ਅਤੇ ਹੱਲ ਕੀਤਾ ਜਾਵੇ।ਇਨ੍ਹਾਂ ਮੀਟਿੰਗਾਂ ਦੌਰਾਨ ਮੈਰੀਟੋਰੀਅਸ ਸਕੂਲ ਟੀਚਰਜ਼ ਯੂਨੀਅਨ ਤੋਂ ਡਾ. ਟੀਨਾ ਅਤੇ ਅਜੈ ਕੁਮਾਰ, ਅਧਿਆਪਕ ਇਨਸਾਫ਼ ਕਮੇਟੀ ਤੋਂ ਵਿਕਰਮ ਦੇਵ ਸਿੰਘ, ਦਿਗਵਿਜੇ ਪਾਲ ਸ਼ਰਮਾ, ਸੁਖਵਿੰਦਰ ਸਿੰਘ ਚਾਹਲ ਅਤੇ ਬਾਜ਼ ਸਿੰਘ, ਫਾਇਰ ਬ੍ਰਿਗੇਡ ਆਊਟਸੋਰਸ ਇੰਪਲਾਈਜ਼ ਯੂਨੀਅਨ ਤੋਂ ਸਾਹਿਬ ਸਿੰਘ, ਗੁਰਵਿਰਯਮ ਸਿੰਘ ਅਤੇ ਸੁਖਜੀਤ ਸਿੰਘ, ਫਾਇਰ ਬ੍ਰਿਗੇਡ ਕੰਟਰੈਕਟ ਇੰਪਲਾਈਜ਼ ਯੂਨੀਅਨ ਤੋਂ ਸੋਭਾ ਸਿੰਘ ਅਤੇ ਜੰਗਲਾਤ ਵਰਕਰਜ਼ ਯੂਨੀਅਨ ਤੋਂ ਮੱਖਣ ਸਿੰਘ ਵਾਹਿਦਪੁਰੀ, ਅਮਰੀਕ ਸਿੰਘ, ਜਸਵਿੰਦਰ ਸਿੰਘ, ਸਤਨਾਮ ਸਿੰਘ, ਰਵੀ ਕੁਮਾਰ ਅਤੇ ਸ਼ਿੰਦਰਪਾਲ ਸਿੰਘ ਨੇ ਆਪਣੀਆਂ ਯੂਨੀਅਨਾਂ ਦੇ ਮੁੱਦਿਆਂ ਨੂੰ ਪੇਸ਼ ਕੀਤਾ।



## ਅੱਜ-ਨਾਮਾ

ਈਰਾਨ ਨਾਲ ਸਮਝੌਤਾ ਅਮਰੀਕੀਆਂ ਦਾ,
ਲੱਗਾ ਮੁਲਕ ਸੀ ਇੱਕ ਕਰਵਾਉਣ ਬੇਲੀ।
ਅਗਲੀ ਧਿਰ ਹੁੰਗਾਰਾ ਨਹੀਂ ਭਰਨ ਲੱਗੀ,
ਨੁਕਤੇ ਲੱਗਾ ਉਹ ਦੇਸ਼ ਗਿਣਾਉਣ ਬੇਲੀ।
ਪੱਤਰ ਭੇਜਿਆ ਬਹੁਤ ਉਸ ਆਸ ਅੰਦਰ,
ਬਾਹਲੀ ਲੱਗਾ ਉਹ ਸੋਚ ਦੌੜਾਉਣ ਬੇਲੀ।
ਚਿੱਠੀ ਜਦੋਂ ਉਹ ਕਹਿੰਦੇ ਨੇ ਪੜ੍ਹੀ ਉਹਨਾਂ,
ਅੱਖਾਂ ਲਾਲ ਫਿਰ ਲੱਗੇ ਦਿਖਲਾਉਣ ਬੇਲੀ।
ਸਾਂਝੀ ਹੋਵੇ ਕੋਈ ਧਿਰ, ਫਿਰ ਆਏ ਅੱਗੇ,
ਵਿਚੋਲੇ ਦੇਸ਼ ਦਾ ਉਹੋ ਜਿਹਾ ਹਾਲ ਨਾਹੀਂ।
ਡਾਢੇ ਭੇੜ ਵਿੱਚ ਐਵੇਂ ਉਹ ਫਸਣ ਲੱਗਾ,
ਜੀਹਦੇ ਪੱਲੇ ਹੀ ਚਾਲ ਕੋਈ ਢਾਲ ਨਾਹੀਂ।

-ਤੀਸ ਮਾਰ ਖਾਂ

## ਹਰੀਸ਼ ਰਾਣਾ ‘ਸੁਖੀ ਥਾਂ’ ਉੱਤੇ ਪੁੱਜਾ!



**ਨਵੀਂ ਦਿੱਲੀ** : ਭਾਰਤ ਵਿੱਚ ਪੈਸਿਵ ਯੂਥੇਨੇਸ਼ੀਆ (ਮੌਤ ਦੀ ਇਜਾਜ਼ਤ) ਪ੍ਰਾਪਤ ਕਰਨ ਵਾਲੇ ਪਹਿਲੇ ਵਿਅਕਤੀ ਹਰੀਸ਼ ਰਾਣਾ ਦੇ ਮਾਪਿਆਂ ਨੇ ਆਪਣੇ ਪੁੱਤਰ ਨੂੰ ਆਖਰੀ ਵਾਰ ਵਿਦਾਇਗੀ ਦਿੰਦੇ ਹੋਏ ਉਸ ਦੇ ਜੀਵਨ ਨੂੰ ਯਾਦ ਕੀਤਾ ਅਤੇ ਅੰਤਮ ਰਸਮਾਂ ਦੌਰਾਨ ਉਸ ਨੂੰ ਇੱਕ ਚੰਗਾ ਪੁੱਤਰ ਦੱਸਿਆ। ਹਰੀਸ਼ ਦੀ ਮਾਂ ਨਿਰਮਲਾ ਦੇਵੀ ਨੇ ਹੱਥ ਜੋੜ ਕੇ ਭਾਵੁਕ ਵਿਦਾਇਗੀ ਦਿੱਤੀ, ਜਦੋਂ ਕਿ ਉਸ ਦੇ ਪਿਤਾ ਅਸ਼ੋਕ ਰਾਣਾ ਨੇ ਸੋਗ ਮਨਾਉਣ ਵਾਲਿਆਂ ਨੂੰ ਨਾ ਰੋਣ ਦੀ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਪੁੱਤਰ ਹੁਣ ਇੱਕ ‘ਸੁਖੀ ਥਾਂ’ ’ਤੇ ਹੈ। ਹਰੀਸ਼ ਦੀਆਂ ਅੰਤਮ ਰਸਮਾਂ ਬੁੱਧਵਾਰ ਸਵੇਰੇ ਦੱਖਣੀ ਦਿੱਲੀ ਦੇ ਗ੍ਰੀਨ ਪਾਰਕ ਸ਼ਮਸ਼ਾਨਘਾਟ ਵਿੱਚ ਨਿਭਾਈਆਂ ਗਈਆਂ, ਜਿਸ ਨਾਲ ਉਸ ਦੀ 13 ਸਾਲਾਂ ਦੀ ਮੈਡੀਕਲ ਤਕਲੀਫ ਦਾ ਸ਼ਾਂਤੀਪੂਰਨ ਅੰਤ ਹੋ ਗਿਆ। ਹਰੀਸ਼ ਦੇ ਛੋਟੇ ਭਰਾ ਅਸ਼ੀਸ਼ ਰਾਣਾ ਨੇ ਆਪਣੀ ਭੈਣ ਭਾਵਨਾ ਦੀ ਮੌਜੂਦਗੀ ਵਿੱਚ ਚਿਖਾ ਨੂੰ ਅਗਨੀ ਦਿੱਤੀ। ਹਰੀਸ਼ 2013 ਵਿੱਚ ਪੰਜਾਬ ਯੂਨੀਵਰਸਿਟੀ ਵਿੱਚ ਬੀ ਟੈੱਕ ਦੀ ਪੜ੍ਹਾਈ ਦੌਰਾਨ ਚੌਥੀ ਮੰਜ਼ਿਲ ਦੀ ਬਾਲਕੋਨੀ ਤੋਂ ਡਿੱਗਣ ਕਾਰਨ ਕੋਮਾ ਵਿੱਚ ਚਲਾ ਗਿਆ ਸੀ। ਸੁਪਰੀਮ ਕੋਰਟ ਦੇ ਇਤਿਹਾਸਕ ਹੁਕਮਾਂ ਤੋਂ ਬਾਅਦ ਉਸ ਦੀ ਜੀਵਨ ਰੱਖਿਅਕ ਪ੍ਰਣਾਲੀ (ਲਾਈਫ ਸਪੋਰਟ) ਹਟਾ ਦਿੱਤੀ ਗਈ ਸੀ ਅਤੇ ਮੰਗਲਵਾਰ ਨੂੰ ਉਸ ਦੀ ਮੌਤ ਹੋ ਗਈ।




# ਸਤਨਾਮ ਸਿੰਘ ਭੰਡਾਰੀ ਦੀਆਂ ਅਸਥੀਆਂ ਜਲ ਪ੍ਰਵਾਹ



**ਜਗਰਾਉਂ (ਸੰਜੀਵ ਅਰੋੜਾ)**-ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀ ਗੇਟ ਦੇ ਪ੍ਰਧਾਨ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਤੇ ਸੀਨੀਅਰ ਅਕਾਲੀ ਆਗੂ ਦੀਪਇੰਦਰ ਸਿੰਘ ਭੰਡਾਰੀ ਦੇ ਸਤਿਕਾਰਯੋਗ ਚਾਚਾ ਜੀ ਸਤਨਾਮ ਸਿੰਘ ਭੰਡਾਰੀ, ਜਿਨ੍ਹਾਂ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ। ਉਨ੍ਹਾਂ ਦਾ ਅੰਤਮ ਸੰਸਕਾਰ ਸ਼ਿਵਪੁਰੀ ਸ਼ਮਸ਼ਾਨਘਾਟ 'ਚ ਕੀਤਾ ਗਿਆ ਤੇ ਸਵੇਰੇ ਸਵ: ਸਤਨਾਮ ਸਿੰਘ ਭੰਡਾਰੀ ਦਾ ਅੱਜ ਅੰਗੀਠਾ ਸੰਭਾਲਿਆ ਗਿਆ। ਅੰਗੀਠਾ ਸੰਭਾਲਣ ਉਪਰੰਤ ਪਰਿਵਾਰਿਕ ਮੈਂਬਰ ਉਨ੍ਹਾਂ ਦੀਆਂ ਅਸਥੀਆਂ ਨੂੰ ਗੁਰਦੁਆਰਾ ਕਟਾਣਾ ਸਾਹਿਬ ਵਿਖੇ ਜਲ ਪ੍ਰਵਾਹ ਕੀਤਾ ਗਿਆ। ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਤੇ ਦੀਪਇੰਦਰ ਸਿੰਘ ਭੰਡਾਰੀ ਨੇ ਦੱਸਿਆ ਕਿ ਸਾਡਾ ਸਤਿਕਾਰਯੋਗ ਚਾਚਾ ਜੀ ਸਤਨਾਮ ਸਿੰਘ ਭੰਡਾਰੀ ਨਮਿਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ 27 ਮਾਰਚ ਨੂੰ ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀ ਗੇਟ ਵਿਖੇ ਹੋਵੇਗੀ। ਇਸ ਮੌਕੇ ਨਿਰਪਾਲ ਸਿੰਘ, ਅਮਰਜੀਤ ਸਿੰਘ ਓਬਰਾਏ, ਮਨਮੋਹਣ ਕਤਿਆਲ, ਇਸ਼ਮੀਤ ਸਿੰਘ ਭੰਡਾਰੀ, ਚਨਮੀਤ ਸਿੰਘ ਸਹਿਗਲ, ਰਿਟਾ: ਡਿਪਟੀ ਡਾਇਰੈਕਟਰ ਜਸਪਾਲ ਸਿੰਘ ਭੱਟੀ ਤੇ ਗਗਨਦੀਪ ਸਿੰਘ ਵਾਹੀਆ ਆਦਿ ਹਾਜ਼ਰ ਸਨ।

# ਡਾ. ਬਲਜੀਤ ਕੌਰ ਵੱਲੋਂ 16.25 ਕਰੋੜ ਦਾ ਵਾਟਰ ਸਪਲਾਈ ਪ੍ਰੋਜੈਕਟ ਸ਼ੁਰੂ



**ਮਲੋਟ/ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਮਲੋਟ ਹਲਕੇ ਦੀ ਵਿਧਾਇਕ ਤੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦੇ ਯਤਨਾਂ ਸਦਕਾ ਮਲੋਟ ਸ਼ਹਿਰ ਵਿੱਚ ਪੀਣ ਵਾਲੇ ਸਾਫ਼ ਪਾਣੀ ਦੀ ਸਪਲਾਈ ਨੂੰ ਹੋਰ ਮਜ਼ਬੂਤ ਕਰਨ ਵੱਲ ਇੱਕ ਵੱਡਾ ਕਦਮ ਚੁੱਕਿਆ ਗਿਆ ਹੈ।ਡਾ. ਬਲਜੀਤ ਕੌਰ ਨੇ ਦੱਸਿਆ ਕਿ ਅੰਮ੍ਰਿਤ 2 ਸਕੀਮ ਅਧੀਨ 16.25 ਕਰੋੜ ਦੀ ਲਾਗਤ ਨਾਲ ਮਲੋਟ ਸ਼ਹਿਰ ਲਈ ਵਾਟਰ ਸਪਲਾਈ ਪ੍ਰੋਜੈਕਟ ਦੀ ਅੱਜ ਸ਼ੁਰੂਆਤ ਕੀਤੀ ਗਈ ਹੈ, ਜਿਸ ਨਾਲ ਲਗਭਗ ਇੱਕ ਲੱਖ ਆਬਾਦੀ ਨੂੰ ਸਿੱਧਾ ਲਾਭ ਮਿਲੇਗਾ।ਉਨ੍ਹਾਂ ਨੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਸਰਹਿੰਦ ਫੀਡਰ 'ਤੇ ਨਵੀਂ ਪੰਪਿੰਗ ਮਸ਼ੀਨਰੀ ਲਾਈ ਜਾਵੇਗੀ ਅਤੇ ਪੁਰਾਣੀ ਤੇ ਲੀਕੇਜ ਕਾਰਨ ਖਰਾਬ ਹੋ ਚੁੱਕੀ 8300 ਮੀਟਰ ਪਾਇਪ ਲਾਈਨ ਨੂੰ ਬਦਲ ਕੇ ਨਵੀਂ ਲਾਈਨ ਵਿਛਾਈ ਜਾਵੇਗੀ।ਇਸ ਦੇ ਨਾਲ ਹੀ ਸ਼ਹਿਰ ਦੇ ਹਰ ਨੁੱਕਰ ਤੱਕ ਪਾਣੀ ਪੁਚਾਉਣ ਲਈ ਕਰੀਬ 20 ਕਿਲੋਮੀਟਰ ਨਵੀਂ ਪਾਇਪ ਲਾਈਨ ਵੀ ਵਿਛਾਈ ਜਾਵੇਗੀ।ਉਨ੍ਹਾਂ ਹੋਰ ਦੱਸਿਆ ਕਿ ਇਸ ਯੋਜਨਾ ਤਹਿਤ ਲਗਭਗ 3000 ਘਰਾਂ ਨੂੰ ਨਵੇਂ ਹਾਊਸ ਕਨੈਕਸ਼ਨ ਮੁਹੱਈਆ ਕਰਾਏ ਜਾਣਗੇ, ਜਿਸ ਨਾਲ ਲੋਕਾਂ ਨੂੰ ਸਾਫ਼ ਅਤੇ ਪੂਰੀ ਮਾਤਰਾ ਵਿੱਚ ਪੀਣ ਵਾਲਾ ਪਾਣੀ ਮਿਲੇਗਾ।ਡਾ. ਬਲਜੀਤ ਕੌਰ ਨੇ ਕਿਹਾ ਕਿ ਇਹ ਪ੍ਰੋਜੈਕਟ ਇੱਕ ਸਾਲ ਦੇ ਅੰਦਰ ਪੂਰਾ ਕਰਨ ਦਾ ਟੀਚਾ ਰੱਖਿਆ ਗਿਆ ਹੈ ਤੇ ਇਸ ਨਾਲ ਮਲੋਟ ਦੇ ਨਿਵਾਸੀਆਂ ਨੂੰ ਪਾਣੀ ਦੀ ਸਮੱਸਿਆ ਤੋਂ ਵੱਡੀ ਰਾਹਤ ਮਿਲੇਗੀ।

# ਗੁਰੂ ਗ੍ਰੰਥ ਸਾਹਿਬ ਦੇ ਆਸ਼ੀਰਵਾਦ ਨਾਲ ਕੀਤਾ ਨਵੇਂ ਸੈਸ਼ਨ ਦਾ ਆਗਾਜ਼



**ਕੋਟ ਈਸੇ ਖਾਂ (ਅਰੋੜਾ)**-ਪਾਥਵੇਅਜ ਗਲੋਬਲ ਸਕੂਲ ਵਿਖੇ ਚੇਅਰਮੈਨ ਸੁਰਜੀਤ ਸਿੰਘ ਸਿੱਧੂ, ਪ੍ਰਜੀਡੈਂਟ ਡਾ. ਅਨਿਲਜੀਤ ਕੰਬੋਜ਼, ਵਾਈਸ ਚੇਅਰਮੈਨ ਅਵਤਾਰ ਸਿੰਘ ਸੌਂਦ, ਪ੍ਰਿੰਸੀਪਲ ਸ੍ਰੀ ਅਰਵਿੰਦ ਕੁਮਾਰ ਸ਼ਰਮਾ ਦੀ ਅਗਵਾਈ ਵਿੱਚ ਨਵੇਂ ਸੈਸ਼ਨ 2026-27 ਦੀ ਆਰੰਭਤਾ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੀ ਪਾਵਨਮਈ ਗੁਰਬਾਨੀ ਨਾਲ ਕੀਤੀ ਗਈ।ਇਸ ਸਮੇਂ ਸਾਰੇ ਹੀ ਅਧਿਆਪਕਾਂ ਸਮੇਤ, ਨਰਸਰੀ ਕਲਾਸ ਤੋਂ ਬਾਰ੍ਹਵੀਂ ਕਲਾਸ ਤੱਕ ਦੇ ਬੱਚਿਆਂ ਨੇ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਕੇ ਪਾਵਨਮਈ ਗੁਰਬਾਨੀ ਨੂੰ ਸਰਵਣ ਕੀਤਾ।ਪਾਠ ਤੋਂ ਉਪਰੰਤ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਸਕੂਲ ਦੀ ਤਰੱਕੀ, ਚੜ੍ਹਦੀ ਕਲਾ ਤੇ ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਅਰਦਾਸ ਕੀਤੀ ਗਈ ।ਪ੍ਰਿੰਸੀਪਲ ਨੇ ਬੱਚਿਆਂ ਨੂੰ ਸੰਬੋਧਿਤ ਕਰਦੇ ਹੋਏ ਆਪਣੇ ਸਾਰੇ ਕੰਮ ਸਮੇਂ ਸਿਰ ਕਰਨ, ਸਮੇਂ ਦੀ ਕਦਰ ਕਰਨ ਅਤੇ ਮਾਤਾ-ਪਿਤਾ ਦੇ ਆਗਿਆਕਾਰੀ ਬਣਨ ਲਈ ਪ੍ਰੇਰਿਆ।ਉਨ੍ਹਾਂ ਕਿਹਾ ਕਿ ਸਭ ਬੱਚਿਆਂ ਨੂੰ ਪਹਿਲੇ ਦਿਨ ਤੋਂ ਹੀ ਆਪਣੀ ਪੜ੍ਹਾਈ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ ਤਾਂ ਜੁ ਉਹ ਸਮੇਂ ਸਿਰ ਆਪਣਾ ਸਿਲੇਬਸ ਪੂਰਾ ਕਰ ਸਕਣ ਅਤੇ ਇਮਤਿਹਾਨਾਂ ਵਿਚ ਮੱਲਾਂ ਮਾਰ ਸਕਣ।ਪਾਥਵੇਜ ਵੱਲੋਂ ਨਰਸਰੀ ਕਲਾਸ ਦੇ ਪਹਿਲੇ 100 ਵਿਦਿਆਰਥੀਆਂ ਨੂੰ ਫਰੀ ਕਿਤਾਬਾਂ ਦਿੱਤੀਆਂ ਜਾ ਰਹੀਆਂ ਹਨ।

# ਐਸ ਪੀ ਐੱਸ ਹਸਪਤਾਲ 'ਚ ਮਨਾਇਆ ਵਿਸ਼ਵ ਟੀ ਬੀ ਦਿਵਸ



**ਸਮਰਾਲਾ (ਸੁਰਜੀਤ ਸਿੰਘ)**-ਟੀ ਬੀ ਵਰਗੀ ਭਿਆਨਕ ਬਿਮਾਰੀ ਦੇ ਖਿਲਾਫ ਜਨਤਾ ਵਿਚ ਜਾਗਰੂਕਤਾ ਪੈਦਾ ਕਰਨ ਦੇ ਮਨਸੂਬੇ ਨਾਲ ਐਸ ਪੀ ਐੱਸ ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਜੈ ਸਿੰਘ ਸੰਧੂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਹਸਪਤਾਲ ਵਿਚ ਵਿਸ਼ਵ ਟੀ ਬੀ ਦਿਵਸ ਮਨਾਇਆ ਗਿਆ।ਹਸਪਤਾਲ ਦੇ ਸੀ.ਈ.ਓ ਯੋਗਿੰਦਰ ਨਾਥ ਅਵਧਿਆ ਨੇ ਦੱਸਿਆ ਕਿ ਟੀ.ਬੀ ਦੀ ਬਿਮਾਰੀ ਦੇ ਵਿਰੁੱਧ ਆਮ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਲਈ ਹਰ ਸਾਲ 24 ਮਾਰਚ ਨੂੰ ਦੁਨੀਆ ਭਰ ਵਿਚ ਟੀ.ਬੀ ਦਿਵਸ ਮਨਾਇਆ ਜਾਂਦਾ ਹੈ।ਹਸਪਤਾਲ ਦੇ ਛਾਤੀ ਦੇ ਰੋਗਾਂ ਦੇ ਮਾਹਿਰ ਡਾਕਟਰ ਰਾਜਿੰਦਰ ਗੋਇਲ ਨੇ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਨੂੰ ਇੱਕ ਮਹੀਨੇ ਤੱਕ ਖੰਘ ਨਹੀਂ ਹੱਟਦੀ ਤਾਂ ਉਸਦੀ ਜਾਂਚ ਲਾਜ਼ਮੀ ਕਰਾਉਣੀ ਚਾਹੀਦੀ ਹੈ।ਡਾਕਟਰ ਕੀਰਤ ਕੌਰ ਸਿਬੀਆ ਨੇ ਦੱਸਿਆ ਕਿ ਟੀ.ਬੀ ਦੀ ਬਿਮਾਰੀ ਦਾ ਇਲਾਜ ਹੁਣ ਸੰਭਵ ਹੈ।ਡਾਕਟਰ ਵਰਿੰਦਰ ਸਿੰਘ ਨੇ ਕਿਹਾ ਕਿ ਇਸ ਬਿਮਾਰੀ ਦੀ ਦਵਾਈ ਲਗਾਤਾਰ 6 ਮਹੀਨੇ ਤਕ ਖਾਣ ਨਾਲ ਬਿਮਾਰੀ ਤੋਂ ਰਾਹਤ ਮਿਲਦੀ ਹੈ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕੇ ਦੇ ਅਹੁਦੇਦਾਰਾਂ ਦਾ ਐਲਾਨ



**ਨਾਭਾ (ਵਰਿੰਦਰ ਵਰਮਾ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕੇ ਦੇ ਅਹੁਦੇਦਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ, ਸਹਿਰੀ ਬਲਾਕ ਪ੍ਰਧਾਨ ਗੁਰਸੇਵਕ ਸਿੰਘ ਗੋਲੂ ਤੇ ਜਥੇਦਾਰ ਬਲਤੇਜ ਸਿੰਘ ਖੋਖ ਨੇ ਕਿਹਾ ਕਿ ਪਾਰਟੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਹਲਕੇ ਦੇ ਸ਼ਹਿਰ ਤੇ ਪਿੰਡਾਂ ਦੇ ਪਾਰਟੀ ਪ੍ਰਤੀ ਇਮਾਨਦਾਰੀ ਤੇ ਮਿਹਨਤ ਨਾਲ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਅਹੁਦੇਦਾਰੀਆਂ ਨਾਲ ਨਿਵਾਜ਼ਿਆ ਗਿਆ। ਨਵਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਲਾਲਕਾ ਤੇ ਗੋਲੂ ਨੇ ਕਿਹਾ ਕਿ ਜੋ ਵਰਕਰ ਪਾਰਟੀ ਲਈ ਮਿਹਨਤ ਕਰਦਾ ਹੈ, ਉਸ ਨੂੰ ਪਾਰਟੀ ਵੱਲੋਂ ਹਮੇਸ਼ਾ ਹੀ ਉਸ ਦੀ ਮਿਹਨਤ ਦਾ ਮੁੱਲ ਮੋੜਿਆ ਜਾਂਦਾ ਹੈ, ਜਿਸ ਕਰਕੇ ਇਹ ਅਹੁਦੇਦਾਰੀਆਂ ਦਾ ਐਲਾਨ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਨਵੇਂ ਬਣਾਏ ਗਏ ਸਰਪ੍ਰਸਤਾਂ ਵਿੱਚ ਸਾਬਕਾ ਚੇਅਰਮੈਨ ਗੁਰਦਿਆਲ ਇੰਦਰ ਸਿੰਘ ਬਿੱਲੂ, ਐਡਵੋਕੇਟ ਨੰਦ ਸਿੰਘ, ਜਸਪਾਲ ਜਨੇਜਾ ਤੇ ਅਸ਼ੋਕ ਬਾਂਸਲ ਦੇ ਨਾਂਅ ਸ਼ਾਮਲ ਹਨ।ਉਨ੍ਹਾਂ ਕਿਹਾ ਕਿ ਸੀਨੀਅਰ ਮੀਤ ਪ੍ਰਧਾਨ ਅਮਰੀਕ ਸਿੰਘ ਚੌਹਾਨ, ਅਸ਼ੋਕ ਕੁਮਾਰ ਗਰਗ, ਅਜੈਪਾਲ ਸਿੰਘ, ਰਣਧੀਰ ਸਿੰਘ, ਬੁੱਧ ਰਾਮ, ਜਗਜੀਤ ਸਿੰਘ ਕਿੰਗ, ਸੁਰਿੰਦਰਜੀਤ ਸਿੰਘ ਚੌਹਾਨ, ਜਗਤਾਰ ਸਿੰਘ, ਗੁਰਮੀਤ ਸਿੰਘ, ਬਬਲੂ ਚੌਹਾਨ ਦਾ ਨਾਮ ਸ਼ਾਮਲ ਹੈ ਜਦੋਂ ਕਿ ਮੀਤ ਪ੍ਰਧਾਨ ਰਵਿੰਦਰ ਸ਼ਰਮਾ, ਇੰਦਰ ਸਿੰਘ, ਕੁਲਵੰਤ ਸਿੰਘ, ਸੰਜੇ ਕੁਮਾਰ, ਪਵਨ ਕੁਮਾਰ, ਲਖਵੀਰ ਸਿੰਘ, ਸੁਰੇਸ਼ ਕੁਮਾਰ, ਬੱਬੂ ਵੈਦ, ਕਾਬਲ ਸਿੰਘ, ਪਰਮਜੀਤ ਸਿੰਘ ਚੌਹਾਨ, ਆਸ਼ੀਸ਼ ਜ਼ਖ਼ਮੀ ਤੋਂ ਇਲਾਵਾ ਜਨਰਲ ਸਕੱਤਰ ਸੋਨਾ ਰਾਮ ਲਾਲਕਾ, ਲੱਡੂ ਲਾਲ, ਪੰਕਜ ਜਿੰਦਲ, ਪਵਨ ਕੁਮਾਰ ਕ੍ਰਾਂਤੀ, ਯੁਵਰਾਜ ਬਾਵਾ ਨੂੰ ਨਿਯੁਕਤ ਕੀਤਾ ਗਿਆ ਹੈ।ਬੂਥ ਪੱਧਰ ਪਾਰਟੀ ਨੂੰ ਹੋਰ ਮਜਬੂਤ ਕੀਤਾ ਜਾਵੇਗਾ ਤਾਂ ਜੁ 2027 ਦੀਆਂ ਚੋਣਾਂ ਵਿੱਚ ਮਜਬੂਤ ਪਾਰਟੀ ਦੇ ਉਮੀਦਵਾਰ ਵੱਡੀ ਲੀਡ ਨਾਲ ਜਿੱਤ ਕੇ ਸਰਕਾਰ ਬਣਾ ਸਕਣ।

# ਸ਼ਹੀਦੀ ਦਿਹਾੜੇ ਨੂੰ ਸਮਰਪਤ ਸਾਮਰਾਜ ਵਿਰੋਧੀ ਦਿਵਸ ਮਨਾਇਆ



**ਕੋਟਕਪੂਰਾ (ਰਛਪਾਲ ਭੁੱਲਰ)**
ਸੰਯੁਕਤ ਕਿਸਾਨ ਮੋਰਚੇ ਦੇ ਉਲੇਕੇ ਹੋਏ ਪ੍ਰੋਗਰਾਮ ਦੀ ਲੜੀ ਦੇ ਤਹਿਤ ਭਗਤ ਸਿੰਘ ਪਾਰਕ ਫਰੀਦਕੋਟ ਵਿਖੇ ਸ਼ਹੀਦੇ ਆਜ਼ਮ ਭਗਤ ਸਿੰਘ ਤੇ ਸਾਥੀਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਸਾਮਰਾਜ ਵਿਰੋਧੀ ਦਿਵਸ ਦੇ ਤੌਰ 'ਤੇ ਮਨਾਇਆ ਗਿਆ ਤੇ ਆਜ਼ਾਦੀ ਖਾਤਰ ਕੁਰਬਾਨ ਹੋਏ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਭਾਈ ਕਨੱਈਆ ਚੌਂਕ ਤੱਕ ਲੋਕ ਵਿਰੋਧੀ ਨੀਤੀਆਂ ਖਿਲਾਫ ਮਾਰਚ ਕੀਤਾ ਗਿਆ।ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਆਗੂਆਂ ਵੱਲੋਂ ਸਾਮਰਾਜੀ ਮੁਲਕਾਂ ਵੱਲੋਂ ਇਰਾਨ ਉੱਤੇ ਕੀਤੇ ਹਮਲੇ ਦੀ ਸਖਤ ਨਿਖੇਧੀ ਕਰਦਿਆਂ ਸਾਮਰਾਜ ਵਿਰੋਧੀ ਹਮਲਿਆਂ ਖਿਲਾਫ ਇਕਜੁਟ ਹੋਣ ਦਾ ਸੱਦਾ ਦਿੱਤਾ ਗਿਆ।ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਸਾਡੀ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਲੋਕਾਂ ਦੀ ਲਾਮਬੰਦੀ ਤੇਜ਼ ਕਰਨੀ, ਬਰਾਬਰਤਾ ਦਾ ਸਮਾਜ ਸਿਰਜਣਾ, ਜਿਸ ਵਿੱਚ ਕੋਈ ਜਾਤ-ਪਾਤ ਮਜ਼ਹਬ ਦਾ ਮਸਲਾ ਨਾ ਹੋਵੇ, ਲੋਕਾਂ ਦੀ ਤਰੱਕੀ ਵਾਸਤੇ ਵੱਡੀ ਇਕੱਤਰਤਾ ਕਰਨੀ ਤੇ ਸਾਮਰਾਜ ਦੇ ਹੱਲਿਆਂ ਦਾ ਮੂੰਹ ਤੋੜਵਾਂ ਜਵਾਬ ਦੇਣਾ।ਕੇਂਦਰ ਦੀ ਮੋਦੀ ਸਰਕਾਰ ਵੱਲੋਂ ਜੋ ਪਿਛਲੇ ਦਿਨੀਂ ਅਮਰੀਕਾ ਦੇ ਨਾਲ ਟਰੇਡ ਸਮਝੌਤਾ ਕਰਕੇ ਲੋਕਾਂ ਉਪਰ ਲੋਕ ਮਾਰੂ ਨੀਤੀਆਂ ਥੋਪੀਆਂ ਜਾ ਰਹੀਆਂ ਹਨ, ਉਨ੍ਹਾਂ ਨੂੰ ਤੁਰੰਤ ਬੰਦ ਕਰਾਉਣਾ, ਬਿਜਲੀ ਸੋਧ ਬਿੱਲ 25 ਤੇ ਬੀਜ ਸੋਧ ਬਿੱਲ 25 ਰੱਦ ਕਰਾਉਣਾ, ਨਰੇਗਾ ਕਾਨੂੰਨ ਬਹਾਲ ਕਰਾਉਣਾ, ਚਾਰ ਲੇਬਰ ਕੋਡ ਰੱਦ ਕਰਾਉਣੇ ਆਦਿ ਮੰਗਾਂ ਨੂੰ ਲੈ ਕੇ ਲੋਕਾਂ ਨੂੰ ਲਾਮਬੰਦ ਕਰਨਾ।ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਿਲ ਕਿਸਾਨ, ਮੁਲਾਜ਼ਮ, ਮਜ਼ਦੂਰ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ, ਕੌਮੀ ਕਿਸਾਨ ਯੂਨੀਅਨ, ਕਿਰਤੀ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਡਕਾਉਂਦਾ ਧਨੇਰ, ਜਮਹੂਰੀ ਕਿਸਾਨ ਸਭਾ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ, ਭਾਰਤੀ ਕਿਸਾਨ ਯੂਨੀਅਨ ਏਕਤਾ ਮਾਲਵਾ, ਕੁੱਲ ਹਿੰਦ ਕਿਸਾਨ ਸਭਾ, ਭਾਰਤੀ ਕਿਸਾਨ ਯੂਨੀਅਨ ਕਾਦੀਆਂ, ਭਾਰਤੀ ਕਿਸਾਨ ਯੂਨੀਅਨ ਪੰਜਾਬ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬੁਰਜ ਗਿੱਲ, ਨਰੇਗਾ ਯੂਨੀਅਨ, ਦਿਹਾਤੀ ਮਜ਼ਦੂਰ ਸਭਾ, ਪਸਸਫ 1406 ਫ਼ਰੀਦਕੋਟ, ਪਸਸਫ 1680 ਫਰੀਦਕੋਟ, ਪੀ.ਆਰ.ਟੀ.ਸੀ. ਯੂਨੀਅਨ ਆਜ਼ਾਦ, ਟੈਕਨੀਕਲ ਸਰਵਿਸਿਜ਼ ਯੂਨੀਅਨ, ਪੰਜਾਬ ਪੈਨਸ਼ਨਰ ਯੂਨੀਅਨ ਏਟਕ ਸ਼ਾਮਲ ਹੋਈਆਂ।ਅੰਤ ਤਰਨਤਾਰਨ ਵਿਖੇ ਬੀਤੇ ਦਿਨੀਂ ਵੇਅਰਹਾਊਸ ਦੇ ਡੀ.ਐਮ. ਗਗਨਦੀਪ ਸਿੰਘ ਰੰਧਾਵਾ ਵੱਲੋਂ ਕੀਤੀ ਗਈ ਖੁਦਕਸ਼ੀ 'ਤੇ ਦੁੱਖ ਪ੍ਰਗਟ ਕਰਦਿਆਂ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਕੇ ਦੋਸ਼ੀਆਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤੇ ਪੀੜਤ ਪਰਵਾਰ ਨੂੰ ਇਨਸਾਫ਼ ਦਿਵਾਇਆ ਜਾਵੇ।

# ਪੁਲਸ ਕਰਮਚਾਰੀਆਂ ਨੂੰ ਡੀ ਜੀ ਪੀ ਪ੍ਰਸੰਸਾ ਡਿਸਕਾਂ ਨਾਲ ਨਿਵਾਜਿਆ



**ਦੋਰਾਹਾ (ਹਰਮਿੰਦਰ ਸੇਠ)**-ਖੰਨਾ ਪੁਲਸ ਵਿੱਚ ਡਿਊਟੀ ਪ੍ਰਤੀ ਸਮਰਪਣ ਤੇ ਇਮਾਨਦਾਰੀ ਨਾਲ ਸੇਵਾ ਨਿਭਾਉਣ ਵਾਲੇ ਪੁਲਿਸ ਕ੍ਰਮਚਾਰੀਆਂ ਨੂੰ ਸਨਮਾਨਤ ਕਰਨ ਲਈ ਵਿਸ਼ੇਸ਼ ਸਮਾਰੋਹ ਦਾ ਆਯੋਜਨ ਕੀਤਾ ਗਿਆ।ਐੱਸ.ਐੱਸ.ਪੀ. ਖੰਨਾ ਡਾ. ਦਰਪਨ ਕੌਰ ਆਹਲੂਵਾਲੀਆ ਵੱਲੋਂ ਫਰਜ਼ ਨਿਭਾਉਣ ਵਾਲਿਆਂ ਦਾ ਸਨਮਾਨ ਤਹਿਤ ਚੁਣੇ ਹੋਏ ਕ੍ਰਮਚਾਰੀਆਂ ਨੂੰ ਡੀ.ਜੀ.ਪੀ ਪ੍ਰਸੰਸਾ ਡਿਸਕਾਂ ਨਾਲ ਨਿਵਾਜਿਆ ਗਿਆ।ਐੱਸ.ਐੱਸ.ਪੀ. ਨੇ ਕਿਹਾ ਕਿ ਪੁਲਸ ਵਿਭਾਗ ਦੀ ਮਜਬੂਤੀ ਉਸਦੇ ਕ੍ਰਮਚਾਰੀਆਂ ਦੀ ਇਮਾਨਦਾਰੀ, ਅਨੁਸ਼ਾਸਨ ਤੇ ਡਿਊਟੀ ਪ੍ਰਤੀ ਨਿਭਾਏ ਜਾ ਰਹੇ ਫ਼ਰਜ਼ਾਂ 'ਤੇ ਨਿਰਭਰ ਕਰਦੀ ਹੈ।ਉਨ੍ਹਾਂ ਕਿਹਾ ਕਿ ਜਿਹੜੇ ਕ੍ਰਮਚਾਰੀ ਆਪਣੇ ਕੰਮ ਵਿੱਚ ਨਿਸ਼ਠਾ ਅਤੇ ਲਗਨ ਨਾਲ ਕੰਮ ਕਰਦੇ ਹਨ, ਉਹ ਸਿਰਫ਼ ਵਿਭਾਗ ਹੀ ਨਹੀਂ ਸਗੋਂ ਸਮਾਜ ਲਈ ਵੀ ਪ੍ਰੇਰਣਾ ਦਾ ਸਰੋਤ ਬਣਦੇ ਹਨ।ਉਨ੍ਹਾਂ ਨੇ ਹੋਰ ਕਿਹਾ ਕਿ ਡੀ.ਜੀ.ਪੀ ਪ੍ਰਸੰਸਾ ਡਿਸਕ ਸਿਰਫ਼ ਇੱਕ ਸਨਮਾਨ ਨਹੀਂ, ਸਗੋਂ ਇਹ ਉਨ੍ਹਾਂ ਕਰਮਚਾਰੀਆਂ ਦੀ ਸਖ਼ਤ ਮਿਹਨਤ, ਬਿਹਤਰੀਨ ਪ੍ਰਦਰਸ਼ਨ ਅਤੇ ਸੇਵਾ ਪ੍ਰਤੀ ਵਚਨਬੱਧਤਾ ਦੀ ਮਾਨਤਾ ਹੈ। ਐੱਸ.ਐੱਸ.ਪੀ. ਡਾ. ਦਰਪਨ ਕੌਰ ਆਹਲੂਵਾਲੀਆ ਨੇ ਦੱਸਿਆ ਕਿ ਖੰਨਾ ਪੁਲਸ ਆਪਣੇ ਕ੍ਰਮਚਾਰੀਆਂ ਦੀ ਵਫ਼ਾਦਾਰੀ ਅਤੇ ਜ਼ਿੰਮੇਵਾਰੀ ਦੀ ਹਮੇਸ਼ਾਂ ਕਦਰ ਕਰਦੀ ਆ ਰਹੀ ਹੈ ਤੇ ਭਵਿੱਖ ਵਿੱਚ ਵੀ ਇਮਾਨਦਾਰੀ ਅਤੇ ਨਿਸ਼ਠਾ ਨਾਲ ਸੇਵਾ ਨਿਭਾਉਣ ਵਾਲਿਆਂ ਨੂੰ ਇਸੇ ਤਰ੍ਹਾਂ ਸਨਮਾਨਤ ਕੀਤਾ ਜਾਂਦਾ ਰਹੇਗਾ।

# ਅਮਿਤ ਸ਼ਰਮਾ ਦੂਜੀ ਵਾਰ ਜ਼ਿਲ੍ਹਾ ਪ੍ਰੈਸ ਕਲੱਬ ਦੇ ਪ੍ਰਧਾਨ ਚੁਣੇ

**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਜ਼ਿਲ੍ਹਾ ਪ੍ਰੈਸ ਕਲੱਬ (ਪ੍ਰਿੰਟ ਮੀਡੀਆ) ਦੀ ਜ਼ਿਲ੍ਹਾ ਪੱਧਰੀ ਮੀਟਿੰਗ ਕਲੱਬ ਦੇ ਚੇਅਰਮੈਨ ਜਸਵੰਤ ਸਿੰਘ ਪੁਰਬਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਲੋਕਤੰਤਰੀ ਪ੍ਰਕਿਰਿਆ ਰਾਹੀਂ ਹੋਈ ਚੋਣ ਵਿੱਚ ਅਮਿਤ ਸ਼ਰਮਾ ਨੂੰ ਭਾਰੀ ਬਹੁਮਤ ਨਾਲ ਲਗਾਤਾਰ ਦੂਜੀ ਵਾਰ ਅਗਲੇ ਦੋ ਸਾਲਾਂ ਲਈ ਜ਼ਿਲ੍ਹਾ ਪ੍ਰਧਾਨ ਚੁਣ ਲਿਆ ਗਿਆ।ਪ੍ਰਧਾਨਗੀ ਦੀ ਚੋਣ ਲਈ ਵੋਟਿੰਗ ਸਮੂਹ ਪੱਤਰਕਾਰਾਂ ਦੀ ਹਾਜ਼ਰੀ 'ਚ ਬੜੇ ਪਾਰਦਰਸ਼ੀ ਢੰਗ ਨਾਲ ਕਰਾਈ ਗਈ। ਚੋਣ ਨਤੀਜਿਆਂ ਦਾ ਐਲਾਨ ਕਰਦਿਆਂ ਚੇਅਰਮੈਨ ਜਸਵੰਤ ਸਿੰਘ ਪੁਰਬਾ ਨੇ ਦੱਸਿਆ ਕਿ ਅਮਿਤ ਸ਼ਰਮਾ ਨੂੰ ਪੱਤਰਕਾਰ ਭਾਈਚਾਰੇ ਦਾ ਭਰਪੂਰ ਸਮਰਥਨ ਹਾਸਲ ਹੋਇਆ ਹੈ।ਉਨ੍ਹਾਂ ਉਮੀਦ ਪ੍ਰਗਟਾਈ ਕਿ ਨਵੀਂ ਟੀਮ ਪੱਤਰਕਾਰਾਂ ਦੀਆਂ ਮੁਸ਼ਕਲਾਂ ਦੇ ਹੱਲ ਅਤੇ ਉਨ੍ਹਾਂ ਦੇ ਹਿੱਤਾਂ ਲਈ ਪਹਿਲਾਂ ਵਾਂਗ ਹੀ ਡਟ ਕੇ ਕੰਮ ਕਰੇਗੀ।ਜਿੱਤ ਤੋਂ ਬਾਅਦ ਪੱਤਰਕਾਰ ਸਾਥੀਆਂ ਦਾ ਧੰਨਵਾਦ ਕਰਦਿਆਂ ਅਮਿਤ ਸ਼ਰਮਾ ਨੇ ਕਿਹਾ ਕਿ ਇਹ ਮੇਰੀ ਨਿੱਜੀ ਜਿੱਤ ਨਹੀਂ, ਸਗੋਂ ਸਮੁੱਚੇ ਪੱਤਰਕਾਰ ਭਾਈਚਾਰੇ ਦੀ ਏਕਤਾ ਦੀ ਜਿੱਤ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਉਹ ਕਲੱਬ ਦੀ ਮਜ਼ਬੂਤੀ ਲਈ ਪੂਰੀ ਇਮਾਨਦਾਰੀ ਨਾਲ ਕੰਮ ਕਰਨ ।ਮੀਟਿੰਗ ਵਿੱਚ ਹਰਪ੍ਰੀਤ ਚਾਨਾ, ਪਰਵਿੰਦਰ ਅਰੋੜਾ, ਹਰਮਿੰਦਰ ਮਿੰਢਾ, ਪ੍ਰਦੀਪ ਚਾਵਲਾ, ਜਗਦੀਸ਼ ਸਹਿਗਲ, ਨਰਿੰਦਰ ਬੈਹੜ, ਭੋਲਾ ਸ਼ਰਮਾ, ਤਰਸੇਮ ਚਾਨਾ, ਸਤੀਸ਼ ਬਾਗੀ, ਮਨਪ੍ਰੀਤ ਸਿੰਘ, ਜਤਿੰਦਰ ਕੁਮਾਰ, ਪ੍ਰਦੀਪ ਗਰਗ, ਵਿਕਾਸ ਗਰਗ, ਡਾ. ਰਣਜੀਤ ਸਿੰਘ ਤੇ ਗੁਰਪ੍ਰੀਤ ਪੱਕਾ ਸ਼ਾਮਲ ਸਨ।



# ਮੁੱਖ ਮੰਤਰੀ ਸਿਹਤ ਯੋਜਨਾ ਪੰਜਾਬੀਆਂ ਲਈ ਵਰਦਾਨ ਸਾਬਤ ਹੋਈ : ਡਾ. ਬਲਬੀਰ ਸਿੰਘ



**ਪਟਿਆਲਾ** : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦੀ ਨਿਵੇਕਲੀ ਸਕੀਮ 'ਮੁੱਖ ਮੰਤਰੀ ਸਿਹਤ ਯੋਜਨਾ' ਪੰਜਾਬੀਆਂ ਲਈ ਵਰਦਾਨ ਸਾਬਤ ਹੋ ਰਹੀ ਹੈ।ਇੱਥੇ ਪੰਜਾਬ ਸਰਕਾਰ ਦੀਆਂ ਸਿਹਤ ਖੇਤਰ 'ਚ 4 ਸਾਲਾਂ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਸਿਹਤ ਮੰਤਰੀ ਨੇ ਦੱਸਿਆ ਕਿ ਇਸ ਸਕੀਮ ਤਹਿਤ ਹੁਣ ਤੱਕ 1.60 ਲੱਖ ਲੋਕਾਂ ਨੇ 191 ਕਰੋੜ ਰੁਪਏ ਦਾ ਮੁਫ਼ਤ ਇਲਾਜ ਕਰਵਾਇਆ ਹੈ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪੰਜਾਬ ਦੇ ਸਿਹਤ ਮਾਡਲ ਦੀ ਦੇਸ਼ ਦੇ ਬਾਕੀ ਰਾਜਾਂ 'ਚ ਕਾਪੀ ਹੋਣ ਲੱਗੀ ਹੈ।ਸਿਹਤ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 65 ਲੱਖ ਪਰਵਾਰਾਂ ਤੇ 3 ਕਰੋੜ ਲੋਕਾਂ ਦੇ ਸਿਹਤ ਕਾਰਡ ਬਣਨੇ ਹਨ, ਜਿਨ੍ਹਾਂ 'ਚੋਂ ਹੁਣ ਤੱਕ 25 ਲੱਖ ਕਾਰਡ ਬਣ ਚੁੱਕੇ ਹਨ ਤੇ ਉਹ ਸਭ ਲੋਕਾਂ ਨੂੰ ਅਪੀਲ ਕਰਦੇ ਹਨ ਕਿ ਉਹ ਕਿਸੇ ਬਿਮਾਰੀ ਦੀ ਉਡੀਕ ਕਰਨ ਦੀ ਬਜਾਇ ਪਹਿਲਾਂ ਹੀ ਆਪਣੇ ਇਹ ਕਾਰਡ ਬਣਵਾ ਲੈਣ।ਮੈਡੀਕਲ ਸਿੱਖਿਆ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਰਾਜ ਅੰਦਰ 9 ਹੋਰ ਨਵੇਂ ਮੈਡੀਕਲ ਕਾਲਜ ਬਣ ਰਹੇ ਹਨ, ਜਿਨ੍ਹਾਂ 'ਚੋਂ ਪਹਿਲਾਂ ਹੀ ਚਾਲੂ ਗਿਮਟ ਫ਼ਤਿਹਗੜ੍ਹ ਸਾਹਿਬ, ਈ ਐੱਸਆਈ ਲੁਧਿਆਣਾ ਸਮੇਤ ਹੁਸ਼ਿਆਰਪੁਰ, ਕਪੂਰਥਲਾ, ਸੰਗਰੂਰ, ਸ਼ਹੀਦ ਭਗਤ ਸਿੰਘ ਨਗਰ, ਲਹਿਰਾਗਾਗਾ, ਮਲੇਰਕੋਟਲਾ ਤੇ ਲੁਧਿਆਣਾ ਵਿਖੇ ਬਣਨ ਵਾਲੇ ਮੈਡੀਕਲ ਕਾਲਜਾਂ 'ਚ 600 ਨਵੀਂਆਂ ਐੱਮ ਬੀ ਬੀ ਐੱਸ ਸੀਟਾਂ ਸ਼ਾਮਲ ਹੋਣਗੀਆਂ।

ਜਦਕਿ ਮੈਡੀਕਲ ਸਿੱਖਿਆ ਵਿਭਾਗ ਵਿੱਚ ਮਨੁਖੀ ਸਰੋਤ ਦੀ ਕਮੀ ਦੂਰ ਕੀਤੀ ਗਈ ਹੈ ਤੇ ਪ੍ਰੋਫੈਸਰਾਂ ਨੂੰ ਤਰੱਕੀਆਂ ਦਿੱਤੀਆਂ ਗਈਆਂ ਹਨ।

# ਮਹਿੰਦਰਾ ਕਾਲਜ ਦੇ ਚੌਥਾ ਦਰਜਾ ਕਰਮਚਾਰੀਆਂ ਵੱਲੋਂ ਗੇਟ ਰੈਲੀ




**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਸਬ ਕਮੇਟੀ ਮਹਿੰਦਰਾ ਕਾਲਜ ਪਟਿਆਲਾ ਦੀ ਇੱਕ ਗੇਟ ਰੈਲੀ ਮਹਿੰਦਰਾ ਕਾਲਜ ਦੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲੈ ਕੇ ਕੀਤੀ ਗਈ। ਇਹ ਰੈਲੀ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਦੇ ਨਿਰਦੇਸ਼ਾਂ ਅਨੁਸਾਰ ਕੀਤੀ ਗਈ। ਇਸ ਰੈਲੀ ਦਾ ਨੋਟਿਸ 15 ਦਿਨ ਪਹਿਲਾਂ ਹੀ ਦੇ ਦਿੱਤਾ ਗਿਆ ਸੀ ਪਰ ਕਾਲਜ ਵਲੋਂ ਕੋਈ ਵੀ ਗੌਰ ਨਹੀਂ ਕੀਤੀ ਗਈ।

ਮੁਲਾਜ਼ਮਾਂ ਦੀਆਂ ਮੰਗਾਂ ਕੰਪਨੀ ਵਲੋਂ ਭਰਤੀ ਨਾ ਕੀਤੀ ਜਾਵੇ, ਵਰਦੀਆਂ ਜਾਰੀ ਕੀਤੀਆਂ ਜਾਣ, ਅਨੇਕਾਂ ਮੰਗਾਂ ਹਨ। ਇਸ ਗੇਟ ਰੈਲੀ ਵਿੱਚ ਜ਼ਿਲ੍ਹਾ ਆਗੂ ਸਾਥੀ ਜੋ ਸ਼ਾਮਲ ਹੋਏ ਉਹਨਾਂ ਵਿਚੋਂ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਰਾਮ ਪ੍ਰਸਾਦ ਸਹੋਤਾ, ਸ਼ਿਵ ਚਰਨ ਪੈਨਸ਼ਨਰ ਪ੍ਰਧਾਨ ਰਾਮ ਜੋਧਾ, ਸੁਨੀਲ ਦੱਤ, ਲਖਵਿੰਦਰ ਸਿੰਘ, ਰੈਲੀ ਦੀ ਅਗਵਾਈ ਕਰਦੇ ਸ਼ਹਿਰੀ ਪ੍ਰਧਾਨ ਰਾਮ ਲਾਲ ਰਾਮਾ, ਅਮਰ ਨਾਥ, ਬਲਜਿੰਦਰ, ਮੁਕੰਦ, ਸੁਖਦੇਵ ਸਿੰਘ, ਸੋਨਿਆ, ਪ੍ਰਮਿਲਾ, ਰਾਜ ਰਾਣੀ, ਹਰਪ੍ਰੀਤ ਵਰਿੰਦਰ ਰਾਜਪੁਰਾ ਆਦਿ ਹਾਜ਼ਰ ਸਨ।

## ਸਫਾ 1 ਦਾ ਬਾਕੀ...

### ਮੋਦੀ ਦਾ ਦਾਅਵਾ...

ਸਗੋਂ ਘੋਰ ਗੈਰ-ਜ਼ਿੰਮੇਵਾਰਾਨਾ ਵੀ ਹੈ। ਵੱਖ-ਵੱਖ ਰਾਜਾਂ ਵਿੱਚ ਜ਼ਮੀਨੀ ਹਕੀਕਤ ਵਧ ਰਹੀਆਂ ਲਾਗਤਾਂ, ਐੱਲ ਪੀ ਜੀ ਅਤੇ ਐੱਲ ਐੱਨ ਜੀ ਦੀ ਸਪਲਾਈ ਵਿੱਚ ਕਮੀ ਅਤੇ ਕਿਸਾਨਾਂ ਤੇ ਮਜ਼ਦੂਰਾਂ ਵਿੱਚ ਵਧ ਰਹੀ ਪਰੇਸ਼ਾਨੀ ਨੂੰ ਦਰਸਾਉਂਦੀ ਹੈ। ਇਸ ਸੰਕਟ ਤੋਂ ਇਨਕਾਰ ਕਰਨਾ ਧੋਖੇਬਾਜ਼ੀ ਅਤੇ ਬੇਈਮਾਨੀ ਹੈ। ਸੰਕਟ ਨੂੰ ਲੁਕਾਉਣ ਨਾਲ ਮਿਹਨਤਕਸ਼ ਲੋਕਾਂ ਦੀਆਂ ਤਕਲੀਫਾਂ ਹੋਰ ਵਧਣਗੀਆਂ।ਮਜ਼ਦੂਰ ਵਰਗ ਅਤੇ ਕਿਸਾਨ ਪਹਿਲਾਂ ਹੀ ਮਹਿੰਗਾਈ, ਬੇਰੁਜ਼ਗਾਰੀ ਅਤੇ ਘਟ ਰਹੀ ਅਸਲ ਮਜ਼ਦੂਰੀ/ ਆਮਦਨ ਨਾਲ ਜੂਝ ਰਹੇ ਹਨ। ਭੂ-ਰਾਜਨੀਤਕ ਤਣਾਅ ਵਿੱਚ ਵਾਧੇ ਨੇ ਇਹ ਮੁਸ਼ਕਲਾਂ ਹੋਰ ਵੀ ਵਧਾ ਦਿੱਤੀਆਂ ਹਨ। ਖਾਦਾਂ ਦੀ ਘਾਟ ਸਿੱਧੇ ਤੌਰ 'ਤੇ ਖੇਤੀਬਾੜੀ ਉਤਪਾਦਕਤਾ ਨੂੰ ਪ੍ਰਭਾਵਤ ਕਰਦੀ ਹੈ, ਜਦਕਿ ਐੱਲ ਪੀ ਜੀ ਦੀਆਂ ਕੀਮਤਾਂ ਵਿੱਚ ਉਤਰਾਅ-ਚੜ੍ਹਾਅ ਦਾ ਸਭ ਤੋਂ ਵੱਧ ਬੋਝ ਗਰੀਬ ਪਰਵਾਰਾਂ ਅਤੇ ਔਰਤਾਂ 'ਤੇ ਪੈਂਦਾ ਹੈ। ਇਹ ਸਾਰੇ ਰੁਝਾਨ ਖੁਰਾਕ ਦੀ ਉਪਲੱਬਧਤਾ ਅਤੇ ਖਰੀਦ ਸਕਣ ਦੀ ਸਮਰੱਥਾ ਵਿੱਚ ਗੰਭੀਰ ਸੰਕਟ ਵੱਲ ਇਸ਼ਾਰਾ ਕਰਦੇ ਹਨ।ਇਸ ਸੰਕਟ ਵਿੱਚ ਪ੍ਰਵਾਸੀ ਮਜ਼ਦੂਰ ਸਭ ਤੋਂ ਵੱਧ ਪ੍ਰਭਾਵਤ ਹੋ ਰਹੇ ਹਨ। ਜੀਵਿਕਾ ਖੁਸਣ ਤੋਂ ਬਾਅਦ ਆਪਣੇ-ਆਪਣੇ ਰਾਜਾਂ ਵੱਲ ਵਾਪਸ ਭੱਜਦੇ ਪ੍ਰਵਾਸੀ ਮਜ਼ਦੂਰਾਂ ਦੇ ਦ੍ਰਿਸ਼ ਨੋਟਬੰਦੀ ਤੋਂ ਬਾਅਦ ਦੀ ਨਿਰਾਸ਼ਾਜਨਕ ਸਥਿਤੀ ਦੀ ਯਾਦ ਦਿਵਾਉਂਦੇ ਹਨ। ਸੰਸਦ ਵਿੱਚ ਪ੍ਰਧਾਨ ਮੰਤਰੀ ਦਾ ਦਾਅਵਾ ਸਰਾਸਰ ਝੂਠਾ ਹੈ ਅਤੇ ਪੂਰੇ ਦੇਸ਼ ਨੂੰ ਗੁੰਮਰਾਹ ਕਰ ਰਿਹਾ ਹੈ। ਏਟਕ ਦੀ ਮੰਗ ਹੈ ਕਿ ਭਾਰਤ ਸਰਕਾਰ ਤੁਰੰਤ ਹੇਠ ਲਿਖੇ ਕਦਮ ਚੁੱਕੇ : ਖਾਦਾਂ, ਐੱਲ ਪੀ ਜੀ ਅਤੇ ਜ਼ਰੂਰੀ ਵਸਤੂਆਂ ਦੀ ਉਪਲੱਬਧਤਾ ਅਤੇ ਵੰਡ ਦਾ ਤੁਰੰਤ ਅਤੇ ਨਿਰਪੱਖ ਜਾਇਜ਼ਾ ਲਿਆ ਜਾਵੇ। ਖੇਤੀਬਾੜੀ ਅਤੇ ਘਰੇਲੂ ਵਰਤੋਂ ਲਈ ਅਹਿਮ ਇਨਪੁੱਟਾਂ 'ਤੇ ਕੀਮਤ ਨਿਯੰਤਰਣ ਅਤੇ ਸਭ ਲਈ ਪਹੁੰਚ ਯਕੀਨੀ ਬਣਾਈ ਜਾਵੇ। ਖੁਰਾਕ ਅਸੁਰੱਖਿਆ ਨੂੰ ਰੋਕਣ ਲਈ ਸਰਕਾਰੀ ਵੰਡ ਪ੍ਰਣਾਲੀ (ਪੀ ਡੀ ਐਸ) ਨੂੰ ਸਰਬਭੌਮ ਬਣਾਇਆ ਜਾਵੇ ਅਤੇ ਮਜ਼ਬੂਤ ਕੀਤਾ ਜਾਵੇ। ਸਪਲਾਈ ਵਿੱਚ ਰੁਕਾਵਟਾਂ ਅਤੇ ਕੀਮਤਾਂ ਵਿੱਚ ਵਾਧੇ ਨਾਲ ਪ੍ਰਭਾਵਤ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਸਿੱਧੀ ਮਦਦ ਦਿੱਤੀ ਜਾਵੇ। ਸੰਕਟ ਦੇ ਸਾਂਝੇ ਹੱਲ ਲਈ ਟਰੇਡ ਯੂਨੀਅਨਾਂ, ਕਿਸਾਨ ਸੰਸਥਾਵਾਂ ਤੇ ਰਾਜ ਸਰਕਾਰਾਂ ਨਾਲ ਪਾਰਦਰਸ਼ੀ ਅਤੇ ਸਲਾਹਕਾਰ ਤਰੀਕੇ ਨਾਲ ਗੱਲਬਾਤ ਕੀਤੀ ਜਾਵੇ।ਭਾਰਤ ਨੂੰ ਗਲੋਬਲ ਸਾਊਥ ਦੇ ਹਿੱਤਾਂ ਦੀ ਨੁਮਾਇੰਦਗੀ ਕਰਨੀ ਚਾਹੀਦੀ ਹੈ ਅਤੇ ਅਮਨ ਦੀ ਵਕਾਲਤ ਵਿੱਚ ਸਰਗਰਮ ਕੂਟਨੀਤਿਕ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਸਰਕਾਰ ਨੂੰ ਸੰਯੁਕਤ ਰਾਸ਼ਟਰ ਸਮੇਤ ਸਾਰੇ ਉਪਲਬਧ ਅੰਤਰਰਾਸ਼ਟਰੀ ਮੰਚਾਂ ਦੀ ਵਰਤੋਂ ਕਰਦਿਆਂ ਸੰਘਰਸ਼ ਨੂੰ ਘਟਾਉਣ, ਯੁੱਧਵਿਰਾਮ ਅਤੇ ਵਾਰਤਾਲਾਪ ਰਾਹੀਂ ਹੱਲ ਕਰਨ ਦੀ ਅਪੀਲ ਕਰਨੀ ਚਾਹੀਦੀ ਹੈ। ਭਾਰਤ ਨੂੰ ਉਹਨਾਂ ਸਾਮਰਾਜੀ ਯੁੱਧਾਂ ਖ਼ਿਲਾਫ਼ ਡਟ ਕੇ ਖੜ੍ਹਨਾ ਚਾਹੀਦਾ ਹੈ, ਜੋ ਵਿਕਾਸਸ਼ੀਲ ਦੇਸ਼ਾਂ ਦੀਆਂ ਅਰਥ ਵਿਵਸਥਾਵਾਂ ਅਤੇ ਜੀਵਿਕਾ ਨੂੰ ਤਬਾਹ ਕਰਦੇ ਹਨ। ਏਟਕ ਦੁਹਰਾਉਂਦੀ ਹੈ ਕਿ ਵਿਸ਼ਵ ਪੱਧਰੀ ਸੰਕਟਾਂ ਦਾ ਬੋਝ ਮਜ਼ਦੂਰਾਂ ਅਤੇ ਕਿਸਾਨਾਂ ਦੇ ਮੱਥੇ ਨਹੀਂ ਮੜ੍ਹਿਆ ਜਾ ਸਕਦਾ। ਆਪਣੇ ਲੋਕਾਂ ਦੇ ਆਰਥਿਕ ਅਤੇ ਸਮਾਜਿਕ ਅਧਿਕਾਰਾਂ ਦੀ ਰੱਖਿਆ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ।

ਅਸੀਂ ਕੇਂਦਰ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਇਸ ਉਭਰਦੇ ਸੰਕਟ ਨਾਲ ਨਿਪਟਣ ਲਈ ਤਤਪਰਤਾ, ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਕਾਰਵਾਈ ਕੀਤੀ ਜਾਵੇ।




ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਜੰਗਲੀ ਸੂਰਾਂ ਦੀ ਸਮੱਸਿਆ ਤੋਂ ਪ੍ਰੇਸ਼ਾਨ ਕਿਸਾਨਾਂ ਵੱਲੋਂ ਤਹਿਸੀਲ ਕੰਪਲੈਕਸ ਅੱਗੇ ਚੱਕਾ ਜਾਮ

## ਜੰਗਲਾਤ ਮਹਿਕਮੇ ਵੱਲੋਂ ਮਾਮਲਾ ਹੱਲ ਕਰਨ ਦਾ ਭਰੋਸਾ ਦੇਣ ਤੋਂ ਬਾਅਦ ਆਵਾਜਾਈ ਹੋਈ ਬਹਾਲ

**ਲੌਂਗੋਵਾਲ, (ਪ੍ਰਦੀਪ ਸੱਪਲ)**- ਇਲਾਕੇ ਵਿੱਚ ਜੰਗਲੀ ਸੂਰਾਂ ਦੇ ਝੁੰਡਾਂ ਵੱਲੋਂ ਕਿਸਾਨਾਂ ਦੀਆਂ ਫਸਲਾਂ ਬਰਬਾਦ ਕਰਨ ਤੋਂ ਅੱਕੇ ਕਿਸਾਨਾਂ ਨੇ ਕਿਰਤੀ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਅੱਜ ਪਹਿਲਾਂ ਸਵੇਰੇ 10 ਵਜੇ ਤਹਿਸੀਲ ਕੰਪਲੈਕਸ ਅੰਦਰ ਰੋਸ ਧਰਨਾ ਦਿੱਤਾ ਪਰ ਕਿਸੇ ਅਧਿਕਾਰੀ ਵੱਲੋਂ ਸੁਣਵਾਈ ਨਾ ਕਰਨ 'ਤੇ 12 ਵਜੇ ਤਹਿਸੀਲ ਦੇ ਸਾਹਮਣੇ ਲੌਂਗੋਵਾਲ ਬਰਨਾਲਾ ਰੋਡ ਉੱਪਰ ਚੱਕਾ ਜਾਮ ਕੀਤਾ।ਕਰੀਬ 2 ਵਜੇ ਜੰਗਲਾਤ ਵਿਭਾਗ ਦੇ ਰੇਂਜ ਅਫਸਰ ਸੁਖਬੀਰ ਸਿੰਘ ਵੱਲੋਂ ਕਿਸਾਨਾਂ ਤੋਂ ਮੰਗ ਪੱਤਰ ਪ੍ਰਾਪਤ ਕਰਕੇ ਜਲਦ ਹੀ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ ਤੇ ਮਾਮਲਾ ਹੱਲ ਕਰਨ ਦਾ ਭਰੋਸਾ ਦਿੱਤਾ ਜਿਸ ਤੋਂ ਬਾਅਦ ਕਿਸਾਨਾਂ ਨੇ ਚੱਕਾ ਜਾਮ ਸਮਾਪਤ ਕੀਤਾ ਅਤੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਮਾਮਲਾ ਹੱਲ ਨਾ ਹੋਇਆ ਤਾਂ 2 ਅਪ੍ਰੈਲ ਨੂੰ ਇਸ ਤੋਂ ਵੀ ਵੱਡਾ ਪ੍ਰਦਰਸ਼ਨ ਕੀਤਾ ਜਾਵੇਗਾ।ਜਾਣਕਾਰੀ ਦਿੰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਪ੍ਰਧਾਨ ਕਰਮਜੀਤ ਸਿੰਘ ਸਤੀਪੁਰਾ, ਇਕਾਈ ਪ੍ਰਧਾਨ ਹਰਦੇਵ ਸਿੰਘ ਦੁਲਟ ਨੇ ਦੱਸਿਆ ਕਿ ਇਲਾਕੇ ਦੇ ਕਿਸਾਨ ਪਿਛਲੇ ਤਿੰਨ ਸਾਲਾਂ ਤੋਂ ਜੰਗਲੀ ਸੂਰਾਂ ਤੋਂ ਬਹੁਤ ਪ੍ਰੇਸ਼ਾਨ ਹਨ। ਖੇਤਾਂ ਵਿੱਚ ਅਕਸਰ ਹੀ



ਜੰਗਲੀ ਸੂਰ ਕਿਸਾਨਾਂ ਦਾ ਪਾਇਆ ਹੋਇਆ ਮੱਕੀ ਦਾ ਅਚਾਰ (ਸਾਈਲੇਜ) ਬਰਬਾਦ ਕਰ ਦਿੰਦੇ ਹਨ, ਉਨ੍ਹਾਂ ਦੀਆਂ ਫਸਲਾਂ ਅਤੇ ਘਰੇਲੂ ਲੋੜਾਂ ਲਈ ਖੇਤ ਵਿੱਚ ਲਾਈਆਂ ਸਬਜ਼ੀਆਂ ਦੀਆਂ ਬਗੀਚੀਆਂ ਬਰਬਾਦ ਕਰ ਜਾਂਦੇ ਹਨ ਅਤੇ ਖੇਤਾਂ ਦੀਆਂ ਵੱਟਾਂ ਵਗੈਰਾ ਵੀ ਢਾਹ ਜਾਂਦੇ ਹਨ। ਅਕਸਰ ਜਦੋਂ ਕਿਸਾਨ ਆਪਣੇ ਕੰਮ ਕਰਨ ਲਈ ਇਕੱਲੇ ਖੇਤਾਂ ਵਿੱਚ ਜਾਂਦੇ ਹਨ ਤਾਂ ਕਿਸੇ ਝੁੰਡ ਨਾਲ ਸਾਹਮਣਾ ਹੋ ਜਾਣ 'ਤੇ ਇਹ ਹਮਲਾਵਰ ਵੀ ਹੋ ਜਾਂਦੇ ਹਨ ਜਿਸ ਕਰਕੇ ਕਿਸਾਨਾਂ ਨੂੰ ਇਨ੍ਹਾਂ ਤੋਂ ਆਪਣੀ ਜਾਨ ਦਾ ਖੌਅ ਵੀ ਬਣਿਆ ਹੋਇਆ ਹੈ।ਇਸੇ ਕਰਕੇ ਕਿਰਤੀ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਕਿਸਾਨਾਂ ਨੇ ਪਹਿਲਾਂ 19 ਮਾਰਚ ਨੂੰ ਨੈਬ ਤਹਿਸੀਲਦਾਰ ਦੇ ਦਫਤਰ ਪਹੁੰਚ ਕੇ ਮੰਗ ਪੱਤਰ ਦੇ ਕੇ ਮਾਮਲਾ ਹੱਲ ਕਰਨ ਦੀ ਮੰਗ ਕੀਤੀ ਸੀ ਪਰ ਇੱਕ ਹਫਤਾ ਬੀਤ ਜਾਣ ਦੇ ਬਾਅਦ ਵੀ ਜਦੋਂ ਕੋਈ ਸੁਣਵਾਈ ਨਾ ਹੋਈ ਤਾਂ ਅੱਜ ਦੇ ਧਰਨੇ ਦਾ ਐਲਾਨ ਕੀਤਾ ਸੀ। ਆਖਿਰ ਜੰਗਲਾਤ ਵਿਭਾਗ ਦੇ ਭਰੋਸੇ 'ਤੇ ਚੱਕਾ ਜਾਮ ਖੋਲ੍ਹਿਆ ਗਿਆ ਪਰ ਜਥੇਬੰਦੀ ਵੱਲੋਂ ਇਸ ਮਸਲੇ ਨੂੰ ਹੱਲ ਕਰਵਾਏ ਤੋਂ ਬਿਨਾਂ ਸੰਘਰਸ਼ ਤੋਂ ਪਿੱਛੇ ਨਹੀਂ ਹਟਿਆ ਜਾਵੇਗਾ।ਰੋਸ ਧਰਨੇ ਵਿੱਚ ਵਿਸ਼ੇਸ਼ ਤੌਰ 'ਤੇ ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ ਵੀ ਪਹੁੰਚੇ ਜਿਨ੍ਹਾਂ ਨੇ ਬੋਲਦਿਆਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਜੰਗਲੀ ਜਾਨਵਰਾਂ ਦੁਆਰਾ ਬਰਬਾਦ ਕੀਤੀ ਫਸਲ ਦਾ ਮੁਆਵਜ਼ਾ ਦੇਵੇ ਅਤੇ ਸਾਰੀਆਂ ਫਸਲਾਂ ਦਾ ਬੀਮਾ ਸਰਕਾਰੀ ਖਰਚੇ 'ਤੇ ਕੀਤਾ ਜਾਵੇ।ਇਸ ਧਰਨੇ ਨੂੰ ਭਾਕਿਯੂ ਡਕੌਂਦਾ ਬੁਰਜ ਗਿੱਲ ਅਤੇ ਭਾਕਿਯੂ ਏਕਤਾ ਉਗਰਾਹਾਂ ਵੱਲੋਂ ਵੀ ਸਮਰਥਨ ਦਿੱਤਾ ਗਿਆ ਤੇ ਉਨ੍ਹਾਂ ਦੇ ਆਗੂ ਭੋਲਾ ਸਿੰਘ, ਪ੍ਰਗਟ ਸਿੰਘ ਅਤੇ ਉਗਰਾਹਾਂ ਦੇ ਬਲਾਕ ਪ੍ਰਧਾਨ ਰਣਜੀਤ ਸਿੰਘ ਨੇ ਵੀ ਸੰਬੋਧਨ ਕੀਤਾ।ਇਸ ਤੋਂ ਬਿਨਾਂ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਸਤਵਿੰਦਰ ਸਿੰਘ ਬਹਾਦਰਪੁਰ, ਅੰਬੀ ਬਰਾੜ, ਕਰਮਾ ਸਿੰਘ, ਭੋਲਾ ਸਿੰਘ ਪਨਾਂਚ, ਮੱਘਰ ਸਿੰਘ ਗਿੱਲ, ਗੁਰਮੇਲ ਸਿੰਘ ਗੰਢੂਆਂ ਸਮੇਤ ਵੱਡੀ ਗਿਣਤੀ ਕਿਸਾਨ ਹਾਜ਼ਰ ਸਨ।

# ਅਗਨੀਵੀਰ ਭਰਤੀ ਲਈ ਮੁਫਤ ਟ੍ਰੇਨਿੰਗ ਸ਼ੁਰੂ

**ਨੰਗਲ ਭਲਾਣ (ਹਰਭਜਨ ਸਿੰਘ ਢਿੱਲੋਂ)** ਸੀ-ਪਾਈਟ ਕੈਂਪ ਨੰਗਲ ਵੱਲੋਂ ਅਗਨੀਵੀਰ ਭਰਤੀ ਲਈ ਤਿਆਰੀ ਕਰ ਰਹੇ ਨੌਜਵਾਨਾਂ ਲਈ ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਟ੍ਰੇਨਿੰਗ ਅਧਿਕਾਰੀ ਸੂਬੇਦਾਰ ਤਜਿੰਦਰ ਸਿੰਘ ਨੇ ਦੱਸਿਆ ਕਿ ਇਹ ਟ੍ਰੇਨਿੰਗ ਖਾਸ ਤੌਰ 'ਤੇ ਜ਼ਿਲ੍ਹਾ ਰੋਪੜ, ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਤੇ ਜ਼ਿਲ੍ਹਾ ਨਵਾਂਸ਼ਹਿਰ ਦੀ ਤਹਿਸੀਲ ਬਲਾਚੌਰ ਦੇ ਨੌਜਵਾਨਾਂ ਲਈ ਆਯੋਜਿਤ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਅਗਨਵੀਰ ਭਰਤੀ ਲਈ ਰਜਿਸਟ੍ਰੇਸ਼ਨ ਪ੍ਰਕਿਰਿਆ 13 ਫਰਵਰੀ ਤੋਂ ਸ਼ੁਰੂ ਹੋ ਕੇ 1 ਅਪ੍ਰੈਲ 2026 ਤੱਕ ਜਾਰੀ ਰਹੇਗੀ। ਇਸ ਟ੍ਰੇਨਿੰਗ ਦੌਰਾਨ ਨੌਜਵਾਨਾਂ ਨੂੰ ਲਿਖਤੀ ਪਰੀਖਿਆ ਦੀ ਪੂਰੀ ਤਿਆਰੀ ਕਰਵਾਈ ਜਾ ਰਹੀ ਹੈ, ਜਿਸ ਨਾਲ ਉਹ ਭਰਤੀ ਪ੍ਰਕਿਰਿਆ ਵਿੱਚ ਵਧੀਆ ਪ੍ਰਦਰਸ਼ਨ ਕਰ ਸਕਣ।ਉਨ੍ਹਾਂ ਨੇ ਦੱਸਿਆ ਕਿ ਉਮੀਦਵਾਰ ਦੀ ਉਮਰ 17 ਤੋਂ 21 ਸਾਲ ਹੋਣੀ ਲਾਜ਼ਮੀ ਹੈ। ਇਸ ਤੋਂ ਇਲਾਵਾ ਦਸਵੀਂ ਕਲਾਸ ਵਿੱਚ ਘੱਟੋ-ਘੱਟ 45 ਫੀਸਦੀ ਅੰਕ ਹੋਣੇ ਚਾਹੀਦੇ ਹਨ। ਉਮੀਦਵਾਰ ਦਾ ਕੱਦ 170 ਸੈਂਟੀਮੀਟਰ ਅਤੇ ਛਾਤੀ 77/82 ਸੈਂਟੀਮੀਟਰ ਹੋਣੀ ਜਰੂਰੀ ਹੈ।

# ਸੀਪੀਆਈ ਐੱਮ ਐੱਲ ਲਿਬਰੇਸ਼ਨ ਵੱਲੋਂ 23 ਮਾਰਚ ਦੇ ਸ਼ਹੀਦਾਂ ਨੂੰ ਨਮਨ

**ਬਟਾਲਾ (ਤਰਲੋਕ ਬੱਗਾ)**- ਸੀਪੀਆਈ ਐੱਮ ਐੱਲ ਲਿਬਰੇਸ਼ਨ ਦੇ ਬਟਾਲਾ ਦਫਤਰ ਵਿਖੇ 23 ਮਾਰਚ ਦੇ ਸ਼ਹੀਦਾਂ ਦੀ 75ਵੀਂ ਬਰਸੀ ਮੌਕੇ ਸ਼ਰਧਾਂਜਲੀ ਸਮਾਗਮ ਜਗੀਰ ਸਿੰਘ ਬੋਪਾਰਾਏ, ਭੁਪਿੰਦਰ ਸਿੰਘ ਮੀਰਾਂਕੋਟ ਅਤੇ ਸਾਬੀ ਗੁਰਦਾਸ ਨੰਗਲ ਦੀ ਪ੍ਰਧਾਨਗੀ ਹੇਠ ਕੀਤਾ ਗਿਆ।ਇਸ ਸਮੇਂ ਬੋਲਦਿਆਂ



ਪਾਰਟੀ ਆਗੂ ਗੁਲਜ਼ਾਰ ਸਿੰਘ ਭੁੰਬਲੀ, ਗੁਰਮੀਤ ਸਿੰਘ ਬਖਤਪੁਰਾ, ਕਮਿਊਨਿਸਟ ਆਗੂ ਰਣਬੀਰ ਸਿੰਘ ਵਿਰਕ ਅਤੇ ਮਾਸਟਰ ਰਘਬੀਰ ਸਿੰਘ ਪਕੀਵਾਂ ਨੇ ਸ਼ਹੀਦਾਂ ਦੇ ਨਾਹਰਿਆਂ ਦੀ ਵਿਆਖਿਆ ਕਰਦਿਆਂ ਕਿਹਾ ਕਿ ਸ਼ਹੀਦਾਂ ਦਾ ਸੰਦੇਸ਼ ਸੀ ਕਿ ਜਿੰਨਾ ਚਿਰ ਦੁਨੀਆ ਵਿੱਚ ਸਾਮਰਾਜਵਾਦ ਜ਼ਿੰਦਾ ਰਹੇਗਾ ਦੁਨੀਆ ਦੀ ਜਨਤਾ ਆਰਥਿਕਤਾ ਅਤੇ ਜੰਗਾਂ ਦੇ ਭਾਰ ਹੇਠ ਮਾਰੀ ਜਾਂਦੀ ਰਹੇਗੀ। ਉਨ੍ਹਾਂ ਅਮਰੀਕਾ ਦੇ ਵੈਨੇਜ਼ੂਏਲਾ 'ਤੇ ਹਮਲੇ ਤੋਂ ਬਾਅਦ ਈਰਾਨ ਉਪਰ ਕੀਤੇ ਹਮਲੇ ਨੂੰ ਫਾਸ਼ੀ ਹਮਲਾ ਕਰਾਰ ਦਿੰਦਿਆਂ ਕਿਹਾ ਕਿ ਈਰਾਨੀ ਸਰਕਾਰ ਅਤੇ ਈਰਾਨੀ ਲੋਕਾਂ ਨੇ ਦਰਜਨਾਂ ਆਗੂਆਂ ਦੀਆਂ ਸ਼ਹਾਦਤਾਂ ਦੇਣ ਤੋਂ ਬਾਅਦ ਵੀ ਅਮਰੀਕਾ ਅਤੇ ਇਜ਼ਰਾਈਲ ਦੇ ਹਾਕਮਾਂ ਨੂੰ ਦਿੱਤੀ ਭਾਂਜ ਨੇ ਸਾਬਤ ਕਰ ਦਿੱਤਾ ਹੈ ਕਿ ਸਾਮਰਾਜੀ ਹਾਕਮ ਕਦੇ ਵੀ ਸੱਚੇ-ਸੁੱਚੇ ਦੇਸ਼ ਭਗਤਾਂ ਨੂੰ ਨਹੀਂ ਹਰਾ ਸਕਦੇ।ਆਗੂਆਂ ਕਿਹਾ ਕਿ ਇੱਕ ਪਾਸੇ ਈਰਾਨ ਦੀ ਜਨਤਾ ਨੇ ਅਮਰੀਕਾ ਵਿਰੁੱਧ ਜੇਤੂ ਲੜਾਈ ਲੜ ਕੇ ਇਹ ਸਾਬਤ ਕਰ ਦਿੱਤਾ ਕਿ ਲੋਕ ਅਜਿੱਤ ਹੁੰਦੇ ਹਨ। ਮੋਦੀ ਸਰਕਾਰ ਨੇ ਅਮਰੀਕਾ ਸਾਮਰਾਜ ਤੋਂ ਡਰਦਿਆਂ ਈਰਾਨੀ ਲੋਕਾਂ ਦੇ ਹੱਕ ਵਿੱਚ ਇੱਕ ਵੀ ਸ਼ਬਦ ਬੋਲਣ ਦਾ ਹੀਆ ਨਹੀਂ ਕੀਤਾ।ਪੰਜਾਬ ਸਰਕਾਰ ਵੱਲੋਂ ਪੰਜਾਬ ਵਿੱਚ ਨੌਜਵਾਨਾਂ 'ਤੇ ਬਣਾਏ ਜਾ ਰਹੇ ਝੂਠੇ ਪੁਲਸ ਮੁਕਾਬਲਿਆਂ ਅਤੇ ਇਮਾਨਦਾਰ ਅਫਸਰਾਂ ਨੂੰ ਆਤਮ ਹੱਤਿਆ ਕਰਨ ਲਈ ਮਜਬੂਰ ਕਰਨ ਦੀਆਂ ਨੀਤੀਆਂ ਦੀ ਸਖਤ ਅਲੋਚਨਾ ਕੀਤੀ ਗਈ। ਇਸ ਸਮੇਂ ਬਲਬੀਰ ਸਿੰਘ ਮੂਧਲ, ਮੰਗਲ ਸਿੰਘ ਧਰਮਕੋਟ, ਅਸ਼ਵਨੀ ਕੁਮਾਰ ਲੱਖਣ ਕਲਾਂ, ਹਰਵਿੰਦਰ ਸਿੰਘ ਮੱਲ੍ਹੀ, ਨਰਿੰਦਰ ਤੇੜਾਂ, ਪ੍ਰੇਮ ਮਸੀਹ ਸੋਨਾ, ਜੋਗਿੰਦਰ ਲੇਹਲ, ਬਿੱਟਾ ਅਠਵਾਲ ਅਤੇ ਸ਼ਮਸ਼ੇਰ ਸਿੰਘ ਹੇਰ ਵੀ ਹਾਜ਼ਰ ਸਨ।

# ਅਨੰਨਿਆ ਸ਼ਰਮਾ ਦਾ ਯੂਪੀਐੱਸਸੀ ਦੀ ਪ੍ਰੀਖਿਆ 'ਚ 13ਵਾਂ ਰੈਂਕ ਪ੍ਰਾਪਤ ਕਰਨ 'ਤੇ ਵਿਸ਼ੇਸ਼ ਸਨਮਾਨ



**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**- ਪੰਜਾਬ ਪਬਲਿਕ ਸਕੂਲ ਨਾਭਾ ਵਿਖੇ ਸਕੂਲ ਦੀ ਸਾਬਕਾ ਵਿਦਿਆਰਥਣ ਅਨੰਨਿਆ ਸ਼ਰਮਾ ਦੇ ਸਨਮਾਨ ਲਈ ਇੱਕ ਵਿਸ਼ੇਸ਼ ਸਨਮਾਨ ਸਮਾਗਮ ਕੀਤਾ ਗਿਆ ਜਿਸਨੇ ਹਾਲ ਹੀ ਵਿਚ ਯੂਪੀਐੱਸਸੀ ਸਿਵਲ ਸੇਵਾਵਾਂ ਪ੍ਰੀਖਿਆ-2025 ਪਾਸ ਕੀਤੀ ਹੈ ਅਤੇ ਮੈਰਿਟ ਦੇ ਕ੍ਰਮ ਵਿੱਚ 13ਵਾਂ ਰੈਂਕ ਪ੍ਰਾਪਤ ਕੀਤਾ ਹੈ। ਪੀਪੀਐੱਸ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਅਨੰਨਿਆ ਨੇ ਆਪਣੀ ਸਕੂਲੀ ਪੜ੍ਹਾਈ ਇੰਦੌਰ ਦੇ ਡੇਲੀ ਕਾਲਜ ਤੋਂ ਪੂਰੀ ਕੀਤੀ। ਬਾਅਦ 'ਚ ਉਸਨੇ ਦਿੱਲੀ ਯੂਨੀਵਰਸਿਟੀ ਦੇ ਹਿੰਦੂ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ। ਅਨੰਨਿਆ ਡਾ. ਡੀ. ਸੀ. ਸ਼ਰਮਾ ਦੀ ਧੀ ਹੈ ਜੋ ਕਿ ਪੰਜਾਬ ਪਬਲਿਕ ਸਕੂਲ ਨਾਭਾ ਦੇ ਮੌਜੂਦਾ ਮੁੱਖ ਅਧਿਆਪਕ ਹਨ। ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ ਨੇ ਸੰਸਥਾ ਅਤੇ ਪੂਰੇ ਪੀਪੀਐੱਸ ਭਾਈਚਾਰੇ ਲਈ ਬਹੁਤ ਮਾਣ ਅਤੇ ਸਨਮਾਨ ਲਿਆਂਦਾ ਹੈ। ਇਸ ਮੌਕੇ ਅਨੰਨਿਆ ਸ਼ਰਮਾ ਨੂੰ ਡਿਪਟੀ ਐਡਵੋਕੇਟ ਜਨਰਲ ਪੰਜਾਬ ਰਾਜੀਵ ਮਦਾਨ ਅਤੇ ਉਨ੍ਹਾਂ ਦੀ ਧਰਮ ਪਤਨੀ ਵੰਦਨਾ ਮਦਾਨ ਵੱਲੋਂ ਸਨਮਾਨਤ ਕੀਤਾ ਗਿਆ।

# ਆਮ ਆਦਮੀ ਪਾਰਟੀ ਦੀ ਸਰਕਾਰ ਨੇ ਚਾਰ ਸਾਲਾਂ 'ਚ ਸਾਰੇ ਵਾਅਦੇ ਪੂਰੇ ਕੀਤੇ : ਰਾਜੇਸ਼ ਭੰਗਵਾਂ

**ਗੁਰਦਾਸਪੁਰ, (ਜਨਕ ਮਹਾਜਨ)**- ਆਮ ਆਦਮੀ ਪਾਰਟੀ ਗੁਰਦਾਸਪੁਰ ਦੇ ਨਵ-ਨਿਯੁਕਤ ਬੁਲਾਰੇ ਅਤੇ ਸਰਪੰਚ ਰਾਜੇਸ਼ ਭੰਗਵਾਂ ਨੇ ਗੱਲਬਾਤ ਦੌਰਾਨ ਦੱਸਿਆ ਕਿ 'ਆਪ' ਸਰਕਾਰ ਦੇ 4 ਸਾਲ ਪੂਰੇ ਹੋ ਚੁੱਕੇ ਹਨ ਅਤੇ ਇਸ ਦੌਰਾਨ ਸਰਕਾਰ ਨੇ ਆਪਣੇ ਕੀਤੇ ਵਾਅਦਿਆਂ ਨੂੰ ਇੰਨ-ਬਿੰਨ ਨਿਭਾਇਆ ਹੈ। ਉਨ੍ਹਾਂ ਕਿਹਾ ਕਿ ਸੱਤਾ ਵਿਚ ਆਉਣ ਤੋਂ ਬਾਅਦ ਸਰਕਾਰ ਨੇ ਸਿਹਤ, ਸਿੱਖਿਆ, ਬਿਜਲੀ, ਰੁਜ਼ਗਾਰ ਅਤੇ ਕਿਸਾਨੀ ਸਮੇਤ ਹਰ ਖੇਤਰ ਵਿਚ ਮਿਸਾਲੀ ਕੰਮ ਕੀਤੇ ਹਨ। ਸਰਕਾਰੀ ਸਕੂਲਾਂ ਅਤੇ ਹਸਪਤਾਲਾਂ ਦੀ ਨੁਹਾਰ ਬਦਲ ਕੇ ਲੋਕਾਂ ਨੂੰ ਵਧੀਆ ਸੁਵਿਧਾਵਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਨਾਲ ਲੋਕ ਕਾਫੀ ਸੰਤੁਸ਼ਟ ਹਨ। ਰਾਜੇਸ਼ ਭੰਗਵਾਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨੌਜਵਾਨਾਂ ਨੂੰ ਬਿਨਾਂ ਰਿਸ਼ਵਤ ਅਤੇ ਸਿਫਾਰਿਸ਼ ਤੋਂ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਪਿਛਲੇ 4 ਸਾਲਾਂ ਵਿਚ 65 ਹਜ਼ਾਰ ਤੋਂ ਵੱਧ ਨੌਕਰੀਆਂ ਦਿੱਤੀਆਂ ਗਈਆਂ ਜਿਸ ਨਾਲ ਨੌਜਵਾਨਾਂ ਵਿਚ ਵਿਸਵਾਸ ਵਧਿਆ ਹੈ। ਉਨ੍ਹਾਂ ਕਿਹਾ ਕਿ ਮਹਿਲਾਵਾਂ ਲਈ ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਲਾਗੂ ਕੀਤੀ ਗਈ ਹੈ, ਜਿਸ ਤਹਿਤ ਅਨੁਸੂਚਿਤ ਜਾਤੀ ਭਾਈਚਾਰੇ ਦੀਆਂ ਮਹਿਲਾਵਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਮਿਲਦੇ ਹਨ। ਇਸ ਦੇ ਨਾਲ ਹੀ ਮਹਿਲਾਵਾਂ ਲਈ ਮੁਫਤ ਬੱਸ ਯਾਤਰਾ ਦੀ



ਸਹੂਲਤ ਵੀ ਜਾਰੀ ਹੈ। ਸਿਹਤ ਖੇਤਰ ਵਿਚ 881 ਆਮ ਆਦਮੀ ਕਲੀਨਿਕ ਬਣਾਏ ਗਏ ਹਨ ਅਤੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 65 ਲੱਖ ਪਰਿਵਾਰਾਂ ਨੂੰ ਸਾਲਾਨਾ 10 ਲੱਖ ਰੁਪਏ ਤੱਕ ਦਾ ਮੁਫਤ ਅਤੇ ਕੈਸ਼ਲੈੱਸ ਇਲਾਜ ਦਿੱਤਾ ਜਾ ਰਿਹਾ ਹੈ। ਸਿੱਖਿਆ ਖੇਤਰ ਵਿਚ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਗਈ ਹੈ ਜਿਸ ਵਿਚ ਮੇਰੇ ਪਿੰਡ ਭੰਗਵਾਂ ਦਾ ਸਕੂਲ ਵੀ ਹੈ ਅਤੇ ਹੁਣ ਇਹ ਪ੍ਰਾਈਵੇਟ ਸਕੂਲਾਂ ਨਾਲ ਮੁਕਾਬਲਾ ਕਰ ਰਹੇ ਹਨ। ਲੋਕਾਂ ਨੂੰ 600 ਯੂਨਿਟ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ, ਜਿਸ ਨਾਲ ਕਰੀਬ 90 ਫੀਸਦੀ ਘਰਾਂ ਦੇ ਬਿੱਲ ਜ਼ੀਰੋ ਆ ਰਹੇ ਹਨ। ਕਿਸਾਨਾਂ ਨੂੰ ਦਿਨ ਦੇ ਸਮੇਂ ਬਿਜਲੀ ਅਤੇ ਨਹਿਰਾਂ ਰਾਹੀਂ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ। "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਚਲਾਈ ਜਾ ਰਹੀ ਹੈ।3000 ਆਧੁਨਿਕ ਖੇਡ ਮੈਦਾਨ ਬਣ ਰਹੇ ਹਨ। ਸੜਕ ਹਾਦਸਿਆਂ ਵਿਚ ਮੌਤਾਂ 'ਚ ਲਗਭਗ 50 ਫੀਸਦੀ ਕਮੀ ਆਈ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਮੁੱਖ ਉਦੇਸ਼ ਸਿਰਫ ਵਿਕਾਸ ਹੈ ਅਤੇ ਇਸੇ ਦਿਸ਼ਾ ਵਿਚ ਸੂਬੇ 'ਚ ਜੰਗੀ ਪੱਧਰ 'ਤੇ ਕੰਮ ਕੀਤਾ ਜਾ ਰਿਹਾ ਹੈ।

# ਸ੍ਰੀ ਗੁਰੂ ਰਾਮ ਦਾਸ ਗਰੁੱਪ ਆਫ ਇੰਸਟੀਚਿਊਟਸ ਪੰਧੇਰ ਵਿਖੇ ਖ਼ੂਨਦਾਨ ਕੈਂਪ ਲਗਾਇਆ

**ਫਤਿਹਗੜ੍ਹ ਚੂੜੀਆਂ, (ਜਸਦੇਵ ਮਾਨ)**- ਸ੍ਰੀ ਗੁਰੂ ਰਾਮ ਦਾਸ ਗਰੁੱਪ ਆਫ ਇੰਸਟੀਚਿਊਟਸ, ਪੰਧੇਰ ਵੱਲੋਂ ਰੈੱਡ ਕਰਾਸ ਸੋਸਾਇਟੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਇੱਕ ਖੂਨ ਦਾਨ ਕੈਂਪ ਦਾ ਆਯੋਜਨ ਕੀਤਾ ਗਿਆ।ਇਸ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਸ ਵਿੱਚ ਵਿਦਿਆਰਥੀ ਅਤੇ ਵਿਦਿਆਰਥਣਾਂ ਨੇ ਵੱਧ ਚੜ੍ਹ ਕੇ ਭਾਗ ਲਿਆ ਅਤੇ ਖੂਨ ਦਾਨ ਕੀਤਾ।ਇਸ ਮੌਕੇ ਕਾਲਜ ਦੇ ਚੇਅਰਪਰਸਨ ਹਰਜਿੰਦਰਪਾਲ ਕੌਰ ਕੰਗ, ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ ਅਤੇ ਡਾਇਰੈਕਟਰ ਡਾ. ਗੁਲਵਤਨ ਸਿੰਘ



ਕੰਗ ਵੱਲੋਂ ਵਿਦਿਆਰਥੀਆਂ ਨੂੰ ਵਿਸਥਾਰਪੂਰਵਕ ਅਤੇ ਪ੍ਰੇਰਨਾਦਾਇਕ ਸੰਬੋਧਨ ਕੀਤਾ ਗਿਆ।ਚੇਅਰਪਰਸਨ ਹਰਜਿੰਦਰਪਾਲ ਕੌਰ ਕੰਗ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਖੂਨ ਦਾਨ ਸਭ ਤੋਂ ਵੱਡੀ ਮਨੁੱਖਤਾ ਦੀ ਸੇਵਾ ਹੈ।ਉਨ੍ਹਾਂ ਨੇ ਦੱਸਿਆ ਕਿ ਇੱਕ ਯੂਨਿਟ ਖੂਨ ਕਈ ਜ਼ਿੰਦਗੀਆਂ ਬਚਾ ਸਕਦਾ ਹੈ ਅਤੇ ਵਿਦਿਆਰਥੀਆਂ ਨੂੰ ਨਿਯਮਿਤ ਤੌਰ 'ਤੇ ਖੂਨ ਦਾਨ ਕਰਦੇ ਰਹਿਣਾ ਚਾਹੀਦਾ ਹੈ, ਜੋ ਉਨ੍ਹਾਂ ਨੂੰ ਬਿਮਾਰੀਆਂ ਤੋਂ ਬਚਾਉਂਦਾ ਹੈ।ਉਨ੍ਹਾਂ ਨੇ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਸਮਾਜਿਕ ਗਤੀਵਿਧੀਆਂ ਵਿੱਚ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ।ਮੈਨੇਜਿੰਗ ਡਾਇਰੈਕਟਰ ਸਰਦਾਰ ਅਵਤਾਰ ਸਿੰਘ ਕੰਗ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਐਮਰਜੈਂਸੀ ਹਾਲਾਤ ਜਿਵੇਂ ਹਾਦਸੇ, ਆਪਰੇਸ਼ਨ ਅਤੇ ਗੰਭੀਰ ਬਿਮਾਰੀਆਂ ਵਿੱਚ ਖੂਨ ਦੀ ਬਹੁਤ ਜ਼ਰੂਰਤ ਪੈਂਦੀ ਹੈ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਡਰ ਅਤੇ ਬਿਨਾਂ ਕਿਸੇ ਭੈਅ ਦੇ ਖੂਨਦਾਨ ਕਰਨ ਲਈ ਅੱਗੇ ਆਉਣ।ਡਾਇਰੈਕਟਰ ਡਾ. ਗੁਲਵਤਨ ਸਿੰਘ ਨੇ ਖੂਨਦਾਨ ਦੀ ਮੈਡੀਕਲ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਉਨ੍ਹਾਂ ਨੇ ਕਿਹਾ ਕਿ ਖੂਨਦਾਨ ਨਾਲ ਨਾ ਸਿਰਫ ਮਰੀਜ਼ਾਂ ਦੀ ਜ਼ਿੰਦਗੀ ਬਚਦੀ ਹੈ, ਸਗੋਂ ਖੂਨ ਦੇਣ ਵਾਲੇ ਦੀ ਸਿਹਤ 'ਤੇ ਵੀ ਚੰਗਾ ਪ੍ਰਭਾਵ ਪੈਂਦਾ ਹੈ।ਮੈਡੀਕਲ ਟੀਮ ਵੱਲੋਂ ਸੁਰੱਖਿਅਤ ਅਤੇ ਸਫ਼ਾਈ ਨਾਲ ਖੂਨ ਇਕੱਠਾ ਕੀਤਾ ਗਿਆ।ਸੰਸਥਾ ਦੇ ਪ੍ਰਬੰਧਕਾਂ ਵੱਲੋਂ ਸਾਰੇ ਖੂਨਦਾਨੀਆਂ ਦਾ ਧੰਨਵਾਦ ਕੀਤਾ ਗਿਆ ਅਤੇ ਅਜਿਹੀਆਂ ਮਨੁੱਖਤਾ ਨੂੰ ਸਮਰਪਿਤ ਗਤੀਵਿਧੀਆਂ ਨੂੰ ਅੱਗੇ ਵੀ ਜਾਰੀ ਰੱਖਣ ਦੀ ਅਪੀਲ ਕੀਤੀ ਗਈ।

# ਡੀ. ਐੱਮ. ਗਗਨਦੀਪ ਸਿੰਘ ਰੰਧਾਵਾ ਨੂੰ ਸ਼ਰਧਾਂਜਲੀ 'ਤੇ ਇਨਸਾਫ਼ ਦੀ ਮੰਗ

**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**- ਅਜਨਾਲਾ ਵਿਖੇ ਡੀ. ਐੱਮ. ਗਗਨਦੀਪ ਸਿੰਘ ਨੂੰ ਸ਼ਰਧਾਂਜਲੀ ਦੇਣ ਅਤੇ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਲਈ ਇੱਕ ਵਿਸ਼ਾਲ ਕੈਂਡਲ ਮਾਰਚ ਕੱਢਿਆ ਗਿਆ।ਇਹ ਮਾਰਚ ਸਾਬਕਾ ਵਿਧਾਇਕ ਹਰ ਪ੍ਰਤਾਪ ਸਿੰਘ




ਅਜਨਾਲਾ ਦੀ ਅਪੀਲ ਤੇ ਆਯੋਜਿਤ ਕੀਤਾ ਗਿਆ, ਜਿਸ ਵਿੱਚ ਇਲਾਕੇ ਦੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ।ਜਾਣਕਾਰੀ ਅਨੁਸਾਰ ਇਹ ਕੈਂਡਲ ਮਾਰਚ 24 ਮਾਰਚ ਸ਼ਾਮ 05:30 ਵਜੇ ਦਿਲਬਾਗ ਸਿੰਘ ਸਿਰਸਾ, ਚੋਗਾਵਾਂ ਰੋਡ ਤੋਂ ਸ਼ੁਰੂ ਹੋ ਕੇ ਅਜਨਾਲਾ ਦੇ ਮੈਨ ਚੌਂਕ ਤੱਕ ਕੱਢਿਆ ਗਿਆ।ਮਾਰਚ ਦੌਰਾਨ ਲੋਕਾਂ ਨੇ ਹੱਥਾਂ ਵਿੱਚ ਮੋਮਬੱਤੀਆਂ ਫੜ ਕੇ ਡੀ. ਐੱਮ. ਗਗਨਦੀਪ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਅਤੇ ਇਨਸਾਫ਼ ਦੀ ਮੰਗ ਕੀਤੀ।ਇਸ ਮੌਕੇ ਸਾਬਕਾ ਵਿਧਾਇਕ ਹਰ ਪ੍ਰਤਾਪ ਸਿੰਘ ਅਜਨਾਲਾ ਅਤੇ ਉਨ੍ਹਾਂ ਦੇ ਬੇਟੇ ਕੰਵਰ ਪ੍ਰਤਾਪ ਸਿੰਘ ਅਜਨਾਲਾ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਪਿਛਲੇ ਦਿਨੀਂ ਆਮ ਆਦਮੀ ਪਾਰਟੀ ਦੇ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਸਿਆਸੀ ਦਬਾਅ ਦੇ ਕਾਰਨ ਡੀ. ਐੱਮ. ਗਗਨਦੀਪ ਸਿੰਘ ਨੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ, ਜੋ ਕਿ ਬਹੁਤ ਹੀ ਦੁਖਦਾਈ ਅਤੇ ਗੰਭੀਰ ਮਾਮਲਾ ਹੈ।ਉਨ੍ਹਾਂ ਨੇ ਕਿਹਾ ਕਿ ਇਸ ਘਟਨਾ ਨਾਲ ਪੂਰੇ ਇਲਾਕੇ ਵਿੱਚ ਗਹਿਰਾ ਦੁੱਖ ਅਤੇ ਗੁੱਸਾ ਪਾਇਆ ਜਾ ਰਿਹਾ ਹੈ ਅਤੇ ਪੀੜਤ ਪਰਿਵਾਰ ਨੂੰ ਜਲਦ ਤੋਂ ਜਲਦ ਇਨਸਾਫ਼ ਮਿਲਣਾ ਚਾਹੀਦਾ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਮਾਮਲੇ ਦੀ ਨਿਰਪੱਖ ਜਾਂਚ ਕਰਵਾਈ ਜਾਵੇ ਅਤੇ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਖ਼ਤ ਸਜ਼ਾ ਦਿੱਤੀ ਜਾਵੇ।ਮਾਰਚ ਦੌਰਾਨ ਲੋਕਾਂ ਵੱਲੋਂ ਡੀ. ਐੱਮ. ਗਗਨਦੀਪ ਸਿੰਘ ਨੂੰ ਇਨਸਾਫ਼ ਦਿਓ ਅਤੇ ਦੋਸ਼ੀਆਂ ਨੂੰ ਸਜ਼ਾ ਦਿਓ ਦੇ ਨਾਅਰੇ ਲਗਾਏ ਗਏ।ਮਾਹੌਲ ਕਾਫੀ ਗੰਭੀਰ ਅਤੇ ਭਾਵੁਕ ਰਿਹਾ।ਲੋਕਾਂ ਨੇ ਮੋਮਬੱਤੀਆਂ ਜਲਾ ਕੇ ਡੀ. ਐੱਮ. ਗਗਨਦੀਪ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਅਤੇ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ।ਇਸ ਮੌਕੇ ਸ਼ਹਿਰੀ ਪ੍ਰਧਾਨ ਦਵਿੰਦਰ ਸਿੰਘ ਡੈਮ ਦਿਲਬਾਗ ਸਿੰਘ, ਐਡਵੋਕੇਟ ਸੁਨੀਲ, ਬਲਰਾਜ ਸਿੰਘ, ਗੁਰਦੀਪ ਸਿੰਘ, ਦੀਪਕ ਅਰੋੜਾ, ਰਾਣਾ ਭੱਖਾ, ਹੈਪੀ ਸ਼ਾਹ, ਰਮੇਸ਼ ਕੁਮਾਰ, ਸੁਖਦੇਵ ਸਰੀਨ, ਦਰਸ਼ਨ ਲਾਲ ਸਮੇਤ ਕਈ ਹੋਰ ਸ਼ਖਸੀਅਤਾਂ ਵੀ ਮੌਜੂਦ ਰਹੀਆਂ।

## ਦਾਜ ਦੀ ਮੰਗ ਕਰਨ ਵਾਲੇ ਪਤੀ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਕਾਹਨੂੰਵਾਨ ਪੁਲਸ ਨੇ ਜਾਂਚ ਦੌਰਾਨ ਪਾਇਆ ਕਿ ਸ਼ਿਕਾਇਤ ਕਰਤਾ ਅੰਨੂ ਮਸੀਹ ਪੁੱਤਰੀ ਅਨਵਰ ਮਸੀਹ ਵਾਸੀ ਕਾਹਨੂੰਵਾਨ ਦਾ ਵਿਆਹ ਫਰਵਰੀ 2025 ਵਿਚ ਵਿਕਾਸ ਪੁੱਤਰ ਰੋਸ਼ਨ ਲਾਲ ਵਾਸੀ ਮੁਹੱਲਾ ਸ਼ਹਿਜ਼ਾਦਾ ਨੰਗਲ ਗੁਰਦਾਸਪੁਰ ਨਾਲ ਹੋਇਆ ਸੀ। ਸ਼ਿਕਾਇਤ ਕਰਤਾ ਮਹਿਕਮਾ ਹੈਲਥ ਵਿਚ ਸਿੱਧਵਾਂ ਡਿਸਪੈਂਸਰੀ ਵਿਚ ਨੌਕਰੀ ਕਰ ਰਹੀ ਹੈ। ਵਿਆਹ ਤੋਂ ਬਾਅਦ ਸ਼ਿਕਾਇਤ ਦਾ ਪਤੀ ਦਹੇਜ ਵਿੱਚ ਕਾਰ ਦੀ ਮੰਗ ਕਰਦਾ ਸੀ ਅਤੇ ਜੀ. ਪੀ. ਫੰਡ ਵਿੱਚ ਜਿੰਨੇ ਵੀ ਪੈਸੇ ਹਨ ਕੱਢਵਾ ਕੇ ਦੇਣ ਲਈ ਕਹਿੰਦਾ ਸੀ। 29 ਅਗਸਤ ਨੂੰ ਸ਼ਿਕਾਇਤ ਦੀ ਕੁੱਟਮਾਰ ਕਰਕੇ ਉਸ ਨੂੰ ਘਰੋਂ ਕੱਢ ਦਿੱਤਾ। ਸ਼ਿਕਾਇਤ ਕਰਤਾ ਹੁਣ ਆਪਣੇ ਪੇਕੇ ਘਰ ਵਿਚ ਰਹਿ ਰਹੀ ਹੈ।

## ਰੰਧਾਵਾ ਆਤਮਹੱਤਿਆ ਮਾਮਲੇ ਦੀ ਜਾਂਚ ਸੀ ਬੀ ਆਈ ਤੋਂ ਕਰਵਾਈ ਜਾਵੇ : ਨੌਸ਼ਹਿਰਾ ਪੰਨੂਆਂ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਸੀ. ਪੀ. ਆਈ. ਐੱਮ ਐੱਲ ਲਿਬਰੇਸ਼ਨ ਦੀ ਜ਼ਿਲ੍ਹਾ ਇਕਾਈ ਤਰਨਤਾਰਨ ਦੇ ਕਾਰਜਕਾਰੀ ਸਕੱਤਰ ਦਲਵਿੰਦਰ ਸਿੰਘ ਨੌਸ਼ਹਿਰਾ ਪੰਨੂਆਂ ਨੇ ਕਿਹਾ



ਕਿ ਪੰਜਾਬ ਸਟੇਟ ਮਾਰਕਫੈੱਡ ਵੇਅਰ ਹਾਊਸ ਦੇ ਐੱਮ. ਡੀ. ਗਗਨਦੀਪ ਸਿੰਘ ਰੰਧਾਵਾ ਦੀ ਕੁੱਟਮਾਰ ਕਰਨ ਅਤੇ ਪਰਿਵਾਰ ਨੂੰ ਜਾਨੀ ਮਾਲੀ ਨੁਕਸਾਨ ਕਰਨ ਦੀਆਂ ਧਮਕੀਆਂ ਤੋਂ ਤੰਗ ਆ ਕੇ ਪੰਜਾਬ ਦੇ ਮੰਤਰੀ ਲਾਲਜੀਤ ਸਿੰਘ ਭੁੱਲਰ, ਉਸਦੇ ਪਿਉ ਸੁਖਦੇਵ ਸਿੰਘ ਭੁੱਲਰ ਅਤੇ ਪੀ. ਏ. ਦਿਲਬਾਗ ਸਿੰਘ ਤੋਂ ਦੁਖੀ ਹੋ ਕੇ ਕੀਤੀ ਆਤਮਹੱਤਿਆ ਦੇ ਮਾਮਲੇ ਵਿਚ ਭਾਵੇਂ ਲਾਲਜੀਤ ਭੁੱਲਰ ਨੂੰ ਮੰਤਰੀ ਮੰਡਲ ਵਿੱਚੋਂ ਕੱਢ ਦਿਤਾ ਹੈ, ਅਤੇ ਪਰਚਾ ਦਰਜ ਹੋ ਚੁੱਕਾ ਹੈ ਅਤੇ ਭੁੱਲਰ ਦੇ ਪੀ. ਏ. ਦੀ ਗ੍ਰਿਫ਼ਤਾਰੀ ਵੀ ਹੋ ਚੁੱਕੀ ਹੈ ਪਰ ਇਹ ਨਾਕਾਫੀ ਹੈ। ਦਲਵਿੰਦਰ ਸਿੰਘ ਨੌਸ਼ਹਿਰਾ ਪੰਨੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਭੁੱਲਰ ਅਤੇ ਸਹਿਯੋਗੀਆਂ ਨੂੰ ਬਚਾਉਣ ਲਈ ਪੂਰਾ ਤਾਣ ਲਾਵੇਗੀ ਜਿਸ ਤਰ੍ਹਾਂ ਆਪਣੇ ਮੰਤਰੀ ਲਾਲ ਚੰਦ ਕਟਾਰੂ ਚੱਕ ਨੂੰ ਬਚਾਉਣ ਲਈ ਕੀਤਾ ਸੀ।ਇਸ ਲਈ ਇਸਦੀ ਜਾਂਚ ਸੀ. ਬੀ. ਆਈ. ਤੋਂ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਪਾਰਟੀ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟਾਉਂਦੀ ਹੋਈ ਦੁੱਖ ਦੀ ਘੜੀ 'ਚ ਉਨ੍ਹਾਂ ਦੇ ਨਾਲ ਖੜੀ ਹੈ।

# ਡੀ ਐੱਮ ਰੰਧਾਵਾ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਕਾਂਗਰਸੀਆਂ ਵੱਲੋਂ ਕੈਂਡਲ ਮਾਰਚ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਦੇਰ ਸ਼ਾਮ ਹਲਕਾ ਡੇਰਾ ਬਾਬਾ ਨਾਨਕ ਦੇ ਕਾਂਗਰਸੀ ਵਰਕਰਾਂ ਤੇ ਆਗੂਆਂ ਵੱਲੋਂ ਐੱਫ. ਸੀ. ਆਈ. ਦੇ ਜ਼ਿਲ੍ਹਾ ਅੰਮ੍ਰਿਤਸਰ ਤੇ ਤਰਨਤਾਰਨ ਦੇ ਡੀ. ਐੱਮ. ਗਗਨਦੀਪ ਸਿੰਘ ਰੰਧਾਵਾ ਨੂੰ ਬੀਤੇ ਦਿਨੀਂ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਤੇ ਉਸਦੇ ਪਿਤਾ ਵੱਲੋਂ ਕੁੱਟਮਾਰ ਕਰਨ ਕਰਕੇ ਉਨ੍ਹਾਂ ਵੱਲੋਂ ਖੁਦਕੁਸ਼ੀ ਕਰ ਲਈ ਗਈ।ਉਸ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਕਾਂਗਰਸੀਆਂ ਵੱਲੋਂ ਕਸਬਾ ਡੇਰਾ ਬਾਬਾ ਨਾਨਕ ਦੇ ਮੇਨ ਬਾਜ਼ਾਰ ਵਿਖੇ ਕੈਂਡਲ ਮਾਰਚ ਕੱਢਿਆ ਗਿਆ ਅਤੇ ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਮੰਗ ਕੀਤੀ ਗਈ ਕਿ ਸਾਨੂੰ ਅਸਤੀਫ਼ਾ ਨਹੀ ਇਨਸਾਫ਼ ਚਾਹੀਦਾ ਹੈ।ਇਸ ਮੌਕੇ ਵੱਖ-ਵੱਖ ਆਗੂਆਂ




ਨੇ ਆਮ ਆਦਮੀ ਪਾਰਟੀ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਆਪਣੇ ਆਪ ਨੂੰ ਕੱਟੜ ਤੇ ਇਮਾਨਦਾਰ ਦਾ ਢਿੰਡੋਰਾ ਪਿੱਟਣ ਵਾਲਿਆਂ ਦੇ ਰਾਜ ਦੌਰਾਨ ਅਫ਼ਸਰਸ਼ਾਹੀ ਤੋਂ ਰਿਸ਼ਵਤ ਮੰਗਣ ਬਦਲੇ ਜ਼ਲੀਲ ਕਰਕੇ ਮੌਤ ਦੇ ਮੂੰਹ ਵਿੱਚ ਧੱਕਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਰੰਧਾਵਾ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਹਰ ਤਰ੍ਹਾਂ ਦੀ ਕੋਸ਼ਿਸ਼ ਕਰੇਗੀ।ਇਸ ਮੌਕੇ ਹਰਵਿੰਦਰ ਸਿੰਘ ਬਲਾਕ ਪ੍ਰਧਾਨ ਕਲਾਨੌਰ, ਤੇਜਵੰਤ ਰੰਧਾਵਾ, ਬਲਾਕ ਪ੍ਰਧਾਨ ਡੇਰਾ ਬਾਬਾ ਨਾਨਕ, ਸਾਬਕਾ ਚੇਅਰਮੈਨ ਹਰਦੀਪ ਸਿੰਘ ਗੋਰਾਇਆ, ਸਾਬਕਾ ਚੇਅਰਮੈਨ ਨਰਿੰਦਰ ਸਿੰਘ ਚੋੜ੍ਹਾ, ਸਾਬਕਾ ਚੇਅਰਮੈਨ ਲਾਡੀ ਸਮਰਾਵਾ, ਸਾਬਕਾ ਚੇਅਰਮੈਨ ਬਲਜੀਤ ਸਿੰਘ ਅਵਾਣ, ਕਾਂਗਰਸੀ ਆਗੂ ਦਵਿੰਦਰ ਪਾਲ ਪਾਲੀ, ਸਰਬਜੀਤ ਸਿੰਘ ਘਣੀਆ, ਪਵਨ ਕੁਮਾਰ ਪੰਮਾ, ਠੇਕੇਦਾਰ ਵਾਰਸ ਮਸੀਹ, ਹਰਦੀਪ ਸਿੰਘ ਸਾਬਕਾ ਸਰਪੰਚ ਜੌੜੀਆਂ ਖੁਰਦ, ਦਲੇਰ ਸਿੰਘ ਠੇਠਰਕੇ, ਰਿਸ਼ੂ ਕੁਮਾਰ, ਦੀਪਕ ਸ਼ਰਮਾ, ਬਿੱਲੂ ਸਰਪੰਚ, ਅਜੀਤ ਸਿੰਘ ਹਰੂਵਾਲ, ਜਗਜੀਤ ਸਿੰਘ ਨੰਬਰਦਾਰ ਖਾਸਾ ਵਾਲੀ, ਰਿੰਕਾ ਅਗਵਾਨ, ਗੁਰਨਾਮ ਸਿੰਘ ਪੱਖੋਕੇ ਟਾਹਲੀ ਸਾਹਿਬ, ਬੂੜ ਸਿੰਘ ਸਾਬਕਾ ਸਰਪੰਚ ਜੌੜੀਆਂ ਕਲਾਂ, ਸੁਰਜੀਤ ਸਿੰਘ ਮਾਹਲ ਨੰਗਲ, ਸੁਖਪ੍ਰੀਤ ਸਿੰਘ ਡੇਰਾ ਤੋ ਇਲਾਵਾ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਤੇ ਆਗੂ ਹਾਜ਼ਰ ਸਨ।

# ਨਵੀਂ ਕੁਸ਼ਾਕ ਲਾਂਚ; ਮੁੱਲ, ਕਾਰਗੁਜ਼ਾਰੀ ਤੇ ਸੁਰੱਖਿਆ ਨੂੰ ਮਿਲੀ ਨਵੀਂ ਪਰਿਭਾਸ਼ਾ

**ਅੰਮ੍ਰਿਤਸਰ** : ਸਕੋਡਾ ਆਟੋ ਇੰਡੀਆ ਵੱਲੋਂ ਨਵੀਂ ਤਰ੍ਹਾਂ ਤਿਆਰ ਕੀਤੀ ਅਤੇ ਸੁਧਾਰੀ ਗਈ ਕੁਸ਼ਾਕ ਦੀਆਂ ਕੀਮਤਾਂ ਦਾ ਐਲਾਨ ਕਰਦੇ ਹੋਏ ਗਾਹਕਾਂ ਲਈ ਵਾਹਨਾਂ ਦੀ ਸਪੁਰਦਗੀ ਵੀ ਸ਼ੁਰੂ ਕਰ ਦਿੱਤੀ ਗਈ ਹੈ।ਇਸ ਸਾਲ ਜਨਵਰੀ ਵਿੱਚ ਪੇਸ਼ ਕੀਤੀ ਗਈ ਨਵੀਂ ਕੁਸ਼ਾਕ ਮੁੱਲ, ਸੁਰੱਖਿਆ ਅਤੇ ਡ੍ਰਾਈਵਿੰਗ ਸਮਰੱਥਾ ਦੇ ਮਾਮਲੇ ਵਿੱਚ ਅੱਗੇ ਹੈ ਅਤੇ ਪੂਰੀ ਰੇਂਜ ਵਿੱਚ ਯੂਰਪੀ ਤਕਨਾਲੋਜੀ ਨੂੰ ਹਰ ਕਿਸੇ ਤੱਕ ਪਹੁੰਚਾਉਣ ਦੀ ਕੰਪਨੀ ਦੀ ਯੋਜਨਾ ਨੂੰ ਅੱਗੇ ਵਧਾਉਂਦੀ ਹੈ।ਸਕੋਡਾ ਆਟੋ ਇੰਡੀਆ ਦੇ ਬ੍ਰਾਂਡ ਡਾਇਰੈਕਟਰ ਆਸ਼ੀਸ਼ ਗੁਪਤਾ ਨੇ ਕਿਹਾ ਕਿ ਸਕੋਡਾ ਵਿੱਚ ਸਾਡਾ ਮਕਸਦ ਯੂਰਪੀ ਤਕਨਾਲੋਜੀ ਨੂੰ ਹਰ ਇਕ ਲਈ ਉਪਲਬਧ ਕਰਵਾਉਣਾ ਅਤੇ ਇਸਨੂੰ ਹੋਰ ਵੱਧ ਗਾਹਕਾਂ ਲਈ ਆਸਾਨ ਬਣਾਉਣਾ ਹੈ।ਨਵੀਂ ਕੁਸ਼ਾਕ ਦੇ ਨਾਲ ਅਸੀਂ ਪੂਰੀ ਰੇਂਜ ਵਿੱਚ ਮੁੱਲ ਨੂੰ ਨਵੇਂ ਢੰਗ ਨਾਲ ਪਰਿਭਾਸ਼ਿਤ ਕਰ ਰਹੇ ਹਾਂ। ਨਵੀਂ ਕੁਸ਼ਾਕ ਸਾਰੇ ਰੂਪਾਂ ਵਿੱਚ ਮੁਕਾਬਲੇਯੋਗ ਕੀਮਤਾਂ, ਬਿਹਤਰ ਮਿਆਰੀ ਸੁਰੱਖਿਆ ਵਿਸ਼ੇਸ਼ਤਾਵਾਂ ਅਤੇ ਹਰ ਪੱਖੋਂ ਚੰਗੀ ਕਾਰਗੁਜ਼ਾਰੀ ਦੇ ਨਾਲ ਅੱਗੇ ਹੈ।ਸੁਰੱਖਿਆ, ਬੇਮਿਸਾਲ ਡ੍ਰਾਈਵਿੰਗ ਸਮਰੱਥਾ ਅਤੇ ਮਾਲਕੀ ਦਾ ਮਾਣ ਹਰ ਸਕੋਡਾ ਵਾਂਗ ਨਵੀਂ ਕੁਸ਼ਾਕ ਨਾਲ ਵੀ ਮਹਿਸੂਸ ਹੁੰਦਾ ਹੈ।

# ਖ਼ਾਲਸਾ ਕਾਲਜ ਆਫ ਨਰਸਿੰਗ ਵਿਖੇ ਕਰਵਾਇਆ ਸਹੁੰ-ਚੁੱਕ ਸਮਾਰੋਹ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖ਼ਾਲਸਾ ਕਾਲਜ ਆਫ਼ ਨਰਸਿੰਗ ਵਿਖੇ ਵਿਦਿਆਰਥੀਆਂ ਦੇ ਨਵੇਂ ਬੈਚ ਏ. ਐੱਨ. ਐੱਮ., ਜੀ. ਐੱਨ. ਐੱਮ., ਬੇਸਿਕ ਬੀ. ਐੱਸਸੀ ਨਰਸਿੰਗ ਸੈਸ਼ਨ 2025-26 ਸਬੰਧੀ ਸਹੁੰ-ਚੁੱਕ ਸਮਾਰੋਹ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ ਦੀ ਅਗਵਾਈ ਹੇਠ ਕਰਵਾਏ ਗਏ ਉਕਤ ਸਮਾਰੋਹ ਮੌਕੇ ਸਰਕਾਰੀ ਨਰਸਿੰਗ ਕਾਲਜ ਪ੍ਰਿੰਸੀਪਲ ਡਾ. ਭੁਵਨੇਸ਼ ਸ਼ੁਕਲਾ ਨੇ ਮੁੱਖ



ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਸਮਾਰੋਹ ਦਾ ਮਕਸਦ ਫਲੋਰੈਂਸ ਨਾਈਟਿੰਗੇਲ-ਦਿ ਲੇਡੀ ਵਿਦ ਦ ਲੈਂਪ ਨੂੰ ਸ਼ਰਧਾਂਜਲੀ ਦੇਣਾ ਸੀ।ਪ੍ਰੋਗਰਾਮ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਕਰਨ ਉਪਰੰਤ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਡਾ. ਸ਼ੁਕਲਾ ਅਤੇ ਹੋਰ ਪਤਵੰਤਿਆਂ ਦਾ ਪੌਦਾ ਭੇਟ ਕਰਕੇ ਸਵਾਗਤ ਕੀਤਾ।ਇਸ ਮੌਕੇ ਪ੍ਰਿੰ: ਡਾ. ਅਮਨਪ੍ਰੀਤ ਕੌਰ (ਪ੍ਰਿੰ.) ਨੇ ਨਵੀਆਂ ਬਣ ਰਹੀਆਂ ਨਰਸਾਂ ਨੂੰ ਉਤਸ਼ਾਹਿਤ ਕਰਦਿਆਂ 'ਜਗਦੀ ਹੋਈ ਜੋਤ' ਦੇ ਪ੍ਰਤੀਕ ਨੂੰ ਸਮਝਾਇਆ।ਇਸ ਮੌਕੇ ਡਾ. ਸ਼ੁਕਲਾ ਨੇ ਵਿਦਿਆਰਥੀਆਂ ਨੂੰ ਮਨੁੱਖਤਾ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਨਵੇਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਆਪਣੇ ਪੇਸ਼ੇਵਰ ਕਰੀਅਰ ਦੌਰਾਨ ਆਪਣੇ ਕੰਮ ਪ੍ਰਤੀ ਆਪਣੇ ਅੰਦਰੂਨੀ ਜਨੂੰਨ ਫ਼ਿੱਕਾ ਨਾ ਪੈਣ ਦੇਣ।ਇਸ ਮੌਕੇ ਉਨ੍ਹਾਂ ਨੇ ਫਲੋਰੈਂਸ ਨਾਈਟਿੰਗੇਲ ਦੀ ਜੀਵਨ ਸ਼ੈਲੀ ਅਤੇ ਮਨੁੱਖਤਾ ਪ੍ਰਤੀ ਸਮਰਪਣ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਇਸ ਸਮਾਗਮ ਦੀ ਆਯੋਜਕ ਸਮੀਤਾ ਇਨੋਸ਼, ਡਾ. ਮੋਨਿਕਾ ਡੋਗਰਾ ਅਤੇ ਸਹਿ-ਆਯੋਜਕ ਗਗਨਦੀਪ ਕੌਰ ਨੇ ਵਿਦਿਆਰਥੀਆਂ ਨੂੰ ਨਰਸਿੰਗ ਦੇ ਪੇਸ਼ੇ ਦੀ ਮਰਿਆਦਾ ਅਤੇ ਆਦਰਸ਼ਾਂ ਨੂੰ ਕਾਇਮ ਰੱਖਣ ਲਈ ਉਤਸ਼ਾਹਿਤ ਕੀਤਾ।ਸਮਾਗਮ 'ਚ ਕਾਲਜ ਸਟਾਫ਼ ਤੋਂ ਇਲਾਵਾ ਵੱਡੀ ਗਿਣਤੀ 'ਚ ਵਿਦਿਆਰਥੀਆਂ ਹਾਜ਼ਰ ਸਨ।

# ਮੋਹਾਲੀ ਵਿਖੇ ਉਸਾਰੀ ਕਿਰਤੀਆਂ ਦੀ ਸੂਬਾਈ ਰੈਲੀ ਭਲਕੇ : ਚੌਹਾਨ/ਉੱਡਤ

**ਮਾਨਸਾ (ਆਤਮਾ ਸਿੰਘ ਪਮਾਰ)**- ਉਸਾਰੀ ਕਿਰਤੀਆਂ ਦੇ ਹੱਕ 'ਚ ਬਣੇ ਕਾਨੂੰਨਾਂ ਨੂੰ ਕੇਂਦਰ ਤੇ ਸੂਬਾਈ ਸਰਕਾਰਾਂ ਲਾਗੂ ਕਰਨ ਦੀ ਬਜਾਏ ਹੌਲੀ-ਹੌਲੀ ਖਤਮ ਕਰਨ ਵੱਲ ਵਧ ਰਹੀਆਂ ਹਨ।ਉਕਤ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਅਤੇ ਏਟਕ ਦੇ ਸੂਬਾਈ ਆਗੂ ਸਾਥੀ ਕ੍ਰਿਸ਼ਨ ਚੌਹਾਨ, ਐਡਵੋਕੇਟ ਕੁਲਵਿੰਦਰ ਉਡਤ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕੀਤਾ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਲੇਬਰ ਵਿਭਾਗ ਉਸਾਰੀ ਕਿਰਤੀਆਂ ਲਈ ਚਲਦੀਆਂ ਭਲਾਈ ਸਕੀਮ ਨੂੰ ਲੈ ਕੇ ਕੋਝੇ ਹੱਥ ਕੰਡੇ ਵਰਤ ਕੇ ਲਾਭਪਾਤਰੀਆਂ ਨੂੰ ਪ੍ਰੇਸ਼ਾਨ ਕਰਦਾ ਆ ਰਿਹਾ ਹੈ।ਉਨ੍ਹਾਂ ਨੂੰ ਕਾਨੂੰਨੀ ਤੌਰ ਤੇ ਮਿਲਣ ਵਾਲੇ ਲਾਭਾਂ 'ਚ ਕਾਟੌਤੀਆਂ ਵੀ ਕੀਤੀਆਂ ਜਾ ਰਹੀਆਂ ਹਨ।ਇਸ ਤੋਂ ਇਲਾਵਾ ਵੱਖ-ਵੱਖ ਕਿਸਮ ਦੇ ਕਲੇਮ ਵੀ ਸਾਲਾਂਬੱਧੀ ਪਾਸ ਨਹੀਂ ਕੀਤੇ ਜਾ ਰਹੇ।ਵਾਰ-ਵਾਰ ਧਿਆਨ 'ਚ ਲਿਆਉਣ ਦੇ ਬਾਵਜੂਦ ਵੀ ਕਿਰਤੀਆਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ।ਕੰਸਟ੍ਰਕਸ਼ਨ ਵੈੱਲਫ਼ੇਅਰ ਬੋਰਡ ਦੀਆਂ ਮੀਟਿੰਗਾਂ ਤੋਂ ਬਿਨ੍ਹਾਂ ਹੀ ਮਨਮਰਜ਼ੀ ਨਾਲ ਲਾਭਪਾਤਰੀਆਂ ਵਿਰੋਧੀ ਫੈਸਲੇ ਲਏ ਜਾ ਰਹੇ ਹਨ।ਐਕਸ



ਗਰੇਸ਼ੀਆ ਦੇ ਕੇਸ 24 ਅਕਤੂਬਰ 2024 ਤੋਂ ਬਾਅਦ ਪਾਸ ਨਹੀਂ ਕੀਤੇ ਗਏ।ਜਾਣਬੁੱਝ ਕੇ 27 ਨੰਬਰ ਫਾਰਮ ਦਾ ਅੜਿੱਕਾ ਲਗਾਇਆ ਜਾ ਰਿਹਾ ਹੈ।ਪੈਨਸ਼ਨ 3000 ਤੋਂ ਘਟਾ ਕੇ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਦੇ ਸਾਲਾਂ ਨਾਲ ਜੋੜ ਕੇ ਤਿੰਨ ਸਾਲ ਪੰਜ ਸਾਲ ਅਤੇ ਦਸ ਸਾਲ ਆਦਿ ਤਰੀਕੇ ਨਾਲ ਪੰਜ, ਇੱਕ ਹਜ਼ਾਰ ਅਤੇ ਪੰਦਰਾਂ ਸੌ ਰੁਪਏ ਕਰ ਦਿੱਤੀ ਗਈ ਹੈ।ਵਿਭਾਗ ਦੀਆਂ ਸਾਈਟਾਂ ਲਗਭਗ ਬੰਦ ਹੀ ਰਹਿੰਦੀਆਂ ਹਨ, ਬੇਲੋੜੇ ਇਤਰਾਜ਼ ਲਗਾਏ ਜਾ ਰਹੇ ਹਨ।ਐੱਨ. ਆਈ. ਸੀ. ਤੇ ਸੇਵਾ ਕੇਂਦਰ 'ਚ ਵੀ ਕੋਈ ਤਾਲਮੇਲ ਨਹੀਂ, ਜ਼ਿਲ੍ਹਿਆਂ ਵਿੱਚੋਂ ਪਾਸ ਕੇਸ ਸਾਲਾਂਬੱਧੀ ਪਏ ਰਹਿੰਦੇ ਹਨ।ਐੱਲ. ਟੀ. ਸੀ. ਵੀ ਲਗਭਗ ਖਤਮ ਹੋ ਚੁੱਕੀ ਹੈ, ਜਨਰਲ ਸਰਜਰੀ ਨੂੰ ਸਿਹਤ ਬੀਮਾ ਦਸ ਲੱਖ ਵਾਲੇ ਕਾਰਡਾਂ ਨਾਲ ਜੋੜ ਦਿੱਤਾ ਹੈ, ਅਪ੍ਰੇਸ਼ਨਾਂ ਦੇ ਬਿੱਲ ਪਾਸ ਨਹੀਂ ਕੀਤੇ ਜਾ ਰਹੇ।ਇਸ ਲਈ ਕਿਰਤ ਵਿਭਾਗ ਵੱਲੋਂ ਉਸਾਰੀ ਕਿਰਤੀਆਂ ਨਾਲ ਹੋ ਰਹੀਆਂ ਵਧੀਕੀਆਂ ਖ਼ਿਲਾਫ਼ ਕੰਸਟ੍ਰਕਸ਼ਨ ਵਰਕਰ ਐਂਡ ਲੇਬਰ ਯੂਨੀਅਨ ਏਟਕ ਵੱਲੋਂ 27 ਮਾਰਚ ਨੂੰ ਕਿਰਤ ਭਵਨ ਮੋਹਾਲੀ ਦੇ ਸਾਹਮਣੇ ਪੰਜਾਬ ਪੱਧਰੀ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ।ਸਾਥੀ ਚੌਹਾਨ ਤੇ ਉੱਡਤ ਨੇ ਇਸ ਰੈਲੀ ਨੂੰ ਸਫ਼ਲ ਬਣਾਉਣ ਲਈ ਕਿਰਤੀਆਂ ਨੂੰ ਵੱਡੀ ਗਿਣਤੀ 'ਚ ਪੁੱਜਣ ਦੀ ਪੁਰਜ਼ੋਰ ਅਪੀਲ ਵੀ ਕੀਤੀ।ਇਸ ਮੌਕੇ ਕਰਨੈਲ ਸਿੰਘ ਭੀਖੀ, ਲਾਭ ਸਿੰਘ ਮੰਢਾਲੀ, ਸੁਖਦੇਵ ਸਿੰਘ ਮਾਨਸਾ, ਬੂਟਾ ਸਿੰਘ ਬਰਨਾਲਾ ਆਦਿ ਵੀ ਉਨ੍ਹਾਂ ਨਾਲ ਮੌਜੂਦ ਸਨ।

# ਦੋ ਦਿਨਾ ਅੰਤਰਰਾਸ਼ਟਰੀ ਕਾਨਫਰੰਸ ਕਰਵਾਈ




**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** ਖ਼ਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਵਿਖੇ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ ਦਿੱਲੀ ਦੇ ਸਹਿਯੋਗ ਨਾਲ 'ਏਆਈ ਅਤੇ ਮਸ਼ੀਨ ਲਰਨਿੰਗ ਨਾਲ ਇੰਜੀਨੀਅਰਿੰਗ ਅਨੁਸ਼ਾਸਨਾਂ ਨੂੰ ਜੋੜਨਾ' ਵਿਸ਼ੇ 'ਤੇ ਏ. ਐੱਨ. ਆਰ. ਐੱਫ਼. ਵੱਲੋਂ ਅੰਤਰਰਾਸ਼ਟਰੀ ਕਾਨਫਰੰਸ ਕਰਵਾਈ ਗਈ।ਉਕਤ 2 ਦਿਨਾ ਕਾਨਫਰੰਸ ਦਾ ਉਦਘਾਟਨ ਵੱਖ-ਵੱਖ ਸਮੇਂ ਕ੍ਰਮਵਾਰ ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਅਤੇ ਦੂਸਰੇ ਦਿਨ ਮੁੱਖ ਮਹਿਮਾਨ ਐੱਨ. ਆਈ. ਟੀ. ਦਿੱਲੀ ਤੋਂ ਡਾਇਰੈਕਟਰ ਪ੍ਰੋ. (ਡਾ.) ਅਜੈ ਕੁਮਾਰ ਸ਼ਰਮਾ ਨੇ ਕਾਲਜ ਡਾਇਰੈਕਟਰ ਡਾ. ਮੰਜੂ ਬਾਲਾ ਨਾਲ ਮਿਲ ਕੇ ਸ਼ਮ੍ਹਾ ਰੌਸ਼ਨ ਕਰਕੇ ਕੀਤਾ ਗਿਆ।ਉਪਰੋਕਤ ਕਾਨਫਰੰਸ ਦਾ ਮਕਸਦ ਅਕਾਦਮਿਕ, ਖੋਜਕਰਤਾ, ਉਦਯੋਗ ਮਾਹਿਰਾਂ ਅਤੇ ਵਿਦਿਆਰਥੀਆਂ ਨੂੰ ਇਕੱਠਾ ਕਰਕੇ ਗਿਆਨ ਦੇ ਆਦਾਨ-ਪ੍ਰਦਾਨ, ਨਵੀਨਤਾ ਅਤੇ ਅੰਤਰ-ਅਨੁਸ਼ਾਸਨੀ ਸਹਿਯੋਗ ਲਈ ਗਤੀਸ਼ੀਲ ਪਲੇਟਫਾਰਮ ਪ੍ਰਦਾਨ ਕਰਨਾ ਸੀ।

# ਦਿਹਾਤੀ ਮਜ਼ਦੂਰ ਸਭਾ ਵੱਲੋਂ 8 ਅਪ੍ਰੈਲ ਨੂੰ ਜਲੰਧਰ 'ਚ ਰੈਲੀ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਦਿਹਾਤੀ ਮਜ਼ਦੂਰ ਸਭਾ ਦੀ ਤਹਿਸੀਲ ਕਮੇਟੀ ਤਰਨਤਾਰਨ ਦੀ ਮੀਟਿੰਗ ਸਰਪੰਚ ਮੀਨਾ ਕੌਰ ਚੀਮਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਜਥੇਬੰਦੀ ਦੇ ਮੈਂਬਰਾਂ ਤੇ ਹਮਦਰਦਾਂ ਨੇ ਹਿੱਸਾ ਲਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਤੇ ਸੂਬਾ ਕਮੇਟੀ ਮੈਂਬਰ ਬਲਦੇਵ ਸਿੰਘ ਭੈਲ ਨੇ ਕਿਹਾ ਕਿ ਖੇਤ ਮਜ਼ਦੂਰਾਂ ਦੀਆਂ ਭਖਦੀਆਂ ਮੰਗਾਂ ਦੇ ਹੱਲ ਲਈ 8 ਅਪ੍ਰੈਲ ਨੂੰ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੈਲੀ ਵਿੱਚ ਜ਼ਿਲ੍ਹਾ ਤਰਨਤਾਰਨ ਵਿੱਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਖੇਤ ਮਜ਼ਦੂਰ ਔਰਤਾਂ ਤੇ ਮਰਦ ਭਾਗ ਲੈਣਗੇ ਜਿਸ ਦੀਆਂ ਤਿਆਰੀਆਂ ਬੜੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ।ਇਸ ਵਿਸ਼ਾਲ ਰੈਲੀ ਪ੍ਰਤੀ ਮਜ਼ਦੂਰ ਵਰਗ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

ਇਨ੍ਹਾਂ ਆਗੂਆਂ ਨੇ ਕਿਰਤੀ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਦਿਹਾਤੀ ਮਜ਼ਦੂਰ ਸਭਾ ਵੱਲੋਂ ਹੋ ਰਹੀ ਇਸ ਵਿਸ਼ਾਲ ਰੈਲੀ ਨੂੰ ਤਨ, ਮਨ, ਧਨ ਨਾਲ ਸਫ਼ਲ ਬਣਾਇਆ ਜਾਵੇ ਤਾਂ ਜੋ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਮਜ਼ਦੂਰ ਮਾਰੂ ਨੀਤੀਆਂ ਦਾ ਮੁਕਾਬਲਾ ਕੀਤਾ ਜਾ ਸਕੇ।ਮੀਟਿੰਗ ਵਿੱਚ ਜਥੇਬੰਦੀ ਦੇ ਸੀਨੀਅਰ ਆਗੂ ਜਰਨੈਲ ਸਿੰਘ ਰਸੂਲਪੁਰ, ਪਰਮਜੀਤ ਸਿੰਘ ਗੰਡੀਵਿੰਡ, ਸੋਨੂੰ ਸਿੰਘ ਭੁੱਚਰ ਆਦਿ ਆਗੂ ਹਾਜ਼ਰ ਸਨ।

# 'ਮਨਿ ਜੀਤੈ ਜਗੁ ਜੀਤੁ' ਵਿਸ਼ੇ 'ਤੇ ਕਰਵਾਇਆ ਵਿਸ਼ੇਸ਼ ਭਾਸ਼ਣ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਦਿ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ ਦੇ ਸੰਵਿਧਾਨਿਕ ਕਾਲਜ ਗੁਰੂ ਨਾਨਕ ਸਰਕਾਰੀ ਕਾਲਜ, ਕਾਲਾ ਅਫ਼ਗਾਨਾ (ਗੁਰਦਾਸਪੁਰ) ਵਿਖੇ ਪ੍ਰਿੰਸੀਪਲ/ਇੰਚਾਰਜ ਡਾ. ਅਮਨਦੀਪ ਕੌਰ ਦੀ ਅਗਵਾਈ ਹੇਠ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਦੇ ਸਹਿਯੋਗ ਨਾਲ 'ਮਨਿ ਜੀਤੈ ਜਗੁ ਜੀਤੁ' ਵਿਸ਼ੇ ਉਪਰ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ।ਸੈਮੀਨਾਰ ਦੀ ਸ਼ੁਰੂਆਤ ਵਿੱਚ ਕੋਆਰਡੀਨੇਟਰ ਡਾ. ਅਸ਼ਵਨੀ ਕੁਮਾਰ ਨੇ ਆਏ ਹੋਏ ਮੁੱਖ ਬੁਲਾਰੇ ਗੁਰਸ਼ੇਰ ਸਿੰਘ ਮੱਲੂ ਨੰਗਲ (ਕਥਾ ਵਾਚਕ, ਮਾਈਂਡ ਹੀਲਰ ਅਤੇ ਲੈਕਚਰਾਰ) ਬਾਰੇ ਜਾਣ-ਪਹਿਚਾਣ ਕਰਵਾਈ ਅਤੇ ਮਨਿ ਜੀਤੈ ਜਗੁ ਜੀਤੁ ਵਿਸ਼ੇ ਦੀ ਸਾਰਥਿਕਤਾ ਬਾਰੇ ਦੱਸਿਆ।ਇਸ ਉਪਰੰਤ ਪ੍ਰਿੰਸੀਪਲ/ਇੰਚਾਰਜ ਡਾ. ਅਮਨਦੀਪ ਕੌਰ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਵਜੋਂ ਪੌਦੇ ਦੇ ਕੇ ਸਵਾਗਤ ਕੀਤਾ ਗਿਆ।ਇੰਚਾਰਜ ਮੈਡਮ ਨੇ ਮਨਿ ਜੀਤੈ ਜਗੁ ਜੀਤੁ ਵਿਸ਼ੇ ਉਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਅਜੋਕੇ ਪਦਾਰਥਵਾਦੀ ਅਤੇ ਨਿੱਜੀਕਰਨ ਦੇ ਦੌਰ ਵਿੱਚ ਮਨੁੱਖ ਨੂੰ ਆਪਣੇ ਮਨ ਨੂੰ ਸਮਝਣ ਦੀ ਹੋਰ ਵੀ ਜ਼ਿਆਦਾ ਲੋੜ ਹੈ।ਉਨ੍ਹਾਂ ਕਿਹਾ ਕਿ ਵਿਦਿਆਰਥੀ ਜੀਵਨ ਵਿੱਚ ਅਨੁਸ਼ਾਸਨ ਦੇ ਅਧੀਨ ਰਹਿਣ ਦੀ ਸਖ਼ਤ ਲੋੜ ਹੁੰਦੀ ਹੈ।ਸ੍ਰ. ਗੁਰਸ਼ੇਰ ਸਿੰਘ ਨੇ ਮਨੋਵਿਗਿਆਨ ਦੇ ਹਵਾਲੇ ਨਾਲ ਮਨ ਨੂੰ ਸਮਝਣ ਅਤੇ ਇਸਦੀ ਸੁਯੋਗ ਵਰਤੋਂ ਕਰਕੇ ਆਪਣੇ ਨਿਰਧਾਰਿਤ ਟੀਚਿਆਂ ਦੀ ਪ੍ਰਾਪਤੀ ਲਈ ਕਿਵੇਂ ਵਰਤਣਾ ਹੈ, ਬਾਰੇ ਆਪਣੇ ਵਿਚਾਰ ਪੇਸ਼ ਕੀਤੇ।ਇਸ ਵਿਸ਼ੇਸ਼ ਭਾਸ਼ਣ ਨੂੰ



ਵਿਦਿਆਰਥੀਆਂ ਨੇ ਬੜੀ ਦਿਲਚਸਪੀ ਨਾਲ ਸੁਣਿਆ।ਇਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਵੱਲੋਂ ਲਏ ਗਏ ਨੈਤਿਕ ਸਿੱਖਿਆ ਦੇ ਇਮਤਿਹਾਨ' ਵਿੱਚ ਅੱਵਲ ਰਹੇ ਵਿਦਿਆਰਥੀਆਂ ਨੂੰ ਸਨਮਾਨ-ਚਿੰਨ੍ਹ ਦੇ ਕੇ ਪ੍ਰਮਾਣ-ਪੱਤਰ ਦਿੱਤੇ ਗਏ।ਇੰਚਾਰਜ ਮੈਡਮ ਨੇ ਸਨਮਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਾਂ ਦਿੱਤੀਆਂ ਅਤੇ ਹੋਰਾਂ ਨੂੰ ਅਜਿਹੇ ਇਮਤਿਹਾਨਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।ਇਸ ਦੌਰਾਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਤੋਂ ਪਰਮਜੀਤ ਸਿੰਘ ਮਾਲਾ ਖੇੜੀ (ਡਿਪਟੀ ਚੀਫ਼ ਸਕੱਤਰ ਵਿਸ਼ੇਸ਼ ਮੁਹਿੰਮਾ ਕੌਂਸਲ) ਅਤੇ ਕਾਲਜ ਦਾ ਸਮੂਹ-ਟੀਚਿੰਗ ਸਟਾਫ਼ ਹਾਜ਼ਰ ਰਿਹਾ।

# ਥੇਹ ਤਿੱਖਾ ਤੋਂ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਬੱਸ ਰਵਾਨਾ

**ਧਾਰੀਵਾਲ, (ਮਨਦੀਪ ਵਿੱਕੀ)**-ਕਾਦੀਆਂ ਵਿਧਾਨ ਸਭਾ ਹਲਕੇ ਦੇ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵੱਲੋਂ ਤੀਰਥ ਯਾਤਰਾ ਯੋਜਨਾ ਤਹਿਤ ਅੱਜ ਹਲਕੇ ਦੇ ਬਲਾਕ ਧਾਰੀਵਾਲ ਦੇ ਪਿੰਡ ਥੇਹ ਤਿੱਖਾ ਤੋਂ ਸੰਗਤ ਦੀ ਬੱਸ ਨੂੰ ਪਵਿੱਤਰ ਧਾਰਮਿਕ ਅਸਥਾਨਾਂ ਲਈ



ਰਵਾਨਾ ਕੀਤਾ ਗਿਆ। ਇਹ ਯਾਤਰਾ ਤਖਤ ਸ਼੍ਰੀ ਕੇਸਗੜ੍ਹ ਸਾਹਿਬ, ਸ਼੍ਰੀ ਕੀਰਤਪੁਰ ਸਾਹਿਬ ਅਤੇ ਮਾਤਾ ਨੈਣਾ ਦੇਵੀ ਮੰਦਰ ਦੇ ਦਰਸ਼ਨਾਂ ਕਰੇਗੀ।ਰਵਾਨਗੀ ਮੌਕੇ ਸੰਗਤ ਵੱਲੋਂ ਅਰਦਾਸ ਕਰਕੇ ਵਾਹਿਗੁਰੂ ਅੱਗੇ ਯਾਤਰਾ ਦੀ ਸੁਖ-ਸ਼ਾਂਤੀ ਅਤੇ ਚੜ੍ਹਦੀ ਕਲਾ ਲਈ ਬੇਨਤੀ ਕੀਤੀ ਗਈ। ਇਸ ਮੌਕੇ ਗੱਲਬਾਤ ਕਰਦਿਆਂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਲੋਕਾਂ ਨੂੰ ਵੱਖ-ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ ਅਤੇ ਲੋਕ ਪੂਰੀ ਸ਼ਰਧਾ ਭਾਵਨਾ ਨਾਲ ਯਾਤਰਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪਵਿੱਤਰ ਅਸਥਾਨਾਂ ਦੀ ਮੁਫ਼ਤ ਯਾਤਰਾ ਦੀ ਸਹੂਲਤ ਦੇ ਕੇ ਪੰਜਾਬੀਆਂ ਵਿੱਚ ਸਮਾਜਿਕ ਅਤੇ ਧਾਰਮਿਕ ਸਦਭਾਵਨਾ ਨੂੰ ਮਜ਼ਬੂਤ ਕਰਨ ਲਈ ਇੱਕ ਵਿਸ਼ੇਸ਼ ਪਹਿਲਕਦਮੀ ਕੀਤੀ ਗਈ ਹੈ।

# 15000 ਐੱਮ ਐੱਲ ਨਜਾਇਜ਼ ਸ਼ਰਾਬ ਬਰਾਮਦ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਕਲਾਨੌਰ ਦੇ ਐੱਸ. ਆਈ. ਰੋਹਿਤ ਸੈਣੀ ਨੇ ਸਮੇਤ ਪੁਲਸ ਪਾਰਟੀ ਮੁੱਖਬਰ ਖਾਸ ਦੀ ਇਤਲਾਹ 'ਤੇ ਟੀ. ਪੁਆਇੰਟ ਨਜ਼ਦੀਕ ਬਿਜਲੀ ਘਰ ਕਲਾਨੌਰ ਵਿਖੇ ਨਾਕਾਬੰਦੀ ਕਰਕੇ ਭੁਪਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਨੜਾਂਵਾਲੀ ਨੂੰ ਕਾਬੂ ਕੀਤਾ, ਜਿਸ ਪਾਸੋਂ ਇਕ ਕੈਨੀ ਪਲਾਸਟਿਕ ਬ੍ਰਾਮਦ ਹੋਈ ਜਿਸ ਨੂੰ ਖੋਲ੍ਹ ਕੇ ਚੈੱਕ ਕੀਤਾ ਉਸ ਵਿਚੋਂ 15000 ਐੱਮ. ਐੱਲ. ਸ਼ਰਾਬ ਨਜਾਇਜ਼ ਬਰਾਮਦ ਹੋਈ ਹੈ। ਪੁਲਸ ਨੇ ਉਕਤ ਵਿਅਕਤੀ ਖ਼ਿਲਾਫ਼ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਆਲ ਇੰਡੀਆ ਯੂਥ ਫਾਊਂਡੇਸ਼ਨ ਨੇ ਕੱਬਡੀ ਟੂਰਨਾਮੈਂਟ ਕਰਵਾਇਆ



**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**- ਆਲ ਇੰਡੀਆ ਯੂਥ ਫਾਊਂਡੇਸ਼ਨ ਵੱਲੋਂ ਕੱਬਡੀ ਟੂਰਨਾਮੈਂਟ ਕਰਵਾਇਆ ਗਿਆ। ਇਹ ਟੂਰਨਾਮੈਂਟ ਕਿਰਤ, ਬੱਗੀ, ਕੁਲਦੀਪ, ਤਿੰਨਾਂ ਭਰਾਵਾਂ ਨੇ ਮਿਲ ਕੇ ਪਿੰਡ ਚਵਿੰਡਾ ਦੇਵੀ ਦੇ ਖੇਡ ਸਟੇਡੀਅਮ ਵਿਖੇ ਕਰਵਾਇਆ ਜਿਸ ਵਿਚ 10 ਟੀਮਾਂ ਨੇ ਹਿੱਸਾ ਲਿਆ। ਟੂਰਨਾਮੈਂਟ ਵਿੱਚ ਤਲਵੰਡੀ ਦਸੌਂਧਾ ਸਿੰਘ, ਮੱਖਣਵਿੰਡੀ, ਬਾਬੋਵਾਲ, ਡੈਡੀਕੇ, ਵੇਰਕਾ, ਰਮਦਾਸ ਆਦਿ ਦੀਆਂ ਟੀਮਾਂ ਨੇ ਹਿੱਸਾ ਲਿਆ।ਇਸ ਮੌਕੇ ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਦੱਸਿਆ ਕਿ ਛੋਟੇ ਬੱਚਿਆਂ ਤੋਂ ਲੈ ਕੇ ਨੌਜਵਾਨਾਂ ਤੱਕ ਨੂੰ ਖੇਡਾਂ ਵਿੱਚ ਜ਼ਿਆਦਾ ਤੋਂ ਜ਼ਿਆਦਾ ਹਿੱਸਾ ਲੈਣਾ ਚਾਹੀਦਾ ਹੈ ਤਾਂ ਕਿ ਪੰਜਾਬ ਜਿਸ ਨੂੰ ਨਸ਼ਿਆਂ ਪੱਖੋਂ ਬਦਨਾਮ ਕੀਤਾ ਜਾ ਰਿਹਾ ਹੈ, ਉਹ ਬਚ ਸਕੇ। ਉਨ੍ਹਾਂ ਦੱਸਿਆ ਕਿ ਖੇਡਾਂ ਹੀ ਜਵਾਨੀ ਨੂੰ ਬਚਾ ਸਕਦੀਆਂ। ਇਸ ਮੌਕੇ ਕਾਮਰੇਡ ਬਲਕਾਰ ਸਿੰਘ ਦੁਧਾਲਾ, ਸਰਪੰਚ ਤਲਵੰਡੀ, ਪੰਚਾਇਤ ਮੈਂਬਰ ਗੁਰਦੀਪ ਸਿੰਘ, ਪ੍ਰਿੰਸੀਪਲ ਗੰਗਾ ਸਿੰਘ ਸਰਪੰਚ, ਕਰਮਜੀਤ ਸਿੰਘ ਫੌਜੀ, ਪ੍ਰੇਮ ਸਿੰਘ, ਕਰਮਜੀਤ ਸਿੰਘ ਫੌਜੀ, ਕਿਰਤ, ਬੱਗੀ, ਕਲਦੀਪ, ਜਸਪਾਲ ਸ਼ਰਮਾ ਅਤੇ ਕਾਲਾ ਸਿੰਘ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਵੀਰਵਾਰ, 26 ਮਾਰਚ 2026

# ਜੰਗੀ ਖਰਚ

ਈਰਾਨ ਵਿਰੁੱਧ ਹਮਲਿਆਂ ਵਿੱਚ ਅਮਰੀਕਾ ਨੇ ਢਾਈ ਹਫਤਿਆਂ 'ਚ ਕਰੀਬ 12 ਅਰਬ ਡਾਲਰ ਖਰਚ ਦਿੱਤੇ ਸਨ। ਭਾਰਤੀ ਰੁਪਈਆਂ 'ਚ ਇਹ ਕਰੀਬ ਇੱਕ ਲੱਖ ਕਰੋੜ ਬਣਦੇ ਹਨ। ਅਮਰੀਕਾ ਕੋਲ ਪੈਸੇ ਦੀ ਕਮੀ ਨਹੀਂ, ਪਰ ਜਿੰਨੇ ਪੈਸੇ ਉਹ ਖਰਚ ਚੁੱਕਾ ਹੈ, ਉਹ ਕਿਸੇ ਨੇਕ ਕੰਮ 'ਤੇ ਲਾਏ ਹੁੰਦੇ ਤਾਂ ਕਾਫੀ ਕੁਝ ਚੰਗਾ ਹੋ ਸਕਦਾ ਸੀ। ਭਾਰਤ ਇਸ ਸਮੇਂ ਕਈ ਵੱਡੇ ਐੱਕਸਪ੍ਰੈੱਸਵੇਅ ਪ੍ਰੋਜੈਕਟਾਂ 'ਤੇ ਕੰਮ ਕਰ ਰਿਹਾ ਹੈ। ਇਨ੍ਹਾਂ ਵਿੱਚ ਦਿੱਲੀ-ਮੁੰਬਈ ਐੱਕਸਪ੍ਰੈੱਸਵੇਅ ਪ੍ਰਮੁੱਖ ਹੈ। ਇਸ ਦੀ ਲੰਬਾਈ ਕਰੀਬ 1350 ਕਿੱਲੋਮੀਟਰ ਹੈ। ਇਸ ਦੀ ਕੁੱਲ ਲਾਗਤ ਕਰੀਬ ਇੱਕ ਲੱਖ ਕਰੋੜ ਮਿੱਥੀ ਗਈ ਹੈ। ਦਿਲਚਸਪ ਗੱਲ ਹੈ ਕਿ ਜਿੰਨੇ ਖਰਚ ਵਿੱਚ ਇਹ ਐੱਕਸਪ੍ਰੈੱਸਵੇਅ ਬਣਨਾ ਹੈ, ਓਨੇ ਅਮਰੀਕਾ ਨੇ ਜੰਗ ਵਿੱਚ ਸਿਰਫ 18 ਦਿਨਾਂ 'ਚ ਫੂਕ ਦਿੱਤੇ ਸਨ। ਯੂ ਪੀ ਵਿੱਚ ਮੇਰਠ ਤੋਂ ਪ੍ਰਯਾਗਰਾਜ ਤੱਕ ਕਰੀਬ 40 ਹਜ਼ਾਰ ਕਰੋੜ ਰੁਪਏ ਨਾਲ ਗੰਗਾ ਐੱਕਸਪ੍ਰੈੱਸਵੇਅ ਬਣ ਰਿਹਾ ਹੈ। ਯਾਨਿ ਜਿੰਨੀ ਰਕਮ ਅਮਰੀਕਾ ਜੰਗ ਵਿੱਚ ਖਰਚ ਚੁੱਕਾ ਹੈ, ਓਨੀ ਰਕਮ ਨਾਲ ਦੋ ਗੰਗਾ ਐੱਕਸਪ੍ਰੈੱਸਵੇਅ ਬਣ ਸਕਦੇ ਹਨ। ਇਸੇ ਤਰ੍ਹਾਂ ਭਾਰਤ ਸੂਰਤ-ਨਾਸਿਕ-ਚੇਨਈ ਕਾਰੀਡੋਰ ਬਣਾ ਰਿਹਾ ਹੈ, ਜਿਸ 'ਤੇ ਕਰੀਬ 50 ਹਜ਼ਾਰ ਕਰੋੜ ਰੁਪਏ ਖਰਚ ਆਉਣ ਦਾ ਅਨੁਮਾਨ ਹੈ, ਯਾਨਿ ਅਮਰੀਕਾ ਜਿੰਨੇ ਪੈਸੇ ਜੰਗ ਵਿੱਚ ਫੂਕ ਚੁੱਕਾ ਹੈ, ਉਸ ਨਾਲ ਅਜਿਹੇ ਦੋ ਕਾਰੀਡੋਰ ਬਣ ਜਾਣੇ ਸਨ। ਭਾਰਤ ਵਿੱਚ 2025 'ਚ ਐੱਲ ਪੀ ਜੀ ਸਿਲੰਡਰ ਦੇ ਕਰੀਬ 33 ਕਰੋੜ ਉਪਭੋਗਤਾ ਸਨ। ਸਿਲੰਡਰ ਕਰੀਬ ਇੱਕ ਹਜ਼ਾਰ ਰੁਪਏ ਦਾ ਮਿਲਦਾ ਹੈ। ਅਮਰੀਕਾ ਨੇ ਜਿੰਨੇ ਪੈਸੇ ਜੰਗ 'ਤੇ ਬਰਬਾਦ ਕੀਤੇ ਹਨ, ਉਸ ਨਾਲ ਭਾਰਤ ਦੇ ਉਪਭੋਗਤਾਵਾਂ ਨੂੰ ਕਰੀਬ ਤਿੰਨ ਸਿਲੰਡਰ ਫ੍ਰੀ ਦਿੱਤੇ ਜਾ ਸਕਦੇ ਸਨ।

ਪਾਕਿਸਤਾਨ ਵਿੱਚ ਕਣਕ 75-110 ਰੁਪਏ ਕਿੱਲੋ ਤੇ ਆਟਾ 130-145 ਰੁਪਏ ਕਿੱਲੋ ਮਿਲ ਰਹੇ ਹਨ। ਚੌਲ 180-340 ਰੁਪਏ ਕਿੱਲੋ ਮਿਲ ਰਹੇ ਹਨ। ਪਾਕਿਸਤਾਨ ਦੀ ਸਾਢੇ 16 ਫੀਸਦੀ ਆਬਾਦੀ ਕੁਪੋਸ਼ਣ ਦਾ ਸ਼ਿਕਾਰ ਹੈ। ਕੁੱਲ ਆਬਾਦੀ ਕਰੀਬ ਸਾਢੇ 25 ਕਰੋੜ ਹੈ। ਯਾਨਿ ਕਿ ਕਰੀਬ 4.2 ਕਰੋੜ ਲੋਕਾਂ ਨੂੰ ਪੂਰੀ ਖੁਰਾਕ ਨਹੀਂ ਮਿਲਦੀ। ਜੇ ਏਨੇ ਲੋਕਾਂ ਨੂੰ ਹਰ ਮਹੀਨੇ ਔਸਤ 10 ਕਿੱਲੋ ਆਟਾ ਦਿੱਤਾ ਜਾਏ ਤਾਂ ਕੁੱਲ ਲੋੜ 42 ਕਰੋੜ ਕਿੱਲੋ ਪ੍ਰਤੀ ਮਹੀਨਾ ਹੋਵੇਗੀ। ਜੇ ਅਮਰੀਕਾ ਜੰਗ ਵਿੱਚ ਕਰੀਬ ਇੱਕ ਲੱਖ ਕਰੋੜ ਫੂਕਣ ਦੀ ਥਾਂ ਪਾਕਿਸਤਾਨ ਨੂੰ ਦੇ ਦਿੰਦਾ ਤਾਂ ਔਸਤ ਦਰ ਦੇ ਹਿਸਾਬ ਨਾਲ ਇਸ ਰਕਮ ਨਾਲ 2400 ਕਰੋੜ ਕਿੱਲੋ ਆਟਾ ਮੁਹੱਈਆ ਕਰਵਾਇਆ ਜਾ ਸਕਦਾ ਸੀ। ਇਸ ਤਰ੍ਹਾਂ ਪਾਕਿਸਤਾਨ ਭੁੱਖ ਦਾ ਸ਼ਿਕਾਰ ਆਪਣੇ ਲੋਕਾਂ ਨੂੰ ਕਰੀਬ 57 ਮਹੀਨੇ ਤੱਕ ਆਟਾ ਉਪਲੱਬਧ ਕਰਵਾ ਸਕਦਾ ਸੀ।

## ਬੇਹੱਦ ਖਤਰਨਾਕ ਹੈ ਪਲਾਸਟਿਕ ਪ੍ਰਦੂਸ਼ਣ

ਅੱਜ ਪਲਾਸਟਿਕ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਬਣ ਚੁੱਕਿਆ ਹੈ।ਪਲਾਸਟਿਕ ਮਨੁੱਖੀ ਜੀਵਨ ਲਈ ਖ਼ਤਰਾ ਬਣਦਾ ਜਾ ਰਿਹਾ ਹੈ।ਇੱਕ ਤਾਜ਼ਾ ਸਰਵੇ ਮੁਤਾਬਕ ਦੁਨੀਆ ਭਰ ਵਿੱਚ ਹਰ ਦੋ ਮਿੰਟ ਵਿੱਚ 20 ਲੱਖ ਦੇ ਕਰੀਬ ਪਲਾਸਟਿਕ ਬੋਤਲਾਂ ਖਰੀਦੀਆਂ ਜਾਂਦੀਆਂ ਹਨ। ਲੁਧਿਆਣਾ, ਅੰਮ੍ਰਿਤਸਰ, ਪਟਿਆਲਾ ਵਰਗੇ ਵੱਡੇ ਸ਼ਹਿਰਾਂ ਵਿੱਚ ਕੂੜਿਆਂ ਦੇ ਵਿਸ਼ਾਲ ਪਹਾੜ ਬਣ ਚੁੱਕੇ ਹਨ, ਜਿਨਾਂ ਵਿੱਚ 25 ਫੀਸਦੀ ਤੋਂ ਵੱਧ ਇਕੱਲਾ ਪਲਾਸਟਿਕ ਹੀ ਹੈ। ਇਹ ਪਲਾਸਟਿਕ ਸਿਰਫ਼ ਵਾਤਾਵਰਨ ਲਈ ਹੀ ਨਹੀਂ , ਸਗੋਂ ਜੀਵ-ਜੰਤੂਆਂ ਲਈ ਵੀ ਘਾਤਕ ਸਿੱਧ ਹੋ ਰਿਹਾ ਹੈ । ਜਦੋਂ ਅਵਾਰਾ ਪਸ਼ੂ ਪਲਾਸਟਿਕ ਦੇ ਲਿਫ਼ਾਫ਼ੇ ਨਿਗਲ ਲੈਂਦੇ ਹਨ ਤਾਂ ਉਹਨਾਂ ਦੀ ਸਾਹ ਨਾਲੀ ਵਿੱਚ ਫਸਣ ਕਾਰਨ ਉਹਨਾਂ ਦੀ ਮੌਤ ਵੀ ਹੋ ਜਾਂਦੀ ਹੈ। ਇਹ ਪਲਾਸਟਿਕ ਕਦੇ ਵੀ ਨਸ਼ਟ ਨਹੀਂ ਹੁੰਦਾ, ਸਗੋਂ ਧਰਤੀ ਦੀ ਉਪਜਾਊ ਸ਼ਕਤੀ ਨੂੰ ਵੀ ਖ਼ਤਮ ਕਰ ਦਿੰਦਾ ਹੈ। ਅੱਜ ਪਲਾਸਟਿਕ ਦੇ ਬੈਗ, ਪਲੇਟ, ਗਲਾਸ, ਖਿਡੌਣੇ ਵੱਡੀ ਤਾਦਾਦ ਵਿੱਚ ਬਾਜ਼ਾਰਾਂ ਵਿੱਚ ਆਮ ਮਿਲਦੇ ਹਨ। ਇਹਨਾਂ ਦੀ ਵਰਤੋਂ ਕਰਕੇ ਇਹਨਾਂ ਨੂੰ ਖੁੱਲ੍ਹੇ ਵਿੱਚ ਸੁੱਟ ਦਿੱਤਾ ਜਾਂਦਾ ਹੈ, ਜਿਸ ਕਾਰਨ ਸ਼ਹਿਰਾਂ ਵਿੱਚ ਸੀਵਰੇਜ, ਨਾਲਿਆਂ ਦੇ ਬੰਦ ਹੋਣ ਦੀ ਸਮੱਸਿਆ ਆਮ ਬਣ ਗਈ ਹੈ। ਵਿਸ਼ਵ ਦੇ ਕੋਨੇ ਵਿੱਚ ਪਲਾਸਟਿਕ ਨੇ ਆਪਣਾ ਕਹਿਰ ਮਚਾ ਰੱਖਿਆ ਹੈ। ਦੁਨੀਆ ਵਿੱਚ ਸਾਧਾਰਨ ਪਲਾਸਟਿਕ ਦਾ 80 ਫੀਸਦੀ ਹਿੱਸਾ ਸਮੁੰਦਰ ਵਿੱਚ ਜਾ ਰਿਹਾ ਹੈ, ਜਿਸ ਕਾਰਨ ਥਣਧਾਰੀ ਜੀਵ ਬੇਵਕਤੀ ਮੌਤ ਦਾ ਸ਼ਿਕਾਰ ਹੋਣ ਲੱਗੇ ਹਨ। ਇੱਕ ਅੰਦਾਜ਼ੇ ਅਨੁਸਾਰ ਹਰ ਸਾਲ ਇਕ ਲੱਖ ਦੇ ਕਰੀਬ ਸਮੁੰਦਰੀ ਜਾਨਵਰਾਂ ਦੀ ਮੌਤ ਹੋ ਜਾਂਦੀ ਹੈ।ਮਨੁੱਖੀ ਜੀਵਨ 'ਤੇ ਵੀ ਪਲਾਸਟਿਕ ਦਾ ਮਾੜਾ ਪ੍ਰਭਾਵ ਪੈ ਰਿਹਾ ਹੈ। ਪਲਾਸਟਿਕ ਨੂੰ ਸੜਨ ਲਈ 500 ਸਾਲ ਤੱਕ ਲੱਗ ਜਾਂਦੇ ਹਨ, ਨਾ ਇਹ ਗਲਦਾ ਹੈ ਤੇ ਨਾ ਹੀ ਸੜਦਾ ਹੈ।ਜਦੋਂ ਪਲਾਸਟਿਕ ਨੂੰ ਜਲਾਇਆ ਜਾਂਦਾ ਹੈ ਤਾਂ ਉਸ ਵਿੱਚੋਂ ਫਿਊਰਨ, ਮੀਥੇਨ, ਈਥਾਲੀਨ ਵਰਗੀਆਂ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ, ਜੋ ਗਲੋਬਲ ਵਾਰਮਿੰਗ ਵਿੱਚ ਵਾਧਾ ਕਰਦੀਆਂ ਹਨ, ਜਿਨਾਂ ਨਾਲ ਸਾਹ, ਫੇਫੜਿਆਂ ਦੇ ਕੈਂਸਰ, ਜਿਗਰ ਕੈਂਸਰ ਤੱਕ ਹੋ ਰਹੇ ਹਨ । ਅਕਸਰ ਅਸੀਂ ਪਲਾਸਟਿਕ ਦੇ ਡੱਬਿਆਂ ਵਿੱਚ ਗਰਮ ਖਾਣਾ ਪੈਕ ਕਰਵਾ ਕੇ ਲੈ ਕੇ ਜਾਂਦੇ ਹਨ । ਪਲਾਸਟਿਕ ਵਿੱਚ ਮੌਜੂਦ ਬੀ ਪੀ ਏ ਯਾਨੀ ਬਿਸਫੇਨੋਲ-ਏ ਵਰਗੇ ਹਾਨੀਕਾਰਕ ਰਸਾਇਣ ਹੁੰਦੇ ਹਨ । ਬੀ ਪੀ ਏ ਔਰਤਾਂ ਵਿੱਚ ਐਸਟ੍ਰੋਜਨ ਨੂੰ ਪ੍ਰਭਾਵਤ ਕਰਦਾ ਹੈ । ਹਾਰਮੋਨਲ ਬੈਲੈਂਸ ਨੂੰ ਵਿਗਾੜਦਾ ਹੈ, ਜਿਸ ਕਾਰਨ ਔਰਤਾਂ ਵਿੱਚ ਪ੍ਰਜਨਨ ਦੀ ਸਮੱਸਿਆ ਹੋ ਸਕਦੀ ਹੈ । ਇੱਕ ਹੋਰ ਘਾਤਕ ਰਸਾਇਣ ਫਥਾਲੇਟਸ ਹੁੰਦਾ ਹੈ, ਜੋ ਸਰੀਰ ਦੀ ਐਂਡੋਕ੍ਰੀਨ ਪ੍ਰਣਾਲੀ ਨੂੰ ਨਸ਼ਟ ਕਰ ਦਿੰਦਾ ਹੈ।ਜਦੋਂ ਵੀ ਤੁਸੀਂ ਦੱਖਣ ਭਾਰਤ ਵੱਲ ਜਾਂਦੇ ਹੋ ਤਾਂ ਉੱਥੇ ਤਕਰੀਬਨ ਜੂਟ ( ਪਟਸਨ) ਨਾਲ ਬਣੀਆਂ ਚੀਜ਼ਾਂ ਆਮ ਵਰਤੋਂ ਵਿੱਚ ਲਿਆਈ ਜਾਂਦੀਆਂ ਹਨ। ਉੱਥੇ ਲੋਕਾਂ ਵੱਲੋਂ ਬਹੁਤ ਜ਼ਿਆਦਾ ਵਾਤਾਵਰਣ ਦਾ ਧਿਆਨ ਰੱਖਿਆ ਜਾਂਦਾ ਹੈ।ਜਦੋਂ ਵੀ ਅਸੀਂ ਘਰ ਤੋਂ ਨਿਕਲਦੇ ਹਾਂ ਤਾਂ ਸਾਨੂੰ ਆਪਣੇ ਘਰ ਤੋਂ ਕੱਪੜੇ ਦਾ ਥੈਲਾ ਨਾਲ ਲੈ ਕੇ ਜਾਣਾ ਚਾਹੀਦਾ ਹੈ। ਧਾਰਮਿਕ ਪ੍ਰੋਗਰਾਮਾਂ, ਵਿਆਹ, ਸ਼ਾਦੀਆਂ ਵਿੱਚ ਰਵਾਇਤੀ ਪੱਤਲਾਂ ਜਾਂ ਸਟੀਲ, ਪਿੱਤਲ ਦੇ ਭਾਂਡਿਆਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਹਾਲ ਹੀ ਵਿੱਚ ਆਨੰਦਪੁਰ ਸਾਹਿਬ ਹੋਲੇ ਮਹੱਲੇ 'ਤੇ ਖਾਸ ਕਰ ਲੰਗਰਾਂ ਵਿੱਚ ਪਲਾਸਟਿਕ ਦੇ ਗਲਾਸ , ਪਲੇਟਾਂ 'ਤੇ ਪੂਰਨ ਪਾਬੰਦੀ ਲੱਗੀ ਹੋਈ ਸੀ। ਰਾਸ਼ਟਰੀ ਦੇ ਸੰਗਠਨਾਤਮਕ ਪੱਧਰ 'ਤੇ 2025 ਤੱਕ ਪਲਾਸਟਿਕ ਪ੍ਰਦੂਸ਼ਣ ਨੂੰ ਘੱਟ ਕਰਨ ਦਾ ਟੀਚਾ ਰੱਖਿਆ ਗਿਆ ਸੀ। ਸਾਨੂੰ ਆਪਣੇ ਘਰ ਨੂੰ ਵੀ ਪਲਾਸਟਿਕ ਮੁਕਤ ਬਣਾਉਣ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ।

-ਸੰਜੀਵ ਸਿੰਘ ਸੈਣੀ, ਮੋਹਾਲੀ, 78889-66168

# ਪੱਛਮੀ ਏਸ਼ੀਆ 'ਚ ਅਮਨ ਦੀ ਸੰਭਾਵਨਾ ਨਜ਼ਰ ਨਹੀਂ ਆ ਰਹੀ

**ਮੂਲ : ਗੀਡੀਅਨ ਲੇਵੀ**
**ਅਨੁਵਾਦ : ਪ੍ਰਸ਼ਪਿੰਦਰ**

*(ਇਹ ਲੇਖ ਰੋਜ਼ਾਨਾ ਅਖਬਾਰ 'ਦਾ ਹਿੰਦੂ' ਵਿਚ ਛਪੀ ਸਟੈਨਲ ਜੌਹਨੀ ਅਤੇ ਇਜ਼ਰਾਈਲ ਦੇ ਵਸਨੀਕ ਪੱਤਰਕਾਰ ਅਤੇ ਲੇਖਕ ਗੀਡਅਨ ਲੇਵੀ ਦੇ ਦਰਮਿਆਨ ਇੰਟਰਵੀਊ 'ਤੇ ਅਧਾਰਤ ਹੈ । ਉਸ ਦੇ ਆਪਣੇ ਕਹਿਣ ਮੁਤਾਬਕ ਇਜ਼ਰਾਈਲ ਦੇ 95 ਫੀਸਦੀ ਲੋਕ ਸਰਕਾਰ ਦੀ ਨਫਰਤ , ਹਿੰਸਾ ਅਤੇ ਜੰਗ ਦੀਆਂ ਨੀਤੀਆਂ ਦੇ ਹਾਮੀ ਹਨ । ਅਜਿਹੇ ਮਾਹੌਲ ਵਿਚ ਲੇਵੀ ਦਾ ਆਪਣੀ ਸਰਕਾਰ ਦੇ ਖਿਲਾਫ ਬੋਲਣਾ ਤੇ ਲਿਖਣਾ ਉਸ ਦੇ ਬੁਲੰਦ ਹੌਸਲੇ ਦੀ ਤਰਜਮਾਨੀ ਕਰਦਾ ਹੈ। ਉਹ ਇਜ਼ਰਾਈਲ ਦੀ ਅਖਬਾਰ ਹਰਟਜ਼ ਦਾ ਨੁਮਾਇੰਦਾ ਅਤੇ ਸੰਪਾਦਕ ਵੀ ਹੈ। )*

ਗਾਜ਼ਾ ਦੀ ਤਰਾਸਦੀ ਤੋਂ ਤਾਂ ਪਾਠਕ ਭਲੀਭਾਂਤ ਜਾਣੂ ਹੋਣਗੇ । ਕਿਸ ਤਰ੍ਹਾਂ ਇਜ਼ਰਾਈਲ ਦੀਆਂ ਫੌਜਾਂ ਨੇ ਬੰਬਾਂ, ਗੋਲੀਆਂ ਅਤੇ ਭੁੱਖ ਨਾਲ ਕਰੀਬ 75000 ਲੋਕਾਂ ਦਾ ਕਤਲ ਕੀਤਾ ਹੈ, ਇਹਨਾਂ ਵਿਚੋਂ ਇਕ ਤਿਹਾਈ ਗਿਣਤੀ ਬੱਚਿਆਂ ਅਤੇ ਔਰਤਾਂ ਦੀ ਹੈ । ਟਰੰਪ ਵੱਲੋਂ ਕਰਵਾਈ ਗਈ ਕਥਿਤ ਗੋਲੀਬੰਦੀ ਤੋਂ ਬਾਅਦ ਵੀ ਹਿੰਸਾ ਜਾਰੀ ਹੈ । ਹਰ ਰੋਜ਼ ਦੋ-ਚਾਰ ਕਤਲਾਂ ਦੀ ਖਬਰ ਆ ਹੀ ਜਾਂਦੀ ਹੈ। ਫਲਸਤੀਨ ਦੇ ਇਲਾਕੇ ਵੈੱਸਟ ਬੈਂਕ ਵਿਚ ਵੀ ਲੋਕਾਂ ਦੀ ਜ਼ਿੰਦਗੀ ਹਰਾਮ ਕੀਤੀ ਹੋਈ ਹੈ। 28 ਫਰਵਰੀ ਦੀ ਸਵੇਰ ਨੂੰ ਇਜ਼ਰਾਈਲ ਅਤੇ ਅਮਰੀਕਾ ਨੇ ਮਿਲ ਕੇ ਇਰਾਨ ਉਪਰ ਬੰਬ ਵਰ੍ਹਾਉਣੇ ਸ਼ੁਰੂ ਕਰ ਦਿੱਤੇ ਸਨ। ਦੇਸ਼ ਦੇ ਮੁਖੀ ਆਇਤਉਲਾ ਖਾਮਨੇਈ, ਉਸ ਦੇ ਪਰਵਾਰ ਅਤੇ ਹੋਰ ਕਈ ਸਰਕਾਰੀ ਅਧਿਕਾਰੀਆਂ ਦਾ ਕਤਲ ਅਤੇ ਨਾਲ ਹੀ ਸਕੂਲ ਪੜ੍ਹਣ ਗਈਆਂ ਤਕਰੀਬਨ 165 ਮਾਸੂਮ ਬੱਚੀਆਂ ਅਤੇ ਅਧਿਆਪਕਾਂ ਦੇ ਵੀ ਪਰਖਚੇ ਉਡਾ ਦਿੱਤੇ ਗਏ। ਗੀਡੀਅਨ ਲੇਵੀ ਕਹਿੰਦਾ ਹੈ ਕਿ ਇਜ਼ਰਾਈਲ ਦੀ ਨੇਤਨਯਾਹੂ ਸਰਕਾਰ ਲਈ ਜੰਗ ਪਹਿਲਾ ਹਥਿਆਰ ਹੈ, ਆਖਰੀ ਨਹੀ। ਇਜ਼ਰਾਈਲ ਦਾ ਫੌਜੀਵਾਦ ਬਹੁਤ ਵਿਨਾਸ਼ਕਾਰੀ ਹੈ ਅਤੇ ਦੇਸ਼ ਦੇ ਨਾਗਰਿਕਾਂ ਦੀ ਮਾਨਸਿਕਤਾ ਨੂੰ ਵੀ ਉਸੇ ਅਨੁਸਾਰ ਢਾਲ ਰਿਹਾ ਹੈ। ਹੇਠਾਂ ਗੱਲਬਾਤ ਦੇ ਅੰਸ਼ ਹਨ:

*? ਆਓ, ਅਸੀਂ ਇਰਾਨ ਦੇ ਵਿਰੁੱਧ ਸ਼ੁਰੂ ਕੀਤੀ ਜੰਗ ਤੋਂ ਹੀ ਸ਼ੁਰੂ ਕਰਦੇ ਹਾਂ । ਕੀ ਅਮਰੀਕਾ ਅਤੇ ਇਜ਼ਰਾਈਲ ਜਿੱਤ ਰਹੇ ਹਨ ਜਾਂ ਉਹਨਾਂ ਨੇ ਇਰਾਨ ਦੀ ਮੁਕਾਬਲਾ ਕਰਨ ਦੀ ਤਾਕਤ ਦਾ ਗਲਤ ਅੰਦਾਜ਼ਾ ਲਗਾਇਆ ਸੀ ।*

ਹੁਣ ਅਜਿਹਾ ਲੱਗ ਰਿਹਾ ਹੈ ਕਿ ਇਸ ਜੰਗ ਵਿਚੋਂ ਕੋਈ ਸਪੱਸ਼ਟ ਜੇਤੂ ਬਣ ਕੇ ਨਹੀਂ ਨਿਕਲੇਗਾ। ਬਹੁਤ ਜ਼ਿਆਦਾ ਕੀਮਤ ਚੁਕਾਉਣੀ ਪਵੇਗੀ, ਚੁਕਾਈ ਜਾ ਰਹੀ ਹੈ । ਅਮਰੀਕਾ ਅਤੇ ਇਜ਼ਰਾਈਲ ਦੋਨਾਂ ਨੇ ਇਹ ਜੰਗ ਬਿਨਾਂ ਕਿਸੇ ਯੋਜਨਾ ਤੋਂ ਸ਼ੁਰੂ ਕਰ ਦਿੱਤੀ । ਇਰਾਨ ਵਿਚ ਰਾਜਸੱਤਾ ਦੀ ਤਬਦੀਲੀ ਦਾ ਵਿਚਾਰ ਹੋ ਸਕਦਾ ਹੈ ਖਿੱਤੇ ਵਿਚ ਅਮਨ ਅਤੇ ਆਜ਼ਾਦੀ ਦੀ ਸਥਾਪਨਾ ਲਈ ਠੀਕ ਹੋਵੇ, ਪਰ ਮੈਨੂੰ ਇਹ ਯਕੀਨ ਨਹੀਂ ਕਿ ਸਭ ਜਬਰਦਸਤੀ ਕੀਤਾ ਜਾ ਸਕਦਾ ਹੈ । ਚਲੋ ਮੰਨ ਲੈਂਦੇ ਹਾਂ ਕੋਈ ਅਨਹੋਣੀ ਹੋ ਜਾਂਦੀ ਹੈ ਇਰਾਨ ਦੀ ਸੱਤਾ ਪਲਟ ਜਾਂਦੀ ਹੈ, ਤਾਂ ਫਿਰ ਕੀ ਹੋਵੇਗਾ ? ਨਵਾਂ ਸ਼ਾਸ਼ਕ ਕੌਣ ਆਵੇਗਾ ? ਹਮਾਸ ਨਾਲ ਵੀ ਇਹੀ ਸਮੱਸਿਆ ਹੈ, ਇਜ਼ਰਾਈਲ ਹਮਾਸ ਨੂੰ ਪਸੰਦ ਨਹੀਂ ਕਰਦਾ। ਹਮਾਸ ਸੱਚਮੁੱਚ ਹੀ ਮਾੜੀ ਜਥੇਬੰਦੀ ਹੈ, ਪਰ ਕਿਸੇ ਨੂੰ ਇਹ ਜਾਣਕਾਰੀ ਨਹੀਂ ਹੈ ਹਮਾਸ ਦੀ ਥਾਂ ਕੌਣ ਆਵੇਗਾ । ਸੋ ਜੇ ਤੁਹਾਨੂੰ ਨਤੀਜੇ ਦਾ ਗਿਆਨ ਹੀ ਨਹੀਂ ਹੈ ਤਾਂ ਜੰਗਾਂ ਨਾ ਸ਼ੁਰੂ ਕਰੋ । ਹੁਣ ਹਾਲਾਤ ਇਹ ਹਨ ਕਿ ਜੰਗ ਦਿਨੋਂ-ਦਿਨ ਹੋਰ ਪੇਚੀਦਾ ਹੁੰਦੀ ਜਾਂਦੀ ਹੈ, ਨਵੇਂ-ਨਵੇਂ ਦੇਸ਼ਾਂ ਨੂੰ ਲਪੇਟ ਰਹੀ ਹੈ । ਖੇਤਰ ਦੇ ਅੱਧੇ ਦੇਸ਼ ਤਾਂ ਇਸ ਦੀ ਵਲਗਣ ਵਿਚ ਆ ਵੀ ਗਏ ਹਨ , ਹੋਰ ਖੂਨ-ਖਰਾਬਾ, ਹੋਰ ਵਿਨਾਸ਼ । ਹਥਿਆਰ ਬਣਾਉਣ ਅਤੇ ਵੇਚਣ ਵਾਲਿਆਂ ਤੋਂ ਬਿਨਾਂ ਲਾਭ ਕਿਸ ਨੂੰ ਹੋਵੇਗਾ ?

ਇਜ਼ਰਾਈਲ ਨੇ ਹਮੇਸ਼ਾ ਆਪਣਾ ਮਕਸਦ ਪੂਰਾ ਕਰਨ ਲਈ ਸਿਰ ਕਲਮ ਕਰਨ ਦੀ ਰਣਨੀਤੀ ਅਪਣਾਈ ਹੈ । ਸ਼ੁਰੂ ਵਿਚ ਹੀ ਇਰਾਨ ਦੇ ਸਰਵਉੱਚ ਨੇਤਾ ਦੀ ਹੱਤਿਆ ਕਰ ਦਿੱਤੀ ਗਈ । ਹੁਣੇ ਜਿਹੇ ਅਲੀ ਲਾਰੀਜ਼ਾਨੀ ਨੂੰ ਮਾਰ ਦਿੱਤਾ ਗਿਆ। ਕੀ ਤੁਸੀ ਸੋਚਦੇ ਹੋ ਕਿ ਇਸ ਨਾਲ ਇਜ਼ਰਾਈਲ ਸੁਰੱਖਿਅਤ ਹੋ ਜਾਵੇਗਾ ?

ਨਹੀਂ ਬਿਲਕੁਲ ਹੀ ਨਹੀਂ । ਸਭ ਤੋਂ ਪਹਿਲਾਂ ਮੈਨੂੰ ਇਸ ਦੀ ਵੈਧਤਾ 'ਤੇ ਹੀ ਸ਼ੱਕ ਹੈ । ਤੁਸੀ ਦੇਸ਼ਾਂ ਦੇ ਮੁਖੀਆਂ ਨੂੰ ਮਾਰ ਨਹੀਂ ਸਕਦੇ, ਜਦ ਤੱਕ ਕੋਈ ਹਿਟਲਰ ਤੁਹਾਡੇ ਸਾਹਮਣੇ ਨਹੀਂ ਆ ਜਾਂਦਾ, ਅੱਜ ਦੇ ਸੰਦਰਭ 'ਚ ਅਜਿਹਾ ਨਹੀਂ ਹੈ । ਕਾਨੂੰਨ ਅਤੇ ਨੈਤਿਕਤਾ ਦੇ ਪੱਖ ਨੂੰ ਲਾਂਭੇ ਰੱਖਦੇ ਹੋਏ ਪੁਛਦੇ ਹਾਂ, ਐਨੇ ਸਾਲਾਂ ਦੀਆਂ ਹੱਤਿਆਵਾਂ ਤੋਂ ਬਾਅਦ ਇਜ਼ਰਾਈਲ ਨੇ ਕੀ ਖੱਟਿਆ ਹੈ ? ਤਕਰੀਬਨ ਹਮੇਸ਼ਾ ਹੀ ਵਾਰਸ ਪੂਰਵਜ਼ ਤੋਂ ਜ਼ਿਆਦਾ ਕੱਟੜ ਨਿਲਕਦਾ ਹੈ । ਕੀ ਤੁਸੀਂ ਸਮਝਦੇ ਹੋ ਕਿ ਖਾਮਨੇਈ ਦਾ ਬੇਟਾ ਆਪਣੇ ਬਾਪ ਤੋਂ ਨਰਮ ਹੋਵੇਗਾ ਜਾਂ ਕਿ ਇਸ ਦੇ ਉਲਟ । ਮੈਂ ਇਸ ਨੂੰ ਜਾਇਜ਼ ਨਹੀਂ ਸਮਝਦਾ ਅਤੇ ਨਾ ਹੀ ਇਸ ਨਾਲ ਕੋਈ ਮਸਲਾ ਹੱਲ ਹੁੰਦਾ, ਕਿਉਂਕਿ ਅਖੀਰ ਤਾਂ ਸੋਚਣਾ ਪਵੇਗਾ ਇਹਨਾਂ ਨੇਤਾਵਾਂ ਦੀ ਥਾਂ ਕੌਣ ਲੈਣਗੇ।

*? ਇਜ਼ਰਾਈਲ ਵਿਚ ਬੈਠੇ ਤੁਸੀਂ ਇਸ ਜੰਗ ਨੂੰ ਕਿਸ ਤਰ੍ਹਾਂ ਦੇਖ ਰਹੇ ਹੋ ? ਇਰਾਨ ਦੀਆਂ ਮਿਜ਼ਾਈਲਾਂ ਆ ਰਹੀਆਂ ਹਨ, ਕੀ ਹਾਲਾਤ ਉਸ ਤਰ੍ਹਾਂ ਹੀ ਖਰਾਬ ਹਨ, ਜਿਸ ਤਰ੍ਹਾਂ ਸੋਸ਼ਲ ਮੀਡੀਆ 'ਚ ਦਿਖਾਇਆ ਜਾ ਰਿਹਾ ਹੈ ?*

ਬਾਹਰ ਤੋਂ ਦੇਖਿਆਂ ਹਾਲਾਤ ਮਾੜੇ ਹੀ ਦਿਸਦੇ ਹਨ। ਮੈਂ ਕਈ ਲੜਾਈਆਂ ਨੂੰ ਕਵਰ ਕੀਤਾ ਹੈ। ਜਦ ਬਾਹਰ ਹੁੰਦਾ ਸੀ ਤਾਂ ਬਹੁਤ ਡਰ ਮਹਿਸੂਸ ਕਰਦਾ ਸੀ, ਪਰ ਮੌਕੇ 'ਤੇ ਪਹੁੰਚ ਕੇ ਡਰ ਘਟ ਜਾਂਦਾ ਸੀ, ਕਿਉਂ ਕਿ ਲੋਕ ਹਾਲਾਤ ਮੁਤਾਬਕ ਆਪਣਾ ਨਵਾਂ ਬੰਦੋਬਸਤ ਕਰ ਲੈਂਦੇ ਹਨ । ਸਾਡੇ ਦੇਸ਼ ਕੋਲ ਬਹੁਤ ਵਧੀਆ ਸੁਰੱਖਿਆ ਪ੍ਰਬੰਧ ਹੈ। ਮਿਜ਼ਾਈਲ ਦੂਰ ਹੁੰਦੀ ਹੈ ਸਾਈਰਨ ਵਜਾ ਦਿੱਤਾ ਜਾਂਦਾ ਹੈ, ਲੋਕ ਬੰਕਰਾਂ ਵਿਚ ਚਲੇ ਜਾਂਦੇ ਹਨ, ਪਰ ਇਹ ਆਮ ਸਧਾਰਨ ਜ਼ਿੰਦਗੀ ਨਹੀਂ ਹੈ । ਦਿਨ ਵਿਚ ਕਈ ਵਾਰ ਬੰਕਰਾਂ ਵੱਲ ਭੱਜਣਾ ਪੈਂਦਾ ਹੈ । ਆਰਥਿਕਤਾ ਦਾ ਬੁਰਾ ਹਾਲ ਹੈ। ਕੋਈ ਵਿਦਿਆ ਨਹੀਂ, ਵਿਦੇਸ਼ ਜਾਣ ਵਾਲੇ ਜ਼ਹਾਜ ਨਹੀਂ । ਇਹ ਸਭ ਜ਼ਿਆਦਾ ਦੇਰ ਨਹੀਂ ਚੱਲ ਸਕਦਾ, ਪਰ ਮੈਂ ਤੁਹਾਨੂੰ ਦੱਸਦਾ ਹਾਂ ਕਿ ਦੇਸ਼ ਦੇ 93-94 ਫੀਸਦੀ ਯਹੂਦੀ ਲੋਕ ਜੰਗ ਦਾ ਸਮਰਥਨ ਕਰ ਰਹੇ ਹਨ । ਮੇਰਾ ਖਿਆਲ ਹੈ ਜਦ ਹਾਲਾਤ ਜ਼ਿਆਦਾ ਵਿਗੜ ਗਏ ਤਾਂ ਲੋਕ ਦੁਬਾਰਾ ਸੋਚਣ ਲਈ ਮਜਬੂਰ ਹੋਣਗੇ । ਚਿਰਾਂ ਤੋਂ ਲੋਕਾਂ ਵਿਚ ਪਰਚਾਰ ਕੀਤਾ ਜਾ ਰਿਹਾ ਹੈ ਕਿ ਇਰਾਨ ਇੱਕ ਦਾਨਵ ਹੈ, ਇਸ ਲਈ ਦਾਨਵ ਦੇ ਖਿਲਾਫ ਯੁੱਧ ਦਾ ਸਮਰਥਨ ਕਰ ਰਹੇ ਹਨ । ਹੋ ਸਕਦਾ ਹੈ ਵਿਚਾਰ ਬਦਲ ਜਾਣ ।

*? ਤੁਹਾਡਾ ਆਪਣਾ ਇਰਾਨ ਬਾਰੇ ਕੀ ਵਿਚਾਰ ਹੈ ।*

ਇਰਾਨ ਵੱਲੋਂ ਪਰਚਾਰ ਕੀਤਾ ਗਿਆ ਹੈ ਕਿ ਇਜ਼ਰਾਈਲ ਨੂੰ ਮੌਤ ਮਿਲੇਗੀ, ਅਮਰੀਕਾ ਨੂੰ ਮੌਤ ਵੀ ਮੌਤ, ਪਰ ਇਹ ਕੋਈ ਗੰਭੀਰ ਚਿਤਾਵਨੀ ਨਹੀਂ। ਚਿੰਤਾਜਨਕ ਹੈ ਕਿ ਇਰਾਨ ਦੀਆਂ ਪਿੱਠੂ ਜਥੇਬੰਦੀਆਂ ਹਿਜ਼ਬੁੱਲਾ, ਹਮਾਸ, ਹੂਤੀ ਆਦਿ ਨੇ ਇਜ਼ਰਾਈਲ ਨੂੰ ਘੇਰਿਆ ਹੋਇਆ ਹੈ । ਚਾਰੇ ਪਾਸੇ ਅੱਗ ਹੈ, ਪਰ ਮੈਨੂੰ ਯਕੀਨ ਨਹੀਂ ਕਿ ਜੰਗ ਇਸ ਦਾ ਹੱਲ ਹੈ । ਗੱਲਬਾਤ ਰਾਹੀਂ ਬਹੁਤ ਕੁਝ ਹੱਲ ਕੀਤਾ ਜਾ ਸਕਦਾ ਸੀ, ਖਾਸ ਕਰ ਪ੍ਰਮਾਣੂ ਹਥਿਆਰਾਂ ਬਾਰੇ । ਸਾਨੂੰ ਯਾਦ ਹੋਣਾ ਚਾਹੀਦਾ ਹੈ ਕਿ 2015 ਦਾ ਪ੍ਰਮਾਣੂ ਸਮਝੌਤਾ ਅਮਰੀਕਾ ਨੇ ਤੋੜਿਆ ਸੀ , ਇਰਾਨ ਨੇ ਨਹੀਂ ।

*? ਬੀਤੇ 30 ਮਹੀਨਿਆਂ ਤੋਂ ਇਜ਼ਰਾਈਲ ਲਗਾਤਾਰ ਜੰਗਾਂ ਵਿਚ ਉਲਝਿਆ ਹੋਇਆ ਹੈ - ਪਹਿਲਾਂ ਗਾਜ਼ਾ ਹੁਣ ਇਰਾਨ ਤੇ ਫਿਰ ਲਿਬਨਾਨ । ਇਹ ਹਮੇਸ਼ਾ ਦਾ ਹਿੰਸਾਤਮਕ ਮਾਹੌਲ ਇਜ਼ਰਾਈਲ ਦੇ ਸਮਾਜ ਉਪਰ ਕੀ ਅਸਰ ਪਾ ਰਿਹਾ ਹੈ ?*

ਸਭ ਤੋਂ ਪਹਿਲਾਂ ਤਾਂ ਦੂਸਰੀ ਧਿਰ ਵੱਲੋਂ ਚੁਕਾਈ ਜਾ ਰਹੀ ਕੀਮਤ ਨੂੰ ਨਹੀਂ ਭੁੱਲਣਾ ਚਾਹੀਦਾ, ਜੋ ਕਿ ਸਾਡੇ ਤੋਂ 100 ਗੁਣਾ ਜ਼ਿਆਦਾ ਹੈ । ਇਸ ਵਕਤ ਜਦ ਅਸੀਂ ਗੱਲਬਾਤ ਕਰ ਰਹੇ ਹਾਂ ਸਾਰੇ ਮੱਧ ਪੂਰਬ ( ਪੱਛਮੀ ਏਸ਼ੀਆ ) ਵਿਚ 60-70 ਲੱਖ ਲੋਕ ਬੇਘਰ ਹੋ ਚੁੱਕੇ ਹਨ, ਇਨ੍ਹਾਂ ਵਿਚੋਂ ਬਹੁਤ ਤਾਂ ਸਦਾ ਲਈ ਹੀ । ਗਾਜ਼ਾ ਵਿਚ 20 ਲੱਖ, ਇਰਾਨ ਵਿਚ 30 ਲੱਖ ਅਤੇ ਲਿਬਨਾਨ ਵਿਚ ਤਕਰੀਬਨ 10 ਲੱਖ । ਇਹ ਸਵੀਕਾਰ ਨਹੀਂ ਕੀਤਾ ਜਾ ਸਕਦਾ। ਤੇ ਫਿਰ ਇਜ਼ਰਾਈਲ ਵੱਲੋਂ ਚੁਕਾਈ ਜਾ ਰਹੀ ਕੀਮਤ । ਕਿੰਨੇ ਲੋਕਾਂ ਦੀ ਜਾਨ ਚਲੇ ਗਈ ਹੈ। ਇਹ ਸਭ ਬਹੁਤ ਚਿੰਤਾਜਨਕ ਹੈ । ਹੁਣ ਇਜ਼ਰਾਈਲ ਸਮਝ ਰਿਹਾ ਹੈ ਕਿ ਜੰਗ ਮੇਰਾ ਪਹਿਲਾ ਹਥਿਆਰ ਹੈ, ਆਖਰੀ ਨਹੀਂ । ਇਹ ਬਹੁਤ ਵਿਨਾਸ਼ਕਾਰੀ ਸੋਚ ਹੈ ਅਤੇ ਲੋਕਾਂ ਦੀ ਮਨੋ-ਸਥਿਤੀ ਵੀ ਇਸ ਆਧਾਰ 'ਤੇ ਬਣ ਰਹੀ ਹੈ । ਇਜ਼ਰਾਈਲ ਦੀ ਸਰਕਾਰ ਅਤੇ ਦੇਸ਼ ਦੇ ਲੋਕ ਬਹੁਤ ਹਮਲਾਵਰ, ਬਹੁਤ ਲੜਾਕੇ ਬਣ ਗਏ ਹਨ । ਕਿਸੇ ਵੀ ਸਮਾਜ ਲਈ ਅਜਿਹੀ ਸਥਿਤੀ ਚੰਗੀ ਨਹੀਂ ਹੋ ਸਕਦੀ।

ਜਦ ਤੁਸੀਂ ਜੰਗ ਸ਼ੁਰੂ ਕਰਨ ਦੌਰਾਨ ਕੁਝ ਸੋਚਦੇ ਹੋ ? ਕੀ ਲੜਾਈ ਜਿੱਤੀ ਜਾ ਸਕਦੀ ? ਕੀ ਸਾਡੇ ਕੋਲ ਲੋੜੀਂਦੇ ਹਥਿਆਰ,ਗੋਲਾ-ਬਾਰੂਦ, ਤਕਨੀਕੀ ਮੁਹਾਰਤ ਹੈ ? ਇਸ ਦੇ ਆਰਥਿਕ, ਵਿਦਿਅਕ, ਸਮਾਜਿਕ ਅਤੇ ਮਨੋ-ਵਿਗਿਆਨਕ ਨੁਕਸਾਨ ਕੀ ਹੋਣਗੇ ? ਇਨ੍ਹਾਂ ਬਾਰੇ ਕੁਝ ਵੀ ਨਹੀਂ ਸੋਚਿਆ ਗਿਆ ।

*? ਤੁਸੀਂ ਫਲਸਤੀਨ ਸਮੱਸਿਆ ਬਾਰੇ ਕੀ ਸੋਚਦੇ ਹੋ ? ਤੁਸੀਂ ਆਪ ਕਹਿ ਚੁੱਕੇ ਹੋ ਕਿ ਪੱਛਮੀ ਏਸ਼ੀਆ ਵਿਚ ਓਨੀ ਦੇਰ ਸ਼ਾਂਤੀ ਨਹੀਂ ਹੋ ਸਕਦੀ, ਜਿੰਨੀ ਦੇਰ ਫਲਸਤੀਨ ਦਾ ਮਸਲਾ ਹੱਲ ਨਹੀਂ ਕੀਤਾ ਜਾਂਦਾ।*

ਬਦਕਿਸਮਤੀ ਨਾਲ ਸਭ ਤੋਂ ਜ਼ਿਆਦਾ ਕੀਮਤ ਫਲਸਤੀਨੀ ਚੁੱਕਾ ਰਹੇ ਹਨ । ਇਸ ਵਕਤ ਉਹ ਵਿਚਾਰ ਮੁੱਦੇ ਤੋਂ ਬਾਹਰ ਹਨ। ਇਹ ਸਮੱਸਿਆ 100 ਪੁਰਾਣੀ ਹੈ ਅਤੇ ਇਸ ਦੀ ਉਮਰ ਲਗਾਤਾਰ ਵਧਦੀ ਜਾ ਰਹੀ ਹੈ। ਦੁਨੀਆ ਸ਼ੋਕ ਸੰਦੇਸ਼ ਭੇਜ ਦਿੰਦੀ ਹੈ, ਸਹਾਨਭੂਤੀ ਜ਼ਾਹਰ ਕਰ ਦਿੰਦੀ ਹੈ , ਹੋਰ ਉਹਨਾਂ ਨੂੰ ਕੁਝ ਨਹੀਂ ਮਿਲ ਰਿਹਾ । ਉਹ ਕੁਝ ਪ੍ਰਾਪਤ ਨਹੀਂ ਕਰ ਸਕੇ । ਪਿਛਲੇ ਦਸਾਂ ਸਾਲਾਂ ਵਿਚ ਸਵਾਏ ਮੌਤ, ਖੂਨ-ਖਰਾਬਾ, ਨਸਲਕੁਸ਼ੀ, ਪਲਾਇਨ ਤੋਂ ਇਲਾਵਾ ਉਹਨਾਂ ਨੂੰ ਕੁਝ ਪ੍ਰਾਪਤ ਨਹੀਂ ਹੋਇਆ । ਅਸੀਂ ਗਾਜ਼ਾ ਬਾਰੇ ਬੋਲ ਰਹੇ ਹਾਂ । ਮੈਂ ਤਕਰੀਬਨ ਹਫਤੇ ਵਿਚ ਇੱਕ ਵਾਰ ਵੈੱਸਟ ਬੈਂਕ ਜਾਂਦਾ ਹਾਂ। ਲੋਕਾਂ ਨੂੰ ਜਿਨ੍ਹਾਂ ਹਾਲਤਾਂ ਵਿਚੋਂ ਗੁਜ਼ਰਨਾ ਪੈ ਰਿਹਾ ਹੈ, ਉਹ ਜ਼ਿੰਦਗੀ ਨਹੀਂ ਹੈ । ਉਹ ਗੁਫਾਵਾਂ ਵਿਚ ਰਹਿ ਰਹੇ ਹਨ, ਪਿੰਡੋਂ ਬਾਹਰ ਨਹੀਂ ਜਾ ਸਕਦੇ ਅਤੇ ਤਸ਼ੱਦਦ ਨਿੱਤ ਦਾ । ਫਲਸਤੀਨ ਸਮੱਸਿਆ ਦਾ ਹੱਲ ਪਹਿਲਾਂ ਤੋਂ ਬਹੁਤ ਦੂਰ ਚਲਾ ਗਿਆ ਹੈ । ਦੋ ਦੇਸ਼ ਸਥਾਪਤ ਕਰਨ (ਟੂ ਨੇਸ਼ਨ ਥਿਊਰੀ ) ਦਾ ਮੌਕਾ ਵੀ ਖੁੰਝ ਗਿਆ ਹੈ । ਇਹ ਉਹ ਰੇਲ ਗੱਡੀ ਹੈ, ਜੋ ਸਟੇਸ਼ਨ ਤੋਂ ਸੱਤ ਲੱਖ ਯਹੂਦੀ ਸੈਟਲਰ ਲੈ ਕੇ ਤੁਰ ਚੁੱਕੀ ਹੈ । ਕੌਣ ਵੈੱਸਟ ਬੈਂਕ ਨੂੰ ਖਾਲੀ ਕਰੇਗਾ । ਇਜ਼ਰਾਈਲ ਦੀ ਕਦੇ ਅਜਿਹੀ ਮਨਸ਼ਾ ਨਹੀਂ ਸੀ । ਮੈਨੂੰ ਡਰ ਹੈ ਉਹਨਾਂ ਦਾ ਹਾਲ (ਫਲਸਤੀਨੀ) ਵੀ ਅਮਰੀਕਾ ਦੇ ਮੂਲ ਵਾਸੀਆਂ ਵਰਗਾ ਹੀ ਹੋਵੇਗਾ । ਇਹ ਖਤਰਾ ਵੀ ਹੈ ਕਿ ਜੰਗਾਂ ਦੇ ਬਹਾਨੇ ਇਜ਼ਰਾਈਲ ਇਨ੍ਹਾਂ ਵਿਚੋਂ ਕਈਆਂ ਨੂੰ ਦੇਸ਼ ਨਿਕਾਲਾ ਹੀ ਦੇ ਦੇਵੇਗਾ । ਯੋਜਨਾਵਾਂ ਅਜੇ ਵੀ ਹਨ, ਭਾਵੇਂ ਇਸ ਵਕਤ ਲਾਗੂ ਨਹੀਂ ਕੀਤੀਆਂ ਜਾ ਸਕਦੀਆਂ, ਪਰ ਦੁਬਾਰਾ ਫਿਰ ਆ ਸਕਦੀਆਂ ਹਨ । ਮੌਜੂਦਾ ਵਰਗੀ ਹਰੇਕ ਜੰਗ ਉਨ੍ਹਾਂ ਦੀ ਜ਼ਿੰਦਗੀ ਬਦਤਰ ਤੋਂ ਬਦਤਰ ਬਣਾ ਦਿੰਦੀ ਹੈ, ਭਾਵੇਂ ਕਿ ਇਸ ਸਮੱਸਿਆ ਦੇ ਹੱਲ ਤੋਂ ਬਿਨਾਂ ਪੱਛਮੀ ਏਸ਼ੀਆ ਵਿਚ ਸਥਿਰਤਾ ਤੇ ਸ਼ਾਂਤੀ ਨਹੀਂ ਆ ਸਕਦੀ, ਕਦੇ ਵੀ ਨਹੀਂ । ਇਹ ਜ਼ਖਮ ਰਿਸਦਾ ਹੀ ਰਹੇਗਾ । ਲੋਕ ਜਿਨ੍ਹਾਂ ਕੋਲ ਜ਼ਮੀਨ ਨਹੀਂ, ਕਿਸੇ ਦੇਸ਼ ਦੇ ਵਾਸੀ ਨਹੀਂ, ਕੋਈ ਹੱਕ ਨਹੀਂ, ਅਧਿਕਾਰ ਨਹੀਂ । ਇਸ ਜ਼ਖਮ 'ਚੋਂ ਖੂਨ ਵਗਦਾ ਰਹੇਗਾ ਤੇ ਜਿੰਨਾ ਚਿਰ ਇਹ ਰਿਸਦਾ ਰਹੇਗਾ, ਕੋਈ ਮਸਲਾ ਹੱਲ ਨਹੀਂ ਹੋਵੇਗਾ।

"ਇਜ਼ਰਾਈਲ ਦੇ ਲੋਕ ਅਜੇ ਵੀ ਇਹ ਸੋਚ ਰਹੇ ਕਿ ਗਾਜ਼ਾ ਵਿਚ ਅਸੀਂ ਜੋ ਵੀ ਕਰ ਰਹੇ ਹਾਂ, ਉਹ ਸਵੈ ਰੱਖਿਆ ਦੇ ਲਈ ਕਰ ਰਹੇ ਹਾਂ।"

*? ਸੋ ਤੁਹਾਡੇ ਮੁਤਾਬਕ ਇਸ ਪ੍ਰਕਿਰਿਆ ਨੂੰ ਇਜ਼ਰਾਈਲ ਹੋਰ ਕਿੰਨੀ ਕੁ ਦੇਰ ਚਲਾਈ ਜਾਵੇਗਾ ? ਇੱਕ ਪਾਸੇ ਤਾਂ ਸਾਰੇ ਖਿੱਤੇ ਵਿਚ ਫੌਜਵਾਦ ਭਾਰੂ ਹੈ, ਦੂਸਰਾ ਅੰਦਰੂਨੀ ਦੇਸ਼ ਅੰਦਰ ਫਲਸਤੀਨੀ ਲੋਕਾਂ ਨਾਲ ਲਗਾਤਾਰ ਵਿਤਕਰਾ ਹੋਈ ਜਾ ਰਿਹਾ ਹੈ।*

ਇਜ਼ਰਾਈਲ ਲੰਮੇ ਸਮੇਂ ਤੋਂ ਇਸ ਨੂੰ ਚਲਾਈ ਜਾ ਰਿਹਾ ਹੈ । ਸਵਾਲ ਇਹ ਨਹੀਂ ਕਿ ਹੋਰ ਕਿੰਨੀ ਦੇਰ ਇਹ ਜਾਰੀ ਰਹੇਗਾ । ਸਵਾਲ ਇਹ ਹੈ ਕਿ ਇਜ਼ਰਾਈਲ ਕਿਸ ਕਿਸਮ ਦਾ ਬਣ ਜਾਵੇਗਾ ? ਪਿਛਲੇ ਸਾਰੇ ਝਗੜਿਆ ਦਰਮਿਆਨ ਇਜ਼ਰਾਈਲ ਚੰਗੇ ਪਾਸੇ ਵੱਲ ਨਹੀਂ ਮਾੜੇ ਪਾਸੇ ਗਿਆ ਹੈ । ਇਜ਼ਰਾਈਲ ਅੱਜ ਤੋਂ 10-20 ਸਾਲ ਪਹਿਲਾਂ ਵਰਗਾ ਨਹੀਂ ਰਿਹਾ । ਅਤੇ ਇਹ ਦਿਨੋਂ-ਦਿਨ ਹੋਰ ਹਿੰਸਾਤਮਕ, ਹੋਰ ਰਾਸ਼ਟਰਵਾਦੀ, ਹੋਰ ਨਸਲਵਾਦੀ, ਹੋਰ ਜ਼ਿਆਦਾ ਫੌਜਵਾਦੀ ਹੁੰਦਾ ਜਾਵੇਗਾ। ਅਸੀਂ ਦੇਖ ਰਹੇ ਹਾਂ ਇਸ ਵਕਤ ਵੀ ਅਜਿਹਾ ਹੋ ਰਿਹਾ ਹੈ । ਸਵਾਲ ਇਹ ਵੀ ਹੈ ਕਿ ਸਾਰਾ ਵਿਸ਼ਵ ਕਿੰਨੀ ਦੇਰ ਤੱਕ ਇਹ ਸਭ ਜਰਦਾ ਰਹੇਗਾ ?

ਵਿਸ਼ਵ, ਪਹਿਲੇ ਨਸਲਵਾਦੀ ਦੇਸ਼, ਦੱਖਣੀ ਅਫਰੀਕਾ ਪ੍ਰਤੀ ਜ਼ਿਆਦਾ ਸੁਚੇਤ ਸੀ, ਜਾਣਦਾ ਸੀ ਕਿਸ ਤਰ੍ਹਾਂ ਇਸ ਨੂੰ ਸੁਧਾਰਨਾ ਹੈ, ਪਰ ਦੂਸਰੇ ਨਸਲਵਾਦੀ ਦੇਸ਼ ਇਜ਼ਰਾਈਲ ਪ੍ਰਤੀ ਬਹੁਤ ਉਦਾਸੀਨ ਹੈ। ਕੁਝ ਰਾਜ ਤਾਂ ਅਜੇ ਵੀ ਇਸ ਨੂੰ ਗਲੇ ਲਗਾ ਰਹੇ ਹਨ ।

*? ਸੋ ਤੁਹਾਡਾ ਮੰਨਣਾ ਹੈ ਕਿ ਇਜ਼ਰਾਈਲ ਇੱਕ ਨਸਲਵਾਦੀ ਦੇਸ਼ ਹੈ ।*

ਹੋਰ ਕਿਸ ਤਰ੍ਹਾਂ ਤੁਸੀਂ ਇਸ ਨੂੰ ਬਿਆਨ ਕਰ ਸਕਦੇ ਹੋ, ਜਦ ਦੋ ਕਿਸਮ ਦੇ ਲੋਕ ਇਸ ਅੰਦਰ ਵਸ ਰਹੇ ਹਨ , ਇੱਕ ਜਿਹਨਾਂ ਕੋਲ ਸਭ ਮਾਨਵੀ ਅਧਿਕਾਰ ਹਨ ਤੇ ਦੂਸਰੇ ਲੋਕ ਹਨ, ਜਿਹਨਾਂ ਕੋਲ ਅਧਿਕਾਰ ਹੈ ਹੀ ਨਹੀਂ ਹਨ । ਹੋਰ ਕਿਸ ਤਰ੍ਹਾਂ ਤੁਸੀਂ ਇਨ੍ਹਾਂ ਦੀ ਵਿਆਖਿਆ ਕਰ ਸਕਦੇ ਹੋ ? ਮੇਰੇ ਕੋਲ ਹੋਰ ਸ਼ਬਦ ਨਹੀਂ ਹਨ ।

*? ਅੱਜਕੱਲ੍ਹ ਇਜ਼ਰਾਈਲ ਲਿਬਨਾਨ ਉਪਰ ਵੀ ਭਾਰੀ ਹਮਲੇ ਕਰ ਰਿਹਾ ਹੈ । ਇਹ ਲਿਬਨਾਨ ਵਿਚੋਂ ਕੀ ਪ੍ਰਾਪਤ ਕਰਨਾ ਚਾਹੁੰਦਾ ਹੈ, ਕੀ ਫੌਜੀ ਤਾਕਤ ਨਾਲ ਹਿਜ਼ਬੁੱਲਾ ਦੀ ਸਮੱਸਿਆ ਹੱਲ ਕੀਤੀ ਜਾ ਸਕਦੀ ਹੈ।*

ਅਸੀਂ ਦੋ-ਤਿੰਨ ਵਾਰ ਪਹਿਲਾਂ ਵੀ ਕੋਸ਼ਿਸ਼ ਕਰ ਚੁੱਕੇ ਹਾਂ । ਬਫਰ ਜ਼ੋਨ ਬਣਾ ਲਿਆ ਸੀ , ਇੱਕ ਵਾਰ ਤਾਂ ਅੱਧੇ ਲਿਬਨਾਨ ਉਪਰ ਹੀ ਕਬਜ਼ਾ ਕਰ ਲਿਆ ਸੀ । ਫਿਰ ਵੀ ਕੋਈ ਨਤੀਜਾ ਨਹੀਂ ਨਿਕਲਿਆ । ਹੁਣ ਸੁਨਹਿਰੀ ਮੌਕਾ ਹੈ । ਇਤਿਹਾਸ ਵਿਚ ਪਹਿਲੀ ਵਾਰ ਲਿਬਨਾਨ ਵਿਚ ਸਰਕਾਰ ਬਣੀ ਹੈ, ਜੋ ਸੱਚਮੁੱਚ ਹੀ ਇਜ਼ਰਾਈਲ ਦੇ ਨਾਲ ਨਵੇਂ ਸੰਬੰਧ ਬਣਾਉਣ ਲਈ ਤਿਆਰ ਹੈ । ਹਿਜ਼ਬੁੱਲਾ ਤੋਂ ਵੀ ਹਥਿਆਰ ਖੋਹਣ ਦੇ ਲਈ ਤਿਆਰ ਹੈ, ਪਰ ਅਸੀਂ ਉਹਨਾਂ ਨੂੰ ਮੌਕਾ ਨਹੀਂ ਦੇ ਰਹੇ । ਲਿਬਨਾਨ ਨੂੰ ਤਬਾਹ ਕਰਕੇ ਸਾਨੂੰ ਕੁਝ ਪ੍ਰਾਪਤ ਨਹੀਂ ਹੋਵੇਗਾ । ਅਸੀਂ ਪਹਿਲਾਂ ਵੀ ਲਿਬਨਾਨ ਨੂੰ ਤਬਾਹ ਕਰ ਚੁੱਕੇ ਹਾਂ, ਅਸੀਂ ਜਿੱਤ ਲਿਆ ਸੀ ਲਿਬਨਾਨ , ਪਰ ਹਿਜ਼ਬੁੱਲਾ ਅਜੇ ਵੀ ਕਾਇਮ ਹੈ, ਸ਼ਾਇਦ 10 ਸਾਲ ਪਹਿਲਾਂ ਨਾਲੋਂ ਵੀ ਜ਼ਿਆਦਾ ਤਾਕਤਵਰ ਹੈ, ਸ਼ਾਇਦ ਰਾਜਸੀ ਤੌਰ 'ਤੇ ਜ਼ਿਆਦਾ ਮਜ਼ਬੂਤ ਹੋ ਗਿਆ ਹੈ ?

ਬਾਕੀ ਸਫਾ 9 'ਤੇ

# ਹਰਿਆਣਾ 'ਚ ਦਿਲ ਦੇ ਦੌਰੇ ਨਾਲ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ



ਜਗਤਾਰ ਸਮਾਲਸਰ

ਹਰਿਆਣਾ ਵਿੱਚ 18 ਤੋਂ 45 ਸਾਲ ਦੀ ਉਮਰ ਦੇ ਨੌਜਵਾਨਾਂ ਦੀਆਂ ਦਿਲ ਦੇ ਦੌਰੇ ਨਾਲ ਹੋਈਆਂ ਮੌਤਾਂ ਬਾਰੇ ਪਿਛਲੇ ਪੰਜ ਸਾਲਾਂ ਦੇ ਅੰਕੜੇ ਇੱਕ ਗੰਭੀਰ ਚੇਤਾਵਨੀ ਦੇ ਰਹੇ ਹਨ । ਹਰਿਆਣਾ ਵਿਧਾਨ ਸਭਾ ਵਿੱਚ ਸਿਹਤ ਵਿਭਾਗ ਵੱਲੋਂ ਪੇਸ਼ ਕੀਤੇ ਗਏ ਅੰਕੜਿਆਂ ਅਨੁਸਾਰ 2020 ਤੋਂ 2025 ਦੇ ਵਿਚਕਾਰ ਕੁੱਲ 17582 ਮੌਤਾਂ ਦਿਲ ਦੇ ਦੌਰੇ ਕਾਰਨ ਹੋਈਆਂ ਹਨ, ਜਿਸ ਵਿੱਚ 2025 ਸਭ ਤੋਂ ਘਾਤਕ ਸਾਲ ਰਿਹਾ ਹੈ। 2020 ਵਿੱਚ 2394 ਅਜਿਹੇ ਨੌਜਵਾਨਾਂ ਦੀ ਮੌਤ ਦਿਲ ਦੇ ਦੌਰੇ ਕਾਰਨ ਹੋਈ, ਜਿਨ੍ਹਾਂ ਦੀ ਉਮਰ 18 ਤੋਂ 45 ਸਾਲ ਦੇ ਵਿਚਕਾਰ ਸੀ, ਜਦੋਂਕਿ 2025 ਵਿੱਚ ਅਜਿਹੇ ਹੀ 3255 ਲੋਕਾਂ ਦੀ ਦਿਲ ਦੇ ਦੌਰੇ ਨਾਲ ਮੌਤ ਹੋਈ। ਅੰਕੜੇ ਦੱਸਦੇ ਹਨ ਕਿ ਹਰਿਆਣਾ ਵਿੱਚ ਪਿਛਲੇ ਪੰਜ ਸਾਲਾਂ ਵਿੱਚ ਦਿਲ ਦੇ ਦੌਰੇ ਨਾਲ 17582 ਨੌਜਵਾਨਾਂ ਦੀ ਮੌਤ ਹੋਈ।

ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ 2020 ਵਿੱਚ 18 ਤੋਂ 45 ਸਾਲ ਦੀ ਉਮਰ ਦੇ 2,394 ਲੋਕਾਂ ਦੀ ਦਿਲ ਦੇ ਦੌਰੇ ਨਾਲ ਮੌਤ ਹੋ ਗਈ। 2021 ਵਿੱਚ ਕੁੱਲ 3,188, 2022 ਵਿੱਚ 2,796, 2023 ਵਿੱਚ 2,886, 2024 ਵਿੱਚ 3,063 ਅਤੇ 2025 ਵਿੱਚ 3,255 ਨੌਜਵਾਨਾਂ ਦੀ ਮੌਤ ਦਿਲ ਦੇ ਦੌਰੇ ਨਾਲ ਹੋਈ। ਜਨਵਰੀ 2026 ਵਿੱਚ 391 ਨੌਜਵਾਨਾਂ ਦੀ ਦਿਲ ਦੇ ਦੌਰੇ ਨਾਲ ਮੌਤ ਹੋ ਚੁੱਕੀ ਹੈ।

ਹਰਿਆਣਾ ਦੇ ਯਮੁਨਾਨਗਰ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਨੌਜਵਾਨਾਂ ਦੀਆਂ ਮੌਤਾਂ ਦਿਲ ਦੇ ਦੌਰੇ ਨਾਲ ਹੋਈਆ ਹਨ। ਸਾਲ 2020 ਵਿੱਚ ਇਕੱਲੇ ਯਮੁਨਾਨਗਰ ਜ਼ਿਲ੍ਹੇ ਵਿੱਚ 387 ਮੌਤਾਂ ਹੋਈਆਂ, ਪ੍ਰੰਤੂ ਸਾਲ 2025 ਵਿੱਚ ਇਹ ਅੰਕੜਾਂ ਵਧ ਕੇ 389 ਤੱਕ ਪਹੁੰਚ ਗਿਆ ਹੈ। ਇਸ ਦੌਰਾਨ ਸਿਰਸਾ ਵਿੱਚ 2020 ਵਿੱਚ 213 ਅਤੇ 2025 ਵਿੱਚ 331 ਮੌਤਾਂ ਦਿਲ ਦੇ ਦੌਰੇ ਕਾਰਨ ਹੋਈਆ ਹਨ। ਫਤਿਹਾਬਾਦ ਵਿੱਚ 2020 ਵਿੱਚ 214 ਅਤੇ 2025 ਵਿੱਚ 270 ਮੌਤਾਂ ਹੋਈਆ ਹਨ।

ਹਰਿਆਣਾ ਦੇ ਅੰਬਾਲਾ ਜ਼ਿਲ੍ਹੇ ਵਿੱਚ ਸਾਲ 2020 ਦੌਰਾਨ 31 ਅਤੇ ਸਾਲ 2025 ਦੌਰਾਨ 23 ਮੌਤਾਂ ਦਿਲ ਦੇ ਦੌਰੇ ਕਾਰਨ ਹੋਈਆ। ਇਸੇ ਤਰ੍ਹਾਂ ਭਿਵਾਨੀ ਵਿੱਚ ਕ੍ਰਮਵਾਰ 50 ਅਤੇ 93,ਚਰਖੀ ਦਾਦਰੀ 106 ਅਤੇ 92, ਫਰੀਦਾਬਾਦ 60 ਅਤੇ 138, ਫਤਿਹਾਬਾਦ ਵਿੱਚ 214 ਅਤੇ 270, ਗੁਰੂਗ੍ਰਾਮ ਵਿੱਚ 113 ਅਤੇ 83, ਹਿਸਾਰ ਵਿੱਚ 27 ਅਤੇ 39, ਝੱਜਰ ਵਿੱਚ 143 ਅਤੇ 104, ਜੀਂਦ ਵਿੱਚ 117 ਅਤੇ 186, ਕੈਥਲ ਵਿੱਚ 164 ਅਤੇ 126, ਕਰਨਾਲ ਵਿੱਚ 17 ਅਤੇ 65, ਕੁਰੂਕਸ਼ੇਤਰ ਵਿੱਚ 90 ਅਤੇ 145, ਨੂਹ ਵਿੱਚ 92 ਅਤੇ 230, ਨਾਰਨੌਲ ਵਿੱਚ 90 ਅਤੇ 79, ਪੰਚਕੂਲਾ ਵਿੱਚ 116 ਅਤੇ 106, ਪਾਣੀਪਤ ਵਿੱਚ 8 ਅਤੇ 216, ਪਲਵਲ ਵਿੱਚ 196 ਅਤੇ 286, ਰੇਵਾੜੀ ਵਿੱਚ 75 ਅਤੇ 126, ਰੋਹਤਕ ਵਿੱਚ 33 ਅਤੇ 30, ਸਿਰਸਾ ਵਿੱਚ 213 ਅਤੇ 331, ਸੋਨੀਪਤ ਵਿੱਚ 52 ਅਤੇ 68, ਜਦੋਂਕਿ ਯਮੁਨਾਨਗਰ ਵਿੱਚ ਸਾਲ 2020 ਦੌਰਾਨ 387 ਅਤੇ ਸਾਲ 2025 ਵਿੱਚ 389 ਮੌਤਾਂ 18 ਤੋਂ 45 ਸਾਲ ਤੱਕ ਦੇ ਨੌਜਵਾਨਾਂ ਦੀਆਂ ਦਿਲ ਦੇ ਦੌਰੇ ਨਾਲ ਹੋ ਚੁੱਕੀਆਂ ਹਨ।

ਡਾਕਟਰਾਂ ਅਨੁਸਾਰ ਨੌਜਵਾਨਾਂ ਵਿੱਚ ਦਿਲ ਦੇ ਦੌਰੇ ਨਾਲ ਹੋ ਰਹੀਆਂ ਮੌਤਾਂ ਦੇ ਵਧਦੇ ਅੰਕੜਿਆਂ ਦਾ ਮੁੱਖ ਕਾਰਨ ਨੌਜਵਾਨਾਂ ਦੀ ਜੀਵਨਸ਼ੈਲੀ ਵਿੱਚ ਨਿਰੰਤਰ ਆ ਰਿਹਾ ਬਦਲਾਅ ਹੈ। ਕਰੜੇ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਕਾਰਨ ਨੌਜਵਾਨਾਂ 'ਤੇ ਵਧ ਰਿਹਾ ਦਬਾਅ ਅਤੇ ਰੁਜ਼ਗਾਰ ਦੇ ਵਸੀਲਿਆਂ ਦੀ ਵੱਡੀ ਘਾਟ ਕਾਰਨ ਨੌਜਵਾਨ ਵਰਗ ਨਿਰੰਤਰ ਮਾਨਸਿਕ ਪਰੇਸ਼ਾਨੀ ਦਾ ਸ਼ਿਕਾਰ ਹੋ ਰਿਹਾ ਹੈ। ਨੌਜਵਾਨ ਪੀੜ੍ਹੀ ਵਿੱਚ ਹੱਥੀਂ ਕਿਰਤ ਨਾ ਕਰਨਾ ਅਤੇ ਬਜ਼ਾਰੀ ਵਸਤੂਆਂ ਦੇ ਖਾਣ-ਪੀਣ ਦਾ ਲਗਾਤਾਰ ਵਧਦਾ ਰੁਝਾਨ ਵੀ ਨੌਜਵਾਨਾਂ ਨੂੰ ਗਲਤ ਦਿਸ਼ਾ ਵੱਲ ਲਿਜਾ ਰਿਹਾ ਹੈ। ਪਰਵਾਰਕ ਮੈਂਬਰਾਂ ਨਾਲ ਆਪਣੇ ਦੁੱਖ-ਸੁੱਖ ਸਾਂਝੇ ਕਰਨ ਦੀ ਬਜਾਏ ਨੌਜਵਾਨਾਂ ਵੱਲੋਂ ਮੋਬਾਇਲ ਫੋਨ 'ਤੇ ਆਪਣਾ ਜ਼ਿਆਦਾ ਸਮਾਂ ਬਤੀਤ ਕਰਨਾ ਵੀ ਇਸ ਦੇ ਮੁੱਖ ਕਾਰਨ ਹਨ।

ਨੌਜਵਾਨਾਂ ਨੂੰ ਚਾਹਿਦਾ ਹੈ ਕਿ ਖੇਡਾਂ ਨਾਲ ਜੁੜ ਕੇ ਆਪਣੇ ਜੀਵਨ ਨੂੰ ਖੁਸ਼ਹਾਲ ਬਣਾਇਆ ਜਾਵੇ, ਸ਼ਹਿਣਸ਼ੀਲਤਾ ਰੱਖ ਕੇ ਆਪਣੀ ਸੋਚ ਨੂੰ ਦੂਰਅੰਦੇਸ਼ੀ ਬਣਾਇਆ ਜਾਵੇ। ਹਮੇਸ਼ਾ ਖੁਸ਼ ਰਹਿਣ ਦੇ ਢੰਗ-ਤਰੀਕੇ ਲੱਭੇ ਜਾਣ ਅਤੇ ਮਾਨਸਿਕ ਪਰੇਸ਼ਾਨੀਆਂ ਤੋਂ ਦੂਰ ਰਹਿ ਕੇ ਆਪਣੇ ਦੁੱਖ-ਸੁੱਖ ਹਮੇਸ਼ਾ ਪਰਵਾਰ ਨਾਲ ਸਾਂਝੇ ਕੀਤੇ ਜਾਣੇ ਚਾਹੀਦੇ ਹਨ, ਕਿਉਕਿ ਜ਼ਿੰਦਗੀ ਬਹੁਤ ਅਨਮੋਲ ਹੈ।

# ਸੰਪਰਕ: 94670-95953

# ਮੁਫ਼ਤਖੋਰੀ ਕਿਸੇ ਰਾਜ ਦਾ ਵਿਕਾਸ ਨਹੀਂ ਕਰ ਸਕਦੀ

**ਡਾ. ਸੁਖਰਾਜ ਸਿੰਘ ਬਾਜਵਾ**

ਭਾਰਤ ਇਕ ਅਜਿਹਾ ਦੇਸ਼ ਹੈ, ਜਿੱਥੇ ਅਕਸਰ ਵੋਟਾਂ ਤੋਂ ਪਹਿਲਾਂ ਬਹੁਤ ਸਾਰੀਆਂ ਯੋਜਨਾਵਾਂ ਦਾ ਐਲਾਨ ਹੁੰਦਾ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮੁਫ਼ਤ ਵਿੱਚ ਵੰਡੀਆਂ ਜਾਣ ਵਾਲੀਆਂ ਯੋਜਨਾਵਾਂ ਹੁੰਦੀਆਂ ਹਨ । ਇਹ ਯੋਜਨਾਵਾਂ ਹਰ ਇੱਕ ਨਾਗਰਿਕ ਲਈ ਨਹੀਂ ਹੁੰਦੀਆਂ, ਸਿਰਫ ਉਹਨਾਂ ਲੋਕਾਂ ਲਈ ਹੁੰਦੀਆਂ ਹਨ, ਜਿਨ੍ਹਾਂ ਨੂੰ ਭਰਮਾ ਕੇ ਵੋਟ ਲਈ ਜਾ ਸਕਦੀ ਹੋਵੇ ਅਤੇ ਸਰਕਾਰ ਬਣਾਈ ਜਾ ਸਕਦੀ ਹੋਵੇ। ਇਹ ਯੋਜਨਾਵਾਂ ਅਕਸਰ ਦੇਸ਼ ਦੀ ਤਰੱਕੀ ਵਿਚ ਰੁਕਾਵਟ ਹੀ ਬਣਦੀਆਂ ਹਨ ਅਤੇ ਸੰਸਾਰ ਭਰ ਵਿੱਚ ਇੱਕ ਗਰੀਬ ਮੁਲਕ ਦੇ ਤੌਰ 'ਤੇ ਦੇਸ਼ ਦਾ ਨਾਂਅ ਉਜਾਗਰ ਕਰਦਿਆਂ ਹਨ ।

ਕਿਸੇ ਵੀ ਸਰਕਾਰ ਦਾ ਮੁੱਖ ਕੰਮ ਹੁੰਦਾ ਹੈ ਸਸਤੀ ਅਤੇ ਮਿਆਰੀ ਸਿੱਖਿਆ, ਸਿਹਤ ਅਤੇ ਰੋਜ਼ਗਾਰ ਮੁਹੱਈਆ ਕਰਵਾਉਣਾ, ਪਰ ਅਫ਼ਸੋਸ ਕੋਈ ਵੀ ਸਰਕਾਰ ਨਾ ਤਾਂ ਮਿਆਰੀ ਤੇ ਸਸਤੀ ਸਿੱਖਿਆ ਲਈ ਕੋਈ ਯੋਜਨਾ ਬਣਾ ਸਕੀਆਂ ਤੇ ਨਾ ਲੋਕਾਂ ਨੂੰ ਮਿਆਰੀ ਤੇ ਮੁਫ਼ਤ ਇਲਾਜ ਦੇਣ ਲਈ ਕੋਈ ਪ੍ਰਬੰਧ ਕਰ ਸਕੀਆਂ । ਰੋਜ਼ਗਾਰ ਦੇ ਹਾਲਾਤ ਇਹ ਹਨ ਕਿ ਜੇਕਰ ਇੱਕ ਵੱਡੀ ਗਿਣਤੀ ਨੌਜਵਾਨਾਂ ਦੀ ਵਿਦੇਸ਼ ਪ੍ਰਵਾਸ ਨਾ ਕਰੇ ਤਾਂ ਦੇਸ਼ ਵਿੱਚ ਭੁੱਖਮਰੀ ਵਾਲੇ ਹਾਲਾਤ ਪੈਦਾ ਹੋ ਜਾਣਗੇ।

ਚਾਹੀਦਾ ਤਾਂ ਇਹ ਹੈ ਕੇ ਸਰਕਾਰ ਨੌਜਵਾਨਾਂ ਨੂੰ ਤਕਨੀਕੀ ਸਿੱਖਿਆ ਦੇਣ ਲਈ ਸਰਕਾਰੀ ਸੰਸਥਾਵਾਂ ਵਿੱਚ ਵਾਧਾ ਕਰੇ, ਤਾਂ ਜੋ ਨੌਜਵਾਨ ਕਿਰਤ ਕਰਕੇ ਕਮਾਈ ਕਰ ਸਕਣ, ਸਿੱਖਿਆ ਸੰਸਥਾਵਾਂ ਵਿੱਚ ਚੰਗੇ ਟ੍ਰੇਨਰ ਭਰਤੀ ਕਰੇ, ਪਰ ਹਾਲਾਤ ਇਹ ਹਨ ਕਿ ਸਰਕਾਰੀ ਕਾਲਜ ਪ੍ਰੋਫ਼ੈਸਰਾਂ ਤੋਂ ਬਿਨਾਂ ਚਲ ਰਹੇ ਹਨ , ਸਰਕਾਰੀ ਤਕਨੀਕੀ ਸੰਸਥਾਨ ਵੀ ਟ੍ਰੇਨਰਾਂ ਤੋਂ ਵਿਹਲੇ ਹਨ ਤੇ ਟ੍ਰੇਨਿੰਗ ਯੋਗ ਸਮਾਨ ਵੀ ਉਪਲੱਬਧ ਨਹੀਂ । ਪ੍ਰਾਈਵੇਟ ਅਦਾਰੇ ਬਹੁਤ ਮਹਿੰਗੇ ਹਨ, ਜਿੱਥੇ ਹਰ ਕੋਈ ਸਿੱਖਿਆ ਨਹੀਂ ਪ੍ਰਾਪਤ ਕਰ ਸਕਦਾ। ਪਿਛਲੇ ਕੁਝ ਸਾਲਾਂ ਵਿੱਚ ਖੁੱਲ੍ਹੀਆਂ ਕਈ ਪ੍ਰਾਈਵੇਟ ਯੂਨਵਰਸਿਟੀਆਂ ਸਿਰਫ ਕਾਗਜ਼ੀ ਸਿੱਖਿਆ ਹੀ ਮੁਹੱਈਆ ਕਰਵਾ ਰਹੀਆਂ ਹਨ , ਸਕਿਲ ਦੇ ਨਾਂਅ 'ਤੇ ਵਿਦਿਆਰਥੀ ਕੋਰੇ ਹੀ ਹਨ । ਬਹੁਤੇ ਤਕਨੀਕੀ ਸਿੱਖਿਆ ਪ੍ਰਾਪਤ ਵਿਦਿਆਰਥੀ ਜੋ ਇਹਨਾਂ ਯੂਨੀਵਰਸਿਟੀਆਂ ਤੋਂ ਪੜ੍ਹ ਕੇ ਆਉਂਦੇ ਹਨ, ਉਹ ਬਾਹਰ ਆ ਕੇ ਕੋਈ ਕੰਮ ਨਹੀਂ ਕਰ ਪਾ ਰਹੇ, ਕਿਉਂਕਿ ਡਿਗਰੀ ਤਾਂ ਹੈ, ਪਰ ਗਿਆਨ ਨਹੀਂ। ਅਜਿਹੇ ਵਿੱਚ ਰਾਜਨੀਤਕ ਪਾਰਟੀਆਂ ਦਾ ਰਵੱਈਆ ਸਿਰਫ ਸਾਮ, ਦਾਮ, ਦੰਡ, ਭੇਦ ਨਾਲ ਸਰਕਾਰਾਂ ਬਣਾਉਣ ਤੱਕ ਹੀ ਸੀਮਿਤ ਰਹਿ ਗਿਆ ਹੈ।

ਹਾਲ ਹੀ ਵਿੱਚ ਬਿਹਾਰ ਚੋਣਾਂ ਵਿਚ ਜਿਸ ਤਰ੍ਹਾਂ ਸਰਕਾਰ ਵੱਲੋਂ ਚੋਣਾਂ ਤੋਂ ਐਨ ਪਹਿਲਾਂ ਮਹਿਲਾਵਾਂ ਦੇ ਖਾਤਿਆਂ ਵਿਚ ਦਸ-ਦਸ ਹਜ਼ਾਰ ਰੁਪਏ ਪਾਏ ਗਏ ਤੇ ਉਹ ਵੋਟ ਹਾਸਿਲ ਕਰਨ ਵਿੱਚ ਕਾਮਯਾਬ ਵੀ ਹੋਏ ਤੇ ਸਰਕਾਰ ਵੀ ਬਣੀ। ਇਸੇ ਤਰਜ਼ 'ਤੇ ਪੰਜਾਬ ਵਿੱਚ ਵੀ ਲਗਦਾ ਸੀ ਕਿ ਸਾਰੀਆਂ ਰਾਜਨੀਤਕ ਪਾਰਟੀਆਂ ਕੁਝ ਅਜਿਹੀਆਂ ਹੀ ਯੋਜਨਾਵਾਂ ਲਾਗੂ ਕਰਨ ਲਈ ਐਲਾਨ ਕਰਨਗੀਆਂ। ਸੁਖਬੀਰ ਬਾਦਲ ਵੱਲੋਂ ਆਪਣੀ ਸਰਕਾਰ ਬਣਨ 'ਤੇ ਬੁਢਾਪਾ ਪੈਨਸ਼ਨ ਵਿੱਚ ਦੋ ਹਜ਼ਾਰ ਦਾ ਵਾਧਾ ਕਰਨ ਦਾ ਐਲਾਨ

ਸਰਕਾਰ ਨੂੰ ਮੁਫ਼ਤਖੋਰੀ ਵਿੱਚ ਪੈਸਾ ਖਰਚਣ ਨਾਲੋਂ ਪੰਜਾਬ ਦੀ ਕਿਸਾਨੀ ਬਾਰੇ ਸੋਚਣਾ ਚਾਹੀਦਾ ਹੈ । ਜਿੱਥੇ-ਜਿੱਥੇ ਲੋੜ ਹੈ, ਉਥੇ ਨਵੀਆਂ ਨਹਿਰਾਂ ਦਾ ਜਾਲ ਵਿਛਾਉਣਾ ਚਾਹੀਦਾ ਹੈ, ਤਾਂ ਜੋ ਖਤਮ ਹੋਣ ਕਿਨਾਰੇ ਪਹੁੰਚੀ ਕਿਸਾਨੀ ਨੂੰ ਨਵੀਂ ਜ਼ਿੰਦਗੀ ਦਿੱਤੀ ਜਾ ਸਕੇ, ਜਿਸ ਨਾਲ ਪੰਜਾਬ ਖੁਸ਼ਹਾਲ ਬਣੇਗਾ ਤੇ ਏਥੇ ਦੇ ਲੋਕਾਂ ਦੀ ਆਮਦਨ ਵਿਚ ਵਾਧਾ ਹੋਵੇਗਾ, ਜਿਸ ਨਾਲ ਵਪਾਰੀ ਵਰਗ ਨੂੰ ਵੀ ਲਾਭ ਪਹੁੰਚੇਗਾ ।

ਮੁਫ਼ਤਖੋਰੀ ਇੱਕ ਹੋਰ ਬਹੁਤ ਵੱਡੀ ਸਮੱਸਿਆ ਪੈਦਾ ਕਰ ਰਹੀ ਹੈ। ਪਿੰਡਾ ਵਿੱਚ ਜੋ ਕਾਮਾ ਤਬਕਾ ਸੀ, ਉਹ ਹੁਣ ਵਿਹਲਾ ਬੈਠ ਕੇ ਖਾਣਾ ਗਿਝ ਰਿਹਾ ਹੈ ਤੇ ਵਿਹਲਾ ਨੌਜਵਾਨ ਨਸ਼ਿਆਂ ਦੇ ਅੜਿੱਕੇ ਚੜ੍ਹ ਰਿਹਾ ਹੈ। ਨੌਜਵਾਨੀ ਸਿਰਫ ਮੋਟਰਸਾਈਕਲ 'ਤੇ ਸੜਕਾਂ ਦੇ ਗੇੜੀਆਂ ਮਾਰਨ ਜੋਗੀ ਜਾਂ ਫੇਰ ਮੇਲਿਆਂ 'ਤੇ ਜਾਣ ਜੋਗੀ ਰਹਿ ਗਈ ਹੈ। ਪੰਜਾਬ ਵਿੱਚ ਵਧ ਰਿਹਾ ਕ੍ਰਾਈਮ ਵੀ ਨੌਜਵਾਨਾਂ ਦੇ ਵਿਹਲੜ-ਪੁਣੇ ਕਰਕੇ ਹੀ ਹੈ ।

ਪੰਜਾਬ ਸਰਕਾਰ ਦੀਆਂ ਮੁਫਤ ਸਕੀਮਾਂ ਦਾ ਇੱਕ ਸੱਚ ਹੋਰ ਵੀ ਹੈ । ਇਸ ਦਾ ਫਾਇਦਾ ਵੀ ਪੰਜਾਬ ਦੇ ਅਸਲ ਕਮਜ਼ੋਰ ਤਬਕੇ ਨਾਲੋਂ ਪੰਜਾਬ ਵਿੱਚ ਦੂਸਰੇ ਰਾਜਾਂ ਤੋਂ ਆ ਕੇ ਵੱਸ ਚੁੱਕੇ ਪਰਵਾਸੀ ਜ਼ਿਆਦਾ ਹਨ । ਪੰਜਾਬ ਵਿੱਚ ਸੌਖਿਆਂ ਹੀ ਅਧਾਰ ਕਾਰਡ ਅਤੇ ਵੋਟ ਦਾ ਬਣ ਜਾਣਾ ਇਹਨਾਂ ਲੋਕਾਂ ਦੇ ਰਾਸ ਆਇਆ ਹੈ । ਨਾਲੇ ਸਰਕਾਰ ਦੀਆਂ ਮੁਫਤ ਦੀਆਂ ਸਕੀਮਾਂ ਦਾ ਫਾਇਦਾ ਲੈਂਦੇ ਹਨ ਤੇ ਨਾਲ ਹੀ ਪੰਜਾਬ ਦੇ ਬਹੁਤੇ ਕਾਰੋਬਾਰ, ਖੇਤਾਂ ਵਿਚ ਤੇ ਫੈਕਟਰੀਆਂ ਵਿਚ ਮਜ਼ਦੂਰੀ 'ਤੇ ਕਬਜ਼ਾ ਵੀ ਇਹਨਾ ਦਾ ਹੀ ਹੈ। ਸਬਜ਼ੀ ਮੰਡੀ ਤੋਂ ਲੈ ਕੇ ਫਾਸਟ ਫੂਡ ਦੀਆਂ ਰੇਹੜੀਆਂ ਤੋਂ ਹਜ਼ਾਰਾਂ ਦੀ ਕਮਾਈ ਕਰਨ ਵਾਲੇ ਇਹ ਪਰਵਾਸੀ ਪੰਜਾਬ ਸਰਕਾਰ ਦੀਆਂ ਮੁਫਤ ਦੀਆਂ ਸਕੀਮਾਂ ਲੈ ਕੇ ਸਰਕਾਰ ਨੂੰ ਕਰੋੜਾਂ ਦਾ ਘਾਟਾ ਪਾ ਰਹੇ ਹਨ ।

ਮੁਫ਼ਤਖੋਰੀ ਵਾਲਾ ਪੈਸਾ ਪੰਜਾਬ ਦੇ ਵਿਕਾਸ 'ਤੇ ਖਰਚ ਕੀਤਾ ਜਾਣਾ ਚਾਹੀਦਾ ਹੈ, ਜਿਸ ਨਾਲ ਨਵੀਂਆਂ ਸੜਕਾਂ ਬਣਾਈਆਂ ਜਾਣ ਤੇ ਪੁਰਾਣੀਆਂ ਦੀ ਮੁਰੰਮਤ ਹੋ ਸਕੇ । ਸੜਕਾਂ ਬਣਾਉਣ ਦੇ ਕੰਮ ਵਿੱਚ ਪੰਜਾਬੀਆਂ ਨੂੰ ਰੋਜ਼ਗਾਰ ਦੇ ਮੌਕੇ ਦਿੱਤੇ ਜਾਣ। ਜੇਕਰ ਸਰਕਾਰਾਂ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਹਿੱਤ ਸੰਜੀਦਾ ਹਨ ਤਾਂ ਤੁਰੰਤ ਪ੍ਰਭਾਵ ਨਾਲ ਸਾਰੀਆਂ ਮੁਫ਼ਤਖੋਰੀ ਦੀਆਂ ਸਕੀਮਾਂ ਬੰਦ ਕਰੇ ਤੇ ਨੌਜਵਾਨਾਂ ਨੂੰ ਆਪ ਕਮਾਈ ਕਰਕੇ ਆਪਣਾ ਘਰ ਚਲਾਉਣ ਹਿੱਤ ਉਹਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਏ। ਮੁਫ਼ਤਖੋਰੀ ਨਾਲ ਪੰਜਾਬ ਦੇ ਵਪਾਰੀ ਵੀ ਨਿਰਾਸ਼ ਹਨ, ਕਿਉਂਕਿ ਓਹਨਾਂ ਦੀਆਂ ਦੁਕਾਨਾਂ ਤੋਂ ਵਿਕਣ ਵਾਲਾ ਰਾਸ਼ਨ ਤਾਂ ਸਰਕਾਰ ਮੁਫ਼ਤ ਵਿੱਚ ਲੋਕਾਂ ਵਿੱਚ ਵੰਡੇਗੀ । ਇਸ ਲਈ ਲੋੜ ਹੈ ਪੰਜਾਬ ਵਿੱਚ ਮੁਫ਼ਤਖੋਰੀ ਨਾਲੋਂ ਨਵੀਆਂ ਇੰਡਸਟਰੀਆਂ ਨੂੰ ਕੁਝ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣ ਤਾਂ ਜੋ ਨਵੀਆਂ ਇੰਡਸਟਰੀਆਂ ਪੰਜਾਬ ਵਿੱਚ ਆਉਣ ਤੇ ਇਥੋਂ ਦੇ ਨੌਜਵਾਨਾਂ ਨੂੰ ਰੋਜ਼ਗਾਰ ਮਿਲੇ।ਇਸ ਕੰਮ ਲਈ ਇੱਕ ਦ੍ਰਿੜ੍ਹ ਰਾਜਨੀਤਕ ਇੱਛਾ ਸ਼ਕਤੀ ਅਤੇ ਤਿਆਗ ਦੀ ਲੋੜ ਹੈ। ਕੁਰਸੀ ਦੇ ਮੋਹ ਨੂੰ ਛੱਡ ਕੇ ਸਖ਼ਤ ਫੈਸਲੇ ਲੈਣ ਦੀ ਲੋੜ ਹੈ, ਤਾਂ ਜੋ ਪੰਜਾਬ ਨੂੰ ਕਰਜ਼ੇ ਦੇ ਬੋਝ ਹੇਠੋਂ ਕੱਢ ਕੇ ਤਰੱਕੀ ਦੇ ਰਾਹ 'ਤੇ ਲਿਜਾਇਆ ਜਾ ਸਕੇ ।

# ਸੰਪਰਕ : 78886-84597

## ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਵੱਲੋਂ ਡਿਪਟੀ ਕਮਿਸ਼ਨਰ ਦਫਤਰ ਸਾਹਮਣੇ ਧਰਨਾ



**ਸ੍ਰੀ ਮੁਕਤਸਰ ਸਾਹਿਬ** : ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਸ੍ਰੀ ਮੁਕਤਸਰ ਸਾਹਿਬ ਵੱਲੋਂ ਅੱਜ ਦੂਜੇ ਦਿਨ ਡਿਪਟੀ ਕਮਿਸ਼ਨਰ ਦਫਤਰ ਮੁਕਤਸਰ ਦੇ ਸਾਹਮਣੇ ਧਰਨਾ ਦਿੱਤਾ ਗਿਆ। ਜਿਸ ਵਿੱਚ ਮੁੱਖ ਮੰਗ ਹੈ ਕਿ ਜਿੱਥੇ ਮੰਗ ਅਨੁਸਾਰ ਕੰਮ ਨਹੀਂ ਦਿੱਤਾ, ਉਥੇ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ, ਰੁਕੀਆਂ ਉਜਰਤਾਂ ਦਾ ਭੁਗਤਾਨ ਕੀਤਾ ਜਾਵੇ, ਨਰੇਗਾ ਦੀ ਪਾਰਦਰਸ਼ਤਾ ਬਹਾਲ ਕੀਤੀ ਜਾਵੇ, ਜਿੱਥੇ ਕੰਮ ਕਰਵਾ ਕੇ ਮਾਸਟਰ ਰੋਲ ਆਨਲਾਈਨ ਕਰਕੇ ਜ਼ੀਰੋ ਕੀਤੇ ਹਨ, ਉਹਨਾਂ ਸਾਰੇ ਕਿਰਤੀਆਂ ਨੂੰ ਉਜਰਤ ਭੁਗਤਾਨ ਕੀਤਾ ਜਾਵੇ ਅਤੇ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਏ।ਜੇ ਨਰੇਗਾ ਅਧਿਕਾਰੀਆਂ ਨੇ ਮੰਗਾਂ ਦੀ ਪੂਰਤੀ ਲਈ ਕਾਰਵਾਈ ਨਾ ਕੀਤੀ ਤਾਂ ਇੱਕ ਅਪ੍ਰੈਲ ਤੋਂ ਲੜੀਵਾਰ ਭੁੱਖ ਹੜਤਾਲ ਸ਼ੁਰੂ ਕੀਤੀ ਜਾਵੇਗੀ ਪਰ ਭੱਤਾ ਹਰ ਹਾਲ ਹਾਸਲ ਕਰਾਂਗੇ।ਇਸ ਇਕੱਠ ਨੂੰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਬੋਰਡ ਸਿੰਘ ਸੁਖਨਾ ਬਿੰਦਰ ਸਿੰਘ ਖੂੰਨਣ ਕਲਾਂ, ਸ਼ਮਸ਼ੇਰ ਸਿੰਘ ਥਾਂਦੇਵਾਲਾ, ਜੈਮਲ ਸਿੰਘ ਭੰਗਚੜ੍ਹੀ ਆਦਿ ਆਗੂਆਂ ਨੇ ਸੰਬੋਧਨ ਕੀਤਾ।

## ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਜ਼ਿਲ੍ਹਾ ਦਫ਼ਤਰ ਮੋਗਾ 'ਚ ਕਰੇਗੀ ਵੱਡੀ ਕਿਸਾਨ ਰੈਲੀ : ਦੌਲਤਪੁਰਾ, ਲੱਖੋਵਾਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਜ਼ਿਲ੍ਹਾ ਦਫ਼ਤਰ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਵਿਖੇ ਇਕ ਭਖਦੇ ਮਸਲਿਆਂ ਲਈ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਦੀ ਅਗਵਾਈ ਹੇਠ ਹੋਈ ਮੀਟਿੰਗ ਦੀ ਕਾਰਵਾਈ ਜ਼ਿਲ੍ਹਾ ਜਨਰਲ ਰਵਿੰਦਰ ਸਿੰਘ ਭੋਲਾ, ਜ਼ਿਲ੍ਹਾ ਮੀਡੀਆ ਸਕੱਤਰ ਬਲਕਰਨ ਸਿੰਘ ਢਿੱਲੋਂ ਨੇ ਚਲਾਈ ਮੀਟਿੰਗ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਗਤ ਧੰਨਾ ਜੱਟ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਜ਼ਿਲ੍ਹਾ ਦਫਤਰ ਵਿਖੇ ਮੀਟਿੰਗ ਬੁਲਾਈ ਗਈ ਇਸ ਮੀਟਿੰਗ ਵਿੱਚ ਸੂਬਾ ਮੀਤ ਪ੍ਰਧਾਨ ਪ੍ਰੀਤਮ ਸਿੰਘ ਬਰਾੜ, ਮੋਹਨ ਸਿੰਘ ਜੀਂਦੜਾ, ਸੂਰਤ ਸਿੰਘ ਕਾਦਰ ਵਾਲਾ, ਜਰਨੈਲ ਸਿੰਘ ਤਖਾਣਵੱਧ, ਹਰਨੇਕ ਸਿੰਘ ਫਤਿਹਗੜ੍ਹ, ਮੰਦਰਜੀਤ ਸਿੰਘ ਮਨਾਵਾ, ਅਨੁਸ਼ਾਸਨੀ ਕਮੇਟੀ ਹਰਜੀਤ ਸਿੰਘ ਮਨਾਵਾਂ, ਇਕਬਾਲ ਸਿੰਘ ਘਲੋਟੀ ਸਾਬਕਾ ਸਰਪੰਚ, ਗੁਰਜੰਟ ਸਿੰਘ ਗਗੜਾ, ਵਿਸ਼ੇਸ਼ ਤੌਰ 'ਤੇ ਪਹੁੰਚੇ ਦੀ ਮੀਟਿੰਗ ਦੌਰਾਨ ਵਿਚਾਰ ਚਰਚਾ ਹੋਈ। ਇਸ ਮੀਟਿੰਗ ਦੌਰਾਨ ਸਰਬ ਸੰਮਤੀ ਨਾਲ ਪ੍ਰੋਗਰਾਮ ਉਲੀਕਿਆ ਗਿਆ ਜੋ ਆਉਣ ਵਾਲੀ 10 ਅਪ੍ਰੈਲ ਨੂੰ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਦਫਤਰ ਮੋਗਾ ਵਿਖੇ ਇੱਕ ਵੱਡੀ ਕਿਸਾਨ ਰੈਲੀ ਕੀਤੀ ਜਾਵੇਗੀ।ਜਿਸ ਵਿੱਚ ਭਾਰਤੀ ਕਿਸਾਨ ਯੂਨੀਅਨ ਦੀ ਕੇਂਦਰੀ ਲੀਡਰਸ਼ਿਪ ਰਕੇਸ਼ ਟਿਕੈਤ ਅਤੇ ਸੂਬਾ ਪ੍ਰਧਾਨ ਸਰਦਾਰ ਹਰਿੰਦਰ ਸਿੰਘ ਲੱਖੋਵਾਲ, ਯੁੱਧਵੀਰ ਸਿੰਘ ਤੇ ਹੋਰ ਬੁੱਧੀਜੀਵੀ ਰੈਲੀ 'ਚ ਸ਼ਾਮਿਲ ਹੋਣਗੇ। ਰੈਲੀ ਦੌਰਾਨ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਨੀਤੀਆਂ ਬਾਰੇ ਸਮੁੱਚੇ ਕਿਸਾਨਾਂ ਨੂੰ ਜਾਣੂ ਕਰਵਾਇਆ ਜਾਵੇਗਾ। ਆਉਣ ਵਾਲੇ ਸਮੇਂ ਦੌਰਾਨ ਜੋ ਸਰਕਾਰਾਂ ਨਾਲ ਸੰਘਰਸ਼ ਵਿੱਢਣੇ ਹਨ ਉਸ ਦੀ ਵਿਉਂਤਬੰਦੀ ਕੀਤੀ ਜਾਵੇਗੀ।ਇਸ ਮੌਕੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਚੋਟੀਆਂ ਖ਼ੁਰਦ, ਜ਼ਿਲ੍ਹਾ ਮੀਤ ਪ੍ਰਧਾਨ ਪ੍ਰੇਮ ਲਾਲ ਪੁਰੀ, ਡਾ. ਸਰਬਜੀਤ ਸਿੰਘ ਬਗੇਲਾ, ਸੁਖਵੰਤ ਸਿੰਘ ਖੋਟੇ, ਲਖਵਿੰਦਰ ਸਿੰਘ ਰੌਲੀ, ਮੋਦਨ ਸਿੰਘ ਨਿਧਾਵਾਲਾ, ਜਸਵਿੰਦਰ ਸਿੰਘ ਚੁਗਾਵਾਂ, ਬਲਾਕ ਪ੍ਰਧਾਨ ਗੁਰਦੇਵ ਸਿੰਘ ਬਰਾੜ, ਬੰਤ ਸਿੰਘ ਨਿਧਾਂ ਵਾਲਾ, ਮੇਜਰ ਸਿੰਘ ਬਰਾੜ, ਦਰਸ਼ਨ ਸਿੰਘ, ਬਲਾਕ ਪ੍ਰਧਾਨ ਮੋਗਾ 2 ਸੁਖਵੀਤ ਸਿੰਘ,ਮਨਪ੍ਰੀਤ ਸਿੰਘ ਸੰਧੂ, ਗੁਰਸੇਵਕ ਸਿੰਘ ਬਾਘਾ ਪੁਰਾਣਾ, ਕੁਲਵਿੰਦਰ ਸਿੰਘ ਚੁਗਾਵਾਂ, ਅਮਰਜੀਤ ਸਿੰਘ ਮਾਣੂਕੇ, ਜਗਦੇਵ ਸਿੰਘ ਮਾਣੂਕੇ, ਮਨਵੀਰ ਸਿੰਘ ਮਾਣੂਕੇ, ਬਲਦੇਵ ਸਿੰਘ ਮੋਗਾ, ਜਗਮੋਹਣ ਸਿੰਘ ਲੋਪੋ ਤੇ ਵੱਡੀ ਗਿਣਤੀ ਚ ਬੀ.ਕੇ.ਯੂ ਲੱਖੋਵਾਲ ਦੇ ਕਿਸਾਨ ਆਗੂ ਹਾਜ਼ਰ ਸਨ।

## ਕਬਾੜਖਾਨਾ ਬਣੇ ਸਕੂਲੀ ਕਮਰੇ ਨੂੰ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਨਵੀਂ ਦਿੱਖ ਦੇ ਕੇ ਬਣਾਈ ਸੁੰਦਰ ਲਾਇਬ੍ਰੇਰੀ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਸੋਸ਼ਲ ਮੀਡੀਆ ਦੇ ਸਮੇਂ ਦੌਰਾਨ ਸਾਹਿਤ ਦੀ ਵਿਦਿਆਰਥੀ ਜੀਵਨ 'ਚ ਮਹੱਤਤਾ ਨੂੰ ਸਮਝਦਿਆਂ ਸਰਕਾਰੀ ਪ੍ਰਾਇਮਰੀ ਸਕੂਲ ਧਨੇਰ (ਬਰਨਾਲਾ) ਵਿਖੇ ਕਬਾੜਖਾਨਾ ਬਣੇ ਕਮਰੇ ਨੂੰ ਦਾਨੀ ਸੱਜਣਾਂ ਦੇ ਸਹਿਯੋਗ ਸਦਕਾ ਮੁਰੰਮਤ ਕਰਕੇ ਸੁੰਦਰ ਉਸਾਰੂ ਲਾਇਬ੍ਰੇਰੀ ਤਿਆਰ ਕੀਤੀ ਗਈ, ਜਿਸ ਦਾ ਉਦਘਾਟਨ ਸ੍ਰੀ ਨਰਿੰਦਰ ਵਰਮਾ ਪੁੱਤਰ ਸ੍ਰੀ ਸ਼ਾਮ ਲਾਲ ਵਰਮਾ (ਕੈਨੇਡਾ) ਨੇ ਕੀਤਾ।

ਸਕੂਲ ਅਧਿਆਪਕ ਪਲਵਿੰਦਰ ਠੀਕਰੀਵਾਲਾ ਨੇ ਦੱਸਿਆ ਕਿ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਕਰਦਿਆਂ ਲਾਇਬ੍ਰੇਰੀ ਦਾ ਨਾਂਅ ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬ੍ਰੇਰੀ ਰੱਖਿਆ ਗਿਆ ਹੈ, ਤਾਂ ਜੁ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਸਾਨੂੰ ਹਮੇਸ਼ਾ ਪੁਸਤਕਾਂ ਪੜ੍ਹਨ ਵੱਲ ਪ੍ਰੇਰਿਤ ਕਰਦੀ ਰਹੇ। ਉਨ੍ਹਾਂ ਦੱਸਿਆ ਕਿ ਇਸ ਕਾਰਜ 'ਤੇ ਲਗਭਗ 50,000 ਰੁਪਇਆ ਖਰਚ ਆਇਆ ਹੈ, ਜੋ ਬਿਨਾਂ ਕਿਸੇ ਸਰਕਾਰੀ ਗ੍ਰਾਂਟ ਤੋਂ ਸ਼ੁਰੂ ਕੀਤਾ ਗਿਆ ਤੇ ਦਾਨੀ ਸੱਜਣਾਂ ਦੇ ਸਹਿਯੋਗ ਸਦਕਾ ਨੇਪਰੇ ਚਾੜ੍ਹਿਆ।ਠੀਕਰੀਵਾਲਾ ਨੇ ਦੱਸਿਆ ਕਿ ਇਸ ਨੇਕ ਕਾਰਜ ਵਿੱਚ ਸ੍ਰੀ ਨਰਿੰਦਰ ਵਰਮਾ ਵੱਲੋਂ 25 ਕੁਰਸੀਆਂ, ਅਮਨਦੀਪ ਕੌਰ ਅਮਰੀਕਾ ਪੁੱਤਰੀ ਸੁਰਜੀਤ ਸਿੰਘ ਅਮਰੀਕਾ ਵੱਲੋਂ 20,000, ਪ੍ਰੀਤਮ ਸਿੰਘ ਡੇਅਰੀ ਵਾਲੇ ਵੱਲੋਂ 2100 ਰੁਪਏ ਤੇ ਅਮਜਦ ਕੈਨੇਡਾ ਪੁੱਤਰ ਸ੍ਰੀ ਨਜ਼ੀਰ ਮੁਹੰਮਦ ਵੱਲੋਂ ਲਾਇਬ੍ਰੇਰੀ ਲਈ ਕਿਤਾਬਾਂ ਭੇਟ ਕੀਤੀਆਂ ਗਈਆਂ, ਜਿਸ ਸਦਕਾ ਇਹ ਅਹਿਮ ਕਾਰਜ ਨੇਪਰੇ ਚੜ੍ਹਿਆ ਹੈ।

ਰਿਟਾਇਰਡ ਕਰਨਲ ਮਨਪ੍ਰੀਤ ਸਿੰਘ ਗਰੇਵਾਲ ਨੇ ਪੰਚਾਇਤ ਤੇ ਸਮਾਜ ਸੇਵੀ ਲੋਕਾਂ ਨੂੰ ਸਕੂਲ ਦੇ ਵਿਕਾਸ ਕਾਰਜਾਂ ਲਈ ਅੱਗੇ ਆਉਣ ਲਈ ਪ੍ਰੇਰਿਤ ਕੀਤਾ।ਸ੍ਰੀ ਨਰਿੰਦਰ ਵਰਮਾ ਨੇ ਅੱਗੇ ਤੋਂ ਹੋਰ ਵੀ ਇਸ ਸਕੂਲ ਲਈ ਵਧੇਰੇ ਸਹਿਯੋਗ ਕਰਨ ਦਾ ਵਿਸ਼ਵਾਸ ਦੁਆਇਆ।




## ਮਿਮਿਟ ਮਲੋਟ ਵਿਖੇ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਮਲੋਟ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਇਨਫਰਮੇਸ਼ਨ ਟੈਕਨਾਲੋਜੀ, (ਮਿਮਿਟ), ਮਲੋਟ ਵਿਖੇ ਉਦਮੀ ਬਣਨ ਲਈ ਅਤੇ ਨਵੇਂ ਉਦਯੋਗ ਸਥਾਪਿਤ ਕਰਨ ਦੇ ਵਿਸ਼ੇ ਉੱਪਰ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦੇ ਪੈਟਰਨ ਅਤੇ ਸੰਸਥਾ ਦੇ ਡਾਇਰੈਕਟਰ ਡਾ. ਜਸਕਰਨ ਸਿੰਘ ਭੁੱਲਰ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਵਿੱਦਿਆ ਦੇਣ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਨਵੇਂ ਉਦਯੋਗ ਸਥਾਪਿਤ ਕਰਨ ਲਈ ਪ੍ਰੇਰਿਤ ਕਰਨਾ ਵੀ ਸੰਸਥਾ ਦਾ ਇੱਕ ਮਕਸਦ ਹੈ. ਇਸੇ ਕਾਰਨ ਸੰਸਥਾ ਨੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਇੰਡਸਟਰੀ ਸੈਂਟਰ ਵਿਭਾਗ ਅਤੇ ਮਹਾਤਮਾ ਗਾਂਧੀ ਸਟੇਟ ਇੰਸਟੀਟਿਊਟ ਆਫ ਪਬਲਿਕ ਐਡਮਿਨਿਸਟਰੇਸ਼ਨ ਚੰਡੀਗੜ੍ਹ ਦੇ ਸਹਿਯੋਗ ਨਾਲ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨਾਲ ਸੰਬੰਧਤ ਮੀਡੀਅਮ ਸਕੇਲ ਇੰਡਸਟਰੀ ਮਾਲਕਾਂ ਨੂੰ ਵਿਦਿਆਰਥੀਆਂ ਦੇ ਰੂਬਰੂ ਕੀਤਾ। ਇਸ ਪ੍ਰੋਗਰਾਮ ਦੇ ਲੋਕਲ ਕੋਆਰਡੀਨੇਟਰ ਇੰਜੀਨੀਅਰ ਅਮਰਿੰਦਰ ਸਿੰਘ ਅਤੇ ਇੰਜੀਨੀਅਰ ਗੁਰਪ੍ਰੀਤ ਸਿੰਘ ਸੋਨੀ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਡਾ. ਦੀਪਤੀ, ਮਿਸ ਗੁਰਦੀਪ, ਰਿਤੇਸ਼ ਗੁਲਾਟੀ ਚੇਂਜ ਮੈਨੇਜਮੈਂਟ ਕੰਸਲਟੈਂਟ, ਇੰਜੀਨੀਅਰ ਅਮਰਦੇਵ ਸਿੰਘ ਨਿਟਰ ਚੰਡੀਗੜ੍ਹ, ਪਰਮਿੰਦਰ ਸਿੰਘ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਜਿਲਾ ਸ੍ਰੀ ਮੁਕਤਸਰ ਸਾਹਿਬ, ਅਜੇ ਕੁਮਾਰ ਬਲਾਕ ਲੈਵਲ ਐਕਸਟੈਂਸ਼ਨ ਅਫਸਰ ਇੰਡਸਟਰੀ ਅਤੇ ਸੰਗੀਤ ਮੈਨੇਜਰ ਜ਼ਿਲ੍ਹਾ ਇੰਡਸਟਰੀ ਸੈਂਟਰ ਸ੍ਰੀ ਮੁਕਤਸਰ ਸਾਹਿਬ ਨੇ ਇਸ ਪ੍ਰੋਗਰਾਮ ਵਿੱਚ ਭਾਗ ਲੈ ਰਹੇ ਵਿਦਿਆਰਥੀਆਂ ਉੱਦਮੀ ਨੂੰ ਹੋਰ ਨਵੇਂ ਉਦਯੋਗ ਸ਼ੁਰੂ ਕਰਨ ਲਈ ਸਰਕਾਰ ਦੀਆਂ ਵੱਖ ਵੱਖ ਸਕੀਮਾਂ ਬਾਰੇ ਜਾਣੂ ਕਰਵਾਇਆ ਅਤੇ ਪੰਜਾਬ ਸਰਕਾਰ ਦੇ ਰੈਂਪ ਪ੍ਰੋਗਰਾਮ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਪ੍ਰੋਗਰਾਮ ਵਿੱਚ ਜਿੱਥੇ ਰੈਂਪ ਪ੍ਰੋਗਰਾਮ ਤਹਿਤ ਵੱਖ ਵੱਖ ਸਬਸਿਡੀ ਸਕੀਮ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਵਿਦਿਆਰਥੀਆਂ ਨੂੰ ਮਿਲਿਆ ਉੱਥੇ ਹੀ ਉਹਨਾਂ ਉਦਯੋਗਪਤੀਆਂ ਨੂੰ ਵੀ ਮਿਲਣ ਦਾ ਮੌਕਾ ਮਿਲਿਆ ਜਿਨਾਂ ਨੇ ਅੱਜ ਦੇ ਸਮੇਂ ਜ਼ਿਲ੍ਹ ਸ੍ਰੀ ਮੁਕਤਸਰ ਸਾਹਿਬ ਦੇ ਵੱਖ ਵੱਖ ਪਿੰਡਾਂ ਵਿੱਚ ਆਪਣੇ ਆਪਣੇ ਉਦਯੋਗ ਸ਼ੁਰੂ ਕੀਤੇ ਹੋਏ ਹਨ। ਇਸ ਵਰਕਸ਼ਾਪ ਦੀ ਸਮਾਪਤੀ ਦੌਰਾਨ ਭਾਗ ਲੈਣ ਵਾਲੇ ਉਦਮੀਆਂ ਨੂੰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਪ੍ਰਸ਼ਾਸਨ ਵੱਲੋਂ ਸਰਟੀਫਿਕੇਟ ਤਕਸੀਮ ਕੀਤੇ ਗਏ ਅਤੇ ਸ਼ਿਰਕਤ ਕਰਨ ਲਈ ਸਭ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਯੂ ਜੀ ਸੀ ਵਿਭਾਗ ਦੇ ਮੁਖੀ ਡਾ. ਮਨੀਸ਼ ਬਾਂਸਲ, ਇੰਜ. ਵਿਕਾਸ ਗੋਇਲ ਤੋਂ ਇਲਾਵਾ ਸਟਾਫ ਮੈਂਬਰ ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

### ਕਾਤਰਾਂ

#### ਕਾਮਰੇਡ ਆਲਾ ਸਿੰਘ ਦੀ ਬਰਸੀ 5 ਨੂੰ



**ਜਲਾਲਾਬਾਦ (ਪਰਮਜੀਤ ਢਾਬਾਂ, ਬਲਵਿੰਦਰ ਸਿੰਘ)**-ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਅਤੇ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਲੋਕ ਘੋਲਾਂ ਦੇ ਸਿਰਕੱਢ ਆਗੂ ਕਾਮਰੇਡ ਆਲਾ ਸਿੰਘ ਦੀ 23ਵੀਂ ਬਰਸੀ ਅਨਾਜ ਮੰਡੀ ਜਲਾਲਾਬਾਦ ਵਿਖੇ ਕਿਸਾਨ ਕਾਨਫਰੰਸ ਅਤੇ ਇਨਕਲਾਬੀ ਸਮਾਗਮ ਕਰਕੇ ਮਨਾਈ ਜਾਵੇਗੀ।ਇਸ ਸਬੰਧੀ ਜਾਣਕਾਰੀ ਸੀ ਪੀ ਆਈ ਦੇ ਬਲਾਕ ਸਕੱਤਰ ਕਾਮਰੇਡ ਛਿੰਦਰ ਮਹਾਲਮ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਬਲਾਕ ਜਲਾਲਾਬਾਦ ਦੇ ਪ੍ਰਧਾਨ ਸਾਥੀ ਕ੍ਰਿਸ਼ਨ ਧਰਮੂ ਵਾਲਾ ਨੇ ਪ੍ਰੈਸ ਬਿਆਨ ਜਾਰੀ ਕਰਕੇ ਦਿੱਤੀ। ਆਗੂਆਂ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਨਕਲਾਬੀ ਗਾਇਕ ਜਗਸੀਰ ਜੀਦਾ ਦੀ ਟੀਮ ਵੱਲੋਂ ਇਨਕਲਾਬੀ ਕਵਿਤਾਵਾਂ ਅਤੇ ਗੀਤ ਪੇਸ਼ ਕੀਤੀਆਂ ਜਾਣਗੀਆਂ। ਮੌਜੂਦਾ ਦੌਰ ਵਿੱਚ ਸਥਾਨਕ ਪੱਧਰ ਤੋਂ ਲੈ ਕੇ ਕਮਾਂਤਰੀ ਪੱਧਰ ਤੱਕ ਵੱਡੀਆਂ ਤਬਦੀਲੀਆਂ ਵਾਪਰ ਰਹੀਆਂ ਹਨ । ਰਾਜਸੀ ਤੌਰ 'ਤੇ ਸਮਾਜਵਾਦੀ ਪ੍ਰਬੰਧ ਰਾਹੀਂ ਸਭ ਲੋਕਾਂ ਦੇ ਸਰਬਤ ਦੇ ਭਲੇ ਦੀ ਗੱਲ ਕੀਤੀ ਜਾ ਸਕਦੀ ਹੈ। ਇਸ 'ਤੇ ਗੰਭੀਰ ਵਿਚਾਰ ਚਰਚਾ ਕੀਤੀ ਜਾਵੇਗੀ। ਇਸ ਕਾਨਫਰੰਸ ਨੂੰ ਸੀ ਪੀ ਆਈ ਅਤੇ ਕੁਲ ਹਿੰਦ ਕਿਸਾਨ ਸਭਾ ਦੇ ਸੂਬਾਈ ਅਤੇ ਸਥਾਨਕ ਆਗੂ ਸੰਬੋਧਨ ਕਰਨਗੇ।

#### ਅੱਖਾਂ ਦਾ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ 29 ਨੂੰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਨੇਤਰਦਾਨ ਮਹਾਦਾਨ ਦੇ ਸੰਕਲਪ ਨੂੰ ਹੋਰ ਬੁਲੰਦੀਆਂ 'ਤੇ ਲਿਜਾਣ ਵਾਲੀ ਇਲਾਕੇ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਪੁਨਰਜੋਤੀ ਆਈ-ਡੋਨੇਸ਼ਨ ਸੋਸਾਇਟੀ ਰਾਮਪੁਰਾਫੂਲ ਵੱਲੋਂ ਮਹੰਤ ਰਾਮ ਨਰਾਇਣ ਗਿਰੀ, ਤ੍ਰਿਵੈਣੀ ਗਿਰੀ ਆਸ਼ਰਮ ਵਾਲੇ ਦੇ ਅਸ਼ੀਰਵਾਦ ਨਾਲ 149 ਵਾਂ ਅੱਖਾਂ ਦਾ ਚੈਕਅੱਪ ਅਤੇ ਆਪ੍ਰੇਸ਼ਨ (ਲੈਂਜ਼) ਕੈਂਪ 29 ਮਾਰਚ ਨੂੰ ਸਵੇਰੇ 9 ਵਜੇ ਤੋਂ 1 ਵਜੇ ਤੱਕ, ਸਥਾਨ ਸੰਤ ਤ੍ਰਿਵੈਣੀ ਗਿਰੀ ਪੁਨਰਜੋਤੀ ਆਈ ਹਸਪਤਾਲ, ਬੱਸ ਸਟੈਂਡ ਰੋਡ, ਨੇੜੇ ਨਗਰ ਕੌਂਸਲ ਦਫਤਰ, ਰਾਮਪੁਰਾਫੂਲ ਵਿਖੇ ਲਗਾਇਆ ਜਾ ਰਿਹਾ ਹੈ। ਸੰਸਥਾ ਦੇ ਮੁੱਖ ਸੇਵਾਦਾਰ ਰਾਕੇਸ਼ ਤਾਇਲ ਨੇ ਦੱਸਿਆ ਕਿ ਇਸ ਕੈਂਪ ਵਿੱਚ ਅੱਖਾਂ ਦੇ ਅਪਰੇਸ਼ਨ (ਲੈਂਜ਼) ਅਤੇ ਦਵਾਈਆਂ ਬਿਲਕੁਲ ਮੁਫਤ ਦਿੱਤੀਆ ਜਾਣਗੀਆਂ। ਉਨਾਂ ਕਿਹਾ ਜੋ ਮਰੀਜ਼ ਆਪ੍ਰੇਸ਼ਨ ਲਈ ਚੁਣੇ ਜਾਣਗੇ ਉਹਨਾਂ ਦਾ ਸਾਰਾ ਇਲਾਜ ਹਸਪਤਾਲ ਸੁਸਾਇਟੀ ਵੱਲੋਂ ਕੀਤਾ ਜਾਵੇਗਾ ਜਿਸ ਵਿੱਚ ਅਪਰੇਸ਼ਨ ਦਵਾਈਆਂ, ਕਾਲੀਆਂ ਐਨਕਾਂ ਅਤੇ ਖਾਣਾ ਆਦਿ ਸ਼ਾਮਲ ਹਨ। ਮਰੀਜ਼ ਆਪਣਾ ਪਹਿਚਾਣ ਪੱਤਰ, ਵੋਟਰ ਕਾਰਡ, ਡਰਾਈਵਿੰਗ ਲਾਇਸੈਂਸ ਜ਼ਰੂਰ ਲੈ ਕੇ ਆਉਣ ਅਤੇ ਕਰੋਨਾ ਟੈਸਟ ਕਰਵਾ ਕੇ ਅਉਣ। ਇਸ ਮੌਕੇ ਸੋਸਾਇਟੀ ਮੈਂਬਰ ਸ਼ੇਰਜੰਗ ਬੋਬੀ, ਵਿਜੈ ਕੁਮਾਰ, ਅਸ਼ਵਨੀ ਕੁਮਾਰ, ਫਕੀਰ ਚੰਦ, ਅਸ਼ੋਕ ਕੁਮਾਰ, ਸੰਜੀਵ ਕੁਮਾਰ, ਅਵਿਨਾਸ਼ ਕੁਮਾਰ, ਮਿਲਵਰਤਣ ਭੰਡਾਰੀ, ਗੁਲਸ਼ਨ ਕੁਮਾਰ, ਵਿਨੋਦ ਕੁਮਾਰ, ਪ੍ਰਸ਼ੋਤਮ ਕੁਮਾਰ ਬੋਬੀ, ਜਤਿੰਦਰ ਕੁਮਾਰ ਅਤੇ ਤਰਸੇਮ ਕੁਮਾਰ ਆਦਿ ਹਾਜ਼ਰ ਸਨ।

## ਸ੍ਰੀ ਭੈਣੀ ਸਾਹਿਬ ਲਈ 1335.89 ਲੱਖ ਰੁਪਏ ਦੀ ਸੀਵਰੇਜ ਯੋਜਨਾ ਨੂੰ ਪ੍ਰਵਾਨਗੀ

**ਲੁਧਿਆਣਾ (ਰਾਜ ਸਿੰਗਲਾ)**-ਪੰਜਾਬ ਸਰਕਾਰ ਨੇ ਜ਼ਿਲ੍ਹਾ ਲੁਧਿਆਣਾ ਦੇ ਹਲਕਾ ਸਾਹਨੇਵਾਲ ਦੇ ਇਤਿਹਾਸਕ ਪਿੰਡ ਸ੍ਰੀ ਭੈਣੀ ਸਾਹਿਬ ਲਈ 1335.89 ਲੱਖ ਰੁਪਏ ਦੀ ਇੱਕ ਵੱਡੀ ਸੀਵਰੇਜ ਯੋਜਨਾ ਨੂੰ ਪ੍ਰਵਾਨਗੀ ਦੇ ਦਿੱਤੀ ਹੈ।ਇਸ ਪ੍ਰੋਜੈਕਟ ਵਿੱਚ 670 ਘਰਾਂ ਦੇ ਕੁਨੈਕਸ਼ਨਾਂ ਦੇ ਨਾਲ 1.80 ਕਿਲੋਮੀਟਰ ਮੇਨ/ਇੰਟਰਸੈਪਟਿੰਗ ਸੀਵਰ ਅਤੇ 18.13 ਕਿਲੋਮੀਟਰ ਲੇਟਰਲ ਸੀਵਰ ਵਿਛਾਉਣ ਦੀ ਯੋਜਨਾ ਬਣਾਈ ਗਈ ਹੈ। ਇਸ ਵਿੱਚ ਇੱਕ ਮੇਨ ਪੰਪਿੰਗ ਸਟੇਸ਼ਨ ਅਤੇ 1.0 ਐਮ.ਐਲ.ਡੀ ਸਮਰੱਥਾ ਵਾਲਾ ਸੀਵਰੇਜ ਟ੍ਰੀਟਮੈਂਟ ਪਲਾਂਟ (ਐਸ.ਟੀ.ਪੀ) ਵੀ ਸ਼ਾਮਲ ਹੈ।ਇਸ ਪ੍ਰੋਜੈਕਟ ਦੀ ਮੰਗ ਪਿੰਡ ਸ੍ਰੀ ਭੈਣੀ ਸਾਹਿਬ ਦੀ ਪੰਚਾਇਤ ਅਤੇ ਸ੍ਰੀ ਭੈਣੀ ਸਾਹਿਬ ਸੰਪਰਦਾ ਪ੍ਰਬੰਧਕ ਕਮੇਟੀ ਨੇ ਸਾਂਝੇ ਤੌਰ 'ਤੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੂੰ ਇੱਕ ਪੱਤਰ ਲਿਖ ਕੇ ਉਠਾਈ ਸੀ, ਜਿਸ ਵਿੱਚ ਪਿੰਡ ਦੀਆਂ ਗਲੀਆਂ ਵਿੱਚ ਇੱਕ ਪੂਰਾ ਨਵਾਂ ਸੀਵਰ ਨੈੱਟਵਰਕ ਅਤੇ ਪਾਣੀ ਸਪਲਾਈ ਲਈ ਪਾਈਪਾਂ ਪਾਉਣ ਦੀ ਮੰਗ ਕੀਤੀ ਗਈ ਸੀ।ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਦਾ ਨੋਟਿਸ ਲੈਂਦੇ ਹੋਏ ਮੰਤਰੀ ਮੁੰਡੀਆਂ ਨੇ 9 ਜਨਵਰੀ ਨੂੰ ਪ੍ਰਮੁੱਖ ਸਕੱਤਰ ਅਤੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਪਿੰਡ ਸ੍ਰੀ ਭੈਣੀ ਸਾਹਿਬ ਦਾ ਦੌਰਾ ਕੀਤਾ। ਦੌਰੇ ਦੌਰਾਨ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਮੌਜੂਦਾ ਸੀਵਰੇਜ ਸਿਸਟਮ ਵਿਭਾਗ ਦੁਆਰਾ ਲਗਭਗ 24 ਸਾਲ ਪਹਿਲਾਂ 2001-02 ਵਿੱਚ ਵਿਛਾਇਆ ਗਿਆ ਸੀ। ਪਿਛਲੇ ਸਾਲਾਂ ਦੌਰਾਨ ਆਬਾਦੀ ਵਿੱਚ ਮਹੱਤਵਪੂਰਨ ਵਾਧੇ ਕਾਰਨ ਪੁਰਾਣੀਆਂ ਸੀਵਰੇਜ ਲਾਈਨਾਂ ਹੁਣ ਮੌਜੂਦਾ ਸੀਵਰੇਜ ਲੋਡ ਨੂੰ ਸੰਭਾਲਣ ਦੇ ਸਮਰੱਥ ਨਹੀਂ ਹਨ ਅਤੇ ਪਿੰਡ ਵਿੱਚ ਕੋਈ ਵੀ ਸੀਵਰੇਜ ਟ੍ਰੀਟਮੈਂਟ ਪਲਾਂਟ ਨਹੀਂ । ਇਸ ਲਈ ਸ੍ਰੀ ਭੈਣੀ ਸਾਹਿਬ ਦੀ ਪੰਚਾਇਤ ਅਤੇ ਸ੍ਰੀ ਭੈਣੀ ਸਾਹਿਬ ਸੰਪਰਦਾ ਪ੍ਰਬੰਧਕ ਕਮੇਟੀ ਨੇ ਪੂਰੇ ਪਿੰਡ ਲਈ ਇੱਕ ਐਸ.ਟੀ.ਪੀ ਦੇ ਨਾਲ ਇੱਕ ਤਾਜ਼ਾ ਵਿਆਪਕ ਸੀਵਰੇਜ ਸਿਸਟਮ ਦੀ ਜ਼ੋਰਦਾਰ ਮੰਗ ਕੀਤੀ।

## ਮਲੋਟ ਸ਼ਹਿਰ 'ਚ ਕਰੋੜਾਂ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ : ਡਾ. ਬਲਜੀਤ ਕੌਰ



**ਮਲੋਟ/ਗਿੱਦੜਬਾਹਾ (ਜਸਵੰਤ ਗਿੱਲ ਛੌਤਿਆਣਾ)**

ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਮਲੋਟ ਸ਼ਹਿਰ ਵਾਸੀਆਂ ਦੀ ਲੰਬੇ ਸਮੇਂ ਤੋਂ ਚੱਲ ਰਹੀ ਮੰਗ ਨੂੰ ਪੂਰਾ ਕਰਦਿਆਂ ਕਰੋੜਾਂ ਰੁਪਏ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ ਗਈ।ਇਨ੍ਹਾਂ ਵਿਕਾਸ ਕਾਰਜਾਂ ਵਿੱਚ ਕਰੀਬ 3 ਕਿਲੋਮੀਟਰ ਲੰਬੀ ਪੀਣ ਵਾਲੇ ਪਾਣੀ ਦੀ ਨਵੀਂ ਪਾਈਪ ਲਾਈਨ ਪਾਉਣ ਅਤੇ ਵਾਰਡ ਨੰਬਰ 16 ਵਿੱਚ ਨਵੀਆਂ ਗਲੀਆਂ ਦੇ ਨਿਰਮਾਣ ਕੰਮ ਸ਼ਾਮਲ ਹਨ।

ਡਾ. ਬਲਜੀਤ ਕੌਰ ਨੇ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਸਾਫ ਸੁਥਰਾ ਪੀਣ ਵਾਲਾ ਪਾਣੀ ਮੁਹੱਈਆ ਕਰਾਉਣ ਦੇ ਮਕਸਦ ਨਾਲ ਅਮਰੁਤ-2 ਸਕੀਮ ਤਹਿਤ ਲਗਭਗ 16.5 ਕਰੋੜ ਰੁਪਏ ਦੀ ਲਾਗਤ ਨਾਲ ਨਵੀਂ ਪਾਈਪ ਲਾਈਨ ਵਿਛਾਈ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਕਰੀਬ 3000 ਘਰਾਂ ਨੂੰ ਮੁਫਤ ਪਾਣੀ ਦੇ ਕਨੈਕਸ਼ਨ ਦਿੱਤੇ ਜਾਣਗੇ।ਉਨ੍ਹਾਂ ਕਿਹਾ ਕਿ ਲਗਭਗ 6.5 ਕਰੋੜ ਰੁਪਏ ਦੀ ਲਾਗਤ ਨਾਲ ਦਰਜਨ ਨਵੀਆਂ ਗਲੀਆਂ ਦੇ ਨਿਰਮਾਣ ਕੰਮਾਂ ਦੀ ਵੀ ਸ਼ੁਰੂਆਤ ਕੀਤੀ ਗਈ ਹੈ, ਜਿਸ ਨਾਲ ਸ਼ਹਿਰ ਦੀ ਬੁਨਿਆਦੀ ਢਾਂਚੇ 'ਚ ਮਹੱਤਵਪੂਰਨ ਸੁਧਾਰ ਆਵੇਗਾ।ਕੈਬਨਿਟ ਮੰਤਰੀ ਨੇ ਪੰਜਾਬ ਵਿੱਚ ਖੇਡਾਂ ਦੇ ਵਿਕਾਸ ਬਾਰੇ ਵੀ ਗੱਲ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਖੇਡ ਨੀਤੀ ਨੂੰ ਸਫਲ ਬਣਾਉਣ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾਂ ਖੁਸ਼ੀ ਪ੍ਰਗਟ ਕੀਤੀ ਕਿ ਪੰਜਾਬ ਨੂੰ ਏਸ਼ੀਆਈ ਹਾਕੀ ਚੈਂਪੀਅਨਸ਼ਿਪ ਕਰਵਾਉਣ ਦੀ ਮਾਨਤਾ ਮਿਲੀ ਹੈ।ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਤ ਕਰਨ ਲਈ ਪੰਜਾਬ ਸਰਕਾਰ ਵੱਲੋਂ 3000 ਪੇਂਡੂ ਖੇਡ ਸਟੇਡੀਅਮ ਬਣਾਏ ਜਾ ਚੁੱਕੇ ਹਨ ਅਤੇ ਲਗਭਗ 1000 ਹੋਰ ਸਟੇਡੀਅਮ ਬਣਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਅਤੇ ਬੁਨਿਆਦੀ ਸਹੂਲਤਾਂ ਦੇ ਵਿਕਾਸ ਲਈ ਵਚਨਬੱਧ ਹੈ ਤੇ ਆਉਣ ਵਾਲੇ ਸਮੇਂ 'ਚ ਵੀ ਇਸ ਤਰ੍ਹਾਂ ਦੇ ਵਿਕਾਸ ਕਾਰਜ ਜਾਰੀ ਰਹਿਣਗੇ।

## ਸਰਬਜੀਤ ਸਿੰਘ ਸੈਂਖਲੇ ਨੂੰ ਸਦਮਾ, ਬਾਪੂ ਜੰਗ ਸਿੰਘ ਸਵਰਗਵਾਸ



**ਲੌਂਗੋਵਾਲ (ਪ੍ਰਦੀਪ ਸੱਪਲ)**-ਸੰਤ ਲੌਂਗੋਵਾਲ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਜਨਰਲ ਸਕੱਤਰ ਅਤੇ ਉੱਘੇ ਸਮਾਜ ਸੇਵੀ ਰਿਟਾਇਰਡ ਲੈਕਚਰਾਰ ਸਰਬਜੀਤ ਸਿੰਘ ਸੈਖਲੇ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਪਿਤਾ ਜੰਗ ਸਿੰਘ ਸੈਂਕਲੇ 92 ਸਾਲਾਂ ਦੀ ਉਮਰ ਭੋਗ ਕੇ ਅਲਵਿਦਾ ਕਹਿ ਗਏ।ਬਾਪੂ ਜੰਗ ਸਿੰਘ ਦੇ ਅਕਾਲ ਚਲਾਣੇ ਤੇ ਸੈਂਖਲੇ ਪਰਿਵਾਰ ਨਾਲ ਇਲਾਕੇ ਦੀਆਂ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸ਼ਖ਼ਸੀਅਤਾਂ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ।

ਸੈਂਖਲੇ ਪਰਵਾਰ ਨਾਲ ਦੁੱਖ ਪ੍ਰਗਟ ਕਰਨ ਵਾਲਿਆਂ ਵਿੱਚ ਸਾਬਕਾ ਕੈਬਨਿਟ ਮੰਤਰੀ ਸ੍ਰੀ ਵਿਜੈਇੰਦਰ ਸਿੰਗਲਾ, ਅਵਤਾਰ ਸਿੰਘ ਖੇੜੀ, ਰਣਜੀਤ ਸਿੰਘ ਰੰਧਾਵਾ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਧੂਰੀ, ਨਾਥ ਸਿੰਘ ਹਮੀਦੀ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਮਹਿਲ ਕਲਾਂ, ਕੇਸਰ ਸਿੰਘ ਸਰਪੰਚ ਮਦੇਵੀ, ਜਸਵੀਰ ਸਿੰਘ ਖੇੜੀ ਕਾਂਗਰਸੀ ਆਗੂ ਹਲਕਾ ਮਹਿਲ ਕਲਾਂ, ਤੇਜਿੰਦਰ ਸਿੰਘ ਸੰਘਰੇੜੀ, ਇੰਦਰਪਾਲ ਸਿੰਘ, ਲੱਖਾ ਸਿੰਘ ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਸਪਾਲ ਸਿੰਘ ਵਾਲੀਆ, ਸੁਸਾਇਟੀ ਪ੍ਰਧਾਨ ਪਰਮਿੰਦਰ ਕੁਮਾਰ ਲੌਂਗੋਵਾਲ, ਸੁਖਦਰਸ਼ਨ ਸਿੰਘ ਢਿੱਲੋਂ, ਕੁਲਵੰਤ ਕਸਕ ਡਿੰਪਲ ਮਨਚੰਦਾ, ਗੁਰਜੰਟ ਸਿੰਘ ਕਲਾਰਾ, ਰਣਬੀਰ ਸਿੰਘ ਕਮਾਲਪੁਰ, ਨਵਦੀਪ ਕਾਂਸਲ, ਅਮਰੀਕ ਸਿੰਘ ਹਥਨ, ਰਣਜੀਤ ਸਿੰਘ ਜਨਾਲ, ਜੱਸੀ ਕਰਤਾਰਪੁਰਾ ਤੇ ਹੋਰ ਆਗੂਆਂ ਨੇ ਪਰਵਾਰ ਨਾਲ ਦੁੱਖ ਸਾਂਝਾ ਕਰਕੇ ਹਮਦਰਦੀ ਦਾ ਪ੍ਰਗਟਾਵਾ ਕੀਤਾ।

## ਕਰੰਟ ਲੱਗਣ ਨਾਲ ਮਾਸੂਮ ਲੜਕੀ ਦੀ ਮੌਤ, ਬਿਜਲੀ ਵਿਭਾਗ 'ਤੇ ਲਾਪ੍ਰਵਾਹੀ ਦੇ ਦੋਸ਼



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਿੰਡ ਲੰਬੀ ਢਾਬ 'ਚ ਇੱਕ ਦੁਖਦਾਈ ਹਾਦਸਾ ਵਾਪਰਿਆ ਹੈ।ਇੱਥੇ ਕਰੰਟ ਲੱਗਣ ਨਾਲ ਕਰੀਬ 7 ਸਾਲ ਦੀ ਮਾਸੂਮ ਲੜਕੀ ਏਕਮਦੀਪ ਦੀ ਮੌਤ ਹੋ ਗਈ।ਪਰਵਾਰ ਦੇ ਦਾਦਾ ਨਿਹਾਲ ਸਿੰਘ ਨੇ ਦੱਸਿਆ ਕਿ ਉਹ ਪਿੰਡ 'ਚ ਇੱਕ ਦੁਕਾਨ ਬਣਵਾ ਰਹੇ ਸਨ। ਸਵੇਰੇ ਕਰੀਬ 10 ਵਜੇ ਉਨ੍ਹਾਂ ਦੀ ਪੋਤਰੀ ਏਕਮਦੀਪ ਆਪਣੇ ਪਿਤਾ ਦੇ ਨਾਲ ਉਥੇ ਆ ਗਈ। ਖੇਡਦਿਆਂ-ਖੇਡਦਿਆਂ ਬੱਚੀ ਦੁਕਾਨ ਦੀ ਛੱਤ 'ਤੇ ਚੜ੍ਹ ਗਈ, ਜਿੱਥੋਂ ਹਾਈ ਵੋਲਟੇਜ ਤਾਰਾਂ ਲੰਘ ਰਹੀਆਂ ਸਨ।ਬੱਚੀ ਤਾਰਾਂ ਦੀ ਚਪੇਟ 'ਚ ਆ ਗਈ ਤੇ ਮੌਕੇ 'ਤੇ ਹੀ ਉਸ ਦੀ ਦਰਦਨਾਕ ਮੌਤ ਹੋ ਗਈ।ਨਿਹਾਲ ਸਿੰਘ ਨੇ ਬਿਜਲੀ ਵਿਭਾਗ 'ਤੇ ਗੰਭੀਰ ਦੋਸ਼ ਲਾਏ ਹਨ।ਉਨ੍ਹਾਂ ਕਿਹਾ ਕਿ ਉਸਾਰੀ ਦੌਰਾਨ ਉਨ੍ਹਾਂ ਨੇ ਤਾਰਾਂ 'ਤੇ ਪਲਾਸਟਿਕ ਪਾਈਪਾਂ ਤੇ ਬਾਂਸ ਲਗਾ ਕੇ ਤਾਰਾਂ ਨੂੰ ਉੱਚਾ ਕਰ ਦਿੱਤਾ ਸੀ, ਪਰ ਬਿਜਲੀ ਵਿਭਾਗ ਦੇ ਅਧਿਕਾਰੀਆਂ ਨੇ ਬਾਂਸ ਹਟਾ ਦਿੱਤੇ, ਜਿਸ ਕਾਰਨ ਇਹ ਹਾਦਸਾ ਵਾਪਰਿਆ ਤੇ ਮਾਸੂਮ ਜਾਨ ਚਲੀ ਗਈ।ਉਧਰ ਲਗਭਗ 3 ਘੰਟਿਆਂ ਦੇ ਬਾਅਦ ਘਟਨਾ ਸਥਾਨ 'ਤੇ ਪਹੁੰਚੇ ਬਿਜਲੀ ਵਿਭਾਗ ਦੇ ਜੇ.ਈ. ਗੁਰਜੀਤ ਸਿੰਘ ਨੇ ਕਿਹਾ ਕਿ ਗੁਰਪਿੰਦਰ ਸਿੰਘ (ਬੱਚੀ ਦੇ ਪਿਤਾ) ਵਲੋਂ ਬਿਨਾਂ ਇਜਾਜ਼ਤ ਉਸਾਰੀ ਕੀਤੀ ਜਾ ਰਹੀ ਸੀ।ਵਿਭਾਗ ਵਲੋਂ ਪਹਿਲਾਂ ਹੀ ਚੇਤਾਵਨੀ ਦਿੱਤੀ ਗਈ ਸੀ ਕਿ ਲਾਈਨ ਨੂੰ ਪਾਸੇ ਕਰਵਾਏ ਬਿਨਾਂ ਉਸਾਰੀ ਨਾ ਕੀਤੀ ਜਾਵੇ।ਬਾਂਸ ਹਟਾਉਣ ਬਾਰੇ ਉਨ੍ਹਾਂ ਕਿਹਾ ਕਿ ਲਾਈਨ ਵਾਰ-ਵਾਰ ਟ੍ਰਿਪ ਹੋ ਰਹੀ ਸੀ, ਇਸ ਲਈ ਉੱਚ ਅਧਿਕਾਰੀਆਂ ਦੇ ਆਦੇਸ਼ਾਂ 'ਤੇ ਬਾਂਸ ਹਟਾਏ ਗਏ।ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਥਾਣਾ ਸਦਰ ਦੇ ਇੰਚਾਰਜ ਰਾਜਵੀਰ ਸਿੰਘ ਪੁਲਸ ਪਾਰਟੀ ਨਾਲ ਮੌਕੇ 'ਤੇ ਪਹੁੰਚੇ ਤੇ ਪੂਰਾ ਮਾਮਲਾ ਸਮਝਦੇ ਹੋਏ ਕਾਰਵਾਈ ਸ਼ੁਰੂ ਕਰ ਦਿੱਤੀ।ਹਾਦਸੇ ਤੋਂ ਬਾਅਦ ਪਰਵਾਰ 'ਚ ਗ਼ਮ ਦੀ ਲਹਿਰ ਦੌੜ ਗਈ ਹੈ ਤੇ ਇਲਾਕੇ 'ਚ ਵੀ ਸੋਗ ਦਾ ਮਾਹੌਲ ਹੈ।

## ਅਕਾਲੀ ਦਲ (ਬਾਦਲ) ਨੇ ਬੇਦਾਵੇ ਦੇਣ ਦਾ ਰਿਕਾਰਡ ਬਣਾਇਆ : ਜਥੇਦਾਰ ਹਰਪ੍ਰੀਤ ਸਿੰਘ

**ਬੋਹਾ (ਨਿਰੰਜਣ ਬੋਹਾ)**-ਅਕਾਲੀ ਦਲ (ਪੁਨਰ ਸੁਰਜੀਤੀ) ਵੱਲੋਂ ਪੰਜਾਬ ਮਹਾਂਵੀਰ ਦਲ ਧਰਮਸ਼ਾਲਾ ਵਿੱਖੇ ਵਰਕਰ ਮੀਟਿੰਗ ਬੁਲਾਈ ਗਈ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਕੌਮੀ ਪ੍ਰਧਾਨ ਤੇ ਸ੍ਰੀ ਅਕਾਲ ਤਖਤ



ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅਕਾਲੀ ਦਲ (ਪੁਨਰ ਸੁਰਜੀਤੀ) ਧਰਮ ਦੀ ਮਰਿਆਦਾ ਨੂੰ ਬਹਾਲ ਰੱਖਣ ਦੀ ਲੜਾਈ ਲੜ ਰਿਹਾ ਹੈ, ਇਸ ਲਈ ਇਸ ਮਰਿਆਦਾ ਨੂੰ ਤੋੜਨ ਵਾਲੇ ਲੋਕਾਂ ਨਾਲ ਉਦੋਂ ਤੱਕ ਕੋਈ ਸਮਝੌਤਾ ਨਹੀ ਕੀਤਾ ਜਾਵੇਗਾ ਜਦੋਂ ਤੱਕ ਉਹ ਧਰਮ ਦੇ ਰਾਹ 'ਤੇ ਵਾਪਸ ਨਹੀਂ ਪਰਤ ਆਉਂਦੇ।ਉਨ੍ਹਾਂ ਕਿਹਾ ਕਿ ਜਿਸ ਮੁਕਤਸਰ ਦੀ ਜਿਸ ਧਰਤੀ 'ਤੇ ਚਾਲੀ ਮੁਕਤਿਆਂ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਦਿੱਤਾ ਬੇਦਾਵਾ ਪਾੜਿਆ ਸੀ, ਉਸੇ ਧਰਤੀ 'ਤੇ ਸ੍ਰੀ ਅਕਾਲ ਤਖਤ ਤੋਂ ਭਗੌੜੇ ਹੋਏ ਸੁਖਬੀਰ ਬਾਦਲ ਇਹ ਕਹਿ ਕੇ ਸ੍ਰੀ ਅਕਾਲ ਤਖਤ ਨੂੰ ਬੇਦਾਵਾ ਦਿੱਤਾ ਹੈ ਕਿ ਉਨ੍ਹਾਂ ਅਕਾਲ ਤਖਤ ਦੀ ਫਸੀਲ ਸਾਹਮਣੇ ਕਬੂਲ ਕੀਤੇ ਗੁਨਾਹ ਅਸਲ ਵਿਚ ਕੀਤੇ ਹੀ ਨਹੀਂ ਹਨ ।ਉਨ੍ਹਾਂ ਕਿਹਾ ਕਿ ਭਗੌੜਾ ਦਲ ਦਾ ਪ੍ਰਧਾਨ ਨਿੱਤ ਨਵੇਂ ਬੇਦਾਵੇ ਦੇਣ ਦਾ ਰਿਕਾਰਡ ਬਣਾ ਰਿਹਾ ਹੈ।ਉਨ੍ਹਾਂ ਕਿਹਾ ਕਿ ਅਕਾਲੀ ਦਲ ਬਾਦਲ ਦੀਆਂ ਪੰਜਾਬ ਬਚਾਓ ਰੈਲੀਆਂ 'ਤੇ ਹੋਣ ਵਾਲਾ ਇੱਕਠ ਬੱਸਾਂ ਰਾਹੀਂ ਢੋਇਆ ਇੱਕਠ ਹੁੰਦਾ ਹੈ ਜਦੋਂ ਕਿ ਅੱਜ ਦਾ ਇੱਕਠ ਅਸਲ ਰੂਪ ਵਿਚ ਹੋਇਆ ਇੱਕਠ ਹੈ। ਉਨ੍ਹਾਂ ਕਿਹਾ ਕਿ ਵੱਡੀਆ ਰੈਲੀਆਂ ਕਰਨ ਵਾਲੇ ਦਲ ਕੋਲ ਰੇਤ ਮਾਫੀਆ ਤੇ ਲੋਕਾਂ ਦੀ ਲੁੱਟ ਰਾਹੀਂ ਕਮਾਇਆ ਪੈਸਾ ਹੈ, ਪਰ ਅਸੀਂ ਹੱਕ ਸੱਚ ਦੀ ਕਮਾਈ ਰਾਹੀਂ ਰੈਲੀਆਂ ਦਾ ਪ੍ਰਬੰਧ ਕਰਨਾ ਹੈ।ਉਨ੍ਹਾਂ ਕਿਹਾ ਉਨ੍ਹਾਂ ਦਾ ਅਕਾਲੀ ਦਲ ਸਿੱਖ ਮਰਿਆਦਾ ਤੇ ਸਿੱਖ ਸੰਸਥਾਵਾਂ ਨੂੰ ਬਚਾਉਣ ਦੀ ਲੜਾਈ ਲੜ ਰਿਹਾ ਹੈ ਤੇ ਆਪਣੇ ਮਕਸਦ ਦੀ ਪੂਰਤੀ ਤੱਕ ਆਪਣੀ ਲੜਾਈ ਜਾਰੀ ਰੱਖੇਗਾ। ਪੰਜਾਬ ਦੀ ਵਿਗੜਦੀ ਅਮਨ ਕਾਨੂੰਨ ਦੀ ਸਥਿਤੀ 'ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਜੰਗਲ ਦੇ ਰਾਜ ਵਰਗੇ ਹਾਲਾਤ ਪੈਦਾ ਹੋ ਗਏ ਹਨ ਤੇ ਸਥਿਤੀ ਦਿਨ-ਬਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਉਨ੍ਹਾਂ ਇਸ ਮੀਟਿੰਗ ਦੇ ਪ੍ਰਬੰਧ ਲਈ ਪਾਰਟੀ ਦੇ ਵਰਕਿੰਗ ਕਮੇਟੀ ਮੈਂਬਰ ਜਥੇਦਾਰ ਮਲਕੀਤ ਸਿੰਘ ਸਮਾਉ ਦੀ ਸ਼ਲਾਘਾ ਕੀਤੀ।ਇਸ ਮੀਟਿੰਗ ਨੂੰ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਬੱਪੀਆਣਾ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਮੈਂਬਰ ਮਿੱਠੂ ਸਿੰਘ ਕਾਹਨੇ ਕੇ, ਬਲਾਕ ਬੁਢਲਾਡਾ ਦੇ ਪ੍ਰਧਾਨ ਰਜਿੰਦਰ ਸਿੰਘ ਰਿਉਂਦ ਕਲਾਂ, ਬਲਾਕ ਬੁਢਲਾਡਾ (ਦਿਹਾਤੀ) ਦੇ ਪ੍ਰਧਾਨ ਭੀਮ ਸਿੰਘ ਕਣਕਵਾਲ, ਹਰਜੀਤ ਸਿੰਘ ਜੰਡੂ ਤੇ ਗੁਰਜੰਟ ਸਿੰਘ ਫਫੜੇ ਭਾਈ ਨੇ ਵੀ ਸੰਬੋਧਨ ਕੀਤਾ।

## ਲਿਬਰੇਸ਼ਨ ਦੇ ਸੂਬਾ ਸਕੱਤਰੇਤ ਮੈਂਬਰ ਸੁਖਦੇਵ ਸਿੰਘ ਭਾਗੋਕਾਵਾਂ ਦੇ ਵਿਛੋੜੇ 'ਤੇ ਸ਼ੋਕ ਸਭਾ



**ਮਾਨਸਾ (ਆਤਮਾ ਸਿੰਘ ਪਮਾਰ)**-ਸੀ ਪੀ ਆਈ ਐੱਮ ਐਲ ਲਿਬਰੇਸ਼ਨ ਦੇ ਸੂਬਾ ਸਕੱਤਰੇਤ ਸਾਥੀ ਸਾਥੀ ਸੁਖਦੇਵ ਸਿੰਘ ਭਾਗੋਕਾਵਾਂ ਜੋ ਪਿਛਲੇ ਦਿਨੀਂ ਵਿਛੋੜਾ ਦੇ ਗਏ, ਦੀ ਯਾਦ 'ਚ ਸਥਾਨਕ ਬਾਬਾ ਬੂਝਾ ਸਿੰਘ ਭਵਨ ਵਿਖੇ ਪਾਰਟੀ ਆਗੂਆਂ ਅਤੇ ਸਮਰਥਕਾਂ ਵੱਲੋਂ ਇੱਕ ਸ਼ੋਕ ਸਭਾ ਕੀਤੀ ਗਈ। ਕਾਮਰੇਡ ਭਾਗੋਕਾਵਾਂ ਦੀ ਯਾਦ 'ਚ ਬਾਬਾ ਬੂਝਾ ਸਿੰਘ ਭਵਨ ਉੱਤੇ ਲੱਗਿਆ ਪਾਰਟੀ ਦਾ ਝੰਡਾ ਝੁਕਾ ਦਿੱਤਾ ਗਿਆ। ਸ਼ੋਕ ਸਭਾ ਨੂੰ ਪਾਰਟੀ ਦੇ ਕੇਂਦਰੀ ਕੰਟਰੋਲ ਕਮਿਸ਼ਨ ਮੈਂਬਰ ਕਾਮਰੇਡ ਨਛੱਤਰ ਸਿੰਘ ਖੀਵਾ, ਕੇਂਦਰੀ ਕਮੇਟੀ ਮੈਂਬਰ ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਮਜ਼ਦੂਰ ਮੁਕਤੀ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਬਲਵਿੰਦਰ ਸਿੰਘ ਘਰਾਂਗਣਾ, ਇਨਕਲਾਬੀ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਅਮਰਦੀਪ ਸਿੰਘ ਪਰੋਚਾ, ਜ਼ਿਲ੍ਹਾ ਕਮੇਟੀ ਮੈਂਬਰ ਕਾਮਰੇਡ ਗੁਰਸੇਵਕ ਸਿੰਘ ਮਾਨ, ਕਾਮਰੇਡ ਅਜੈਬ ਸਿੰਘ ਭੈਣੀ ਬਾਘਾ, ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਕਾਮਰੇਡ ਤਰਸੇਮ ਸਿੰਘ ਬਹਾਦਰਪੁਰ, ਸਾਥੀ ਬੂਟਾ ਸਿੰਘ ਭੋਪਾਲ ਅਤੇ ਸਾਥੀ ਬੂਟਾ ਸਿੰਘ ਘਰਾਂਗਣਾ ਨੇ ਸੰਬੋਧਨ ਕਰਦਿਆਂ ਉਨ੍ਹਾਂ ਵੱਲੋਂ ਮਜ਼ਦੂਰ ਸੰਘਰਸ਼ 'ਚ ਪਾਏ ਅਨਮੁੱਲੇ ਯੋਗਦਾਨ ਨੂੰ ਯਾਦ ਕੀਤਾ ਅਤੇ ਕਾਮਰੇਡ ਨੂੰ ਭਾਵਭਿੰਨੀਆਂ ਸ਼ਰਧਾਂਜਲੀਆਂ ਭੇਟ ਕਰਦਿਆ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ। ਆਗੂਆਂ ਵੱਲੋਂ ਇਸ ਸਮੇਂ ਵਿਛੜੇ ਸਾਥੀ ਦੇ ਪਰਵਾਰ ਨਾਲ ਦੁੱਖ ਦਾ ਇਜ਼ਹਾਰ ਕੀਤਾ ਅਤੇ ਉਹਨਾਂ ਵੱਲੋਂ ਮਿਹਨਤਕਸ਼ ਲੋਕਾਂ ਲਈ ਲੜੇ ਜਾ ਰਹੇ ਸੰਘਰਸ਼ ਨੂੰ ਜਾਰੀ ਰੱਖਣ ਦਾ ਅਹਿਦ ਵੀ ਕੀਤਾ।

## ਸਰਬੱਤ ਦਾ ਭਲਾ ਟਰੱਸਟ ਵੱਲੋਂ ਲੋੜਵੰਦ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਡਾਕਟਰ ਐਸ ਪੀ ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸੰਨੀ ਓਬਰਾਏ ਸਕਾਲਰਸ਼ਿਪ ਸਕੀਮ ਤਹਿਤ ਦੇਸ਼ ਭਰ ਵਿੱਚ ਲੋੜਵੰਦ ਵਿਦਿਆਰਥੀਆਂ ਦੀ ਵੱਡੀ ਪੱਧਰ 'ਤੇ ਮਦਦ ਕੀਤੀ ਜਾਂ ਰਹੀ ਹੈ ਤਾਂ ਜੋ ਇਹ ਵਿਦਿਆਰਥੀ ਆਪਣਾ ਪੜ੍ਹਾਈ ਦਾ ਸੁਪਨਾ ਪੂਰਾ ਕਰ ਸਕਣ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਪ੍ਰਧਾਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਸਨੀ ਓਬਰਾਏ ਸਕਾਲਰਸ਼ਿਪ ਸਕੀਮ ਤਹਿਤ ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਵਿਖੇ ਪੜ੍ਹਾਈ ਕਰ ਰਹੇ ਤਿੰਨ ਵਿਦਿਆਰਥੀਆਂ ਨੂੰ ਪੜ੍ਹਾਈ ਜਾਰੀ ਰੱਖਣ ਲਈ 27000 ਦੀ ਸਹਾਇਤਾ ਰਾਸ਼ੀ ਦਿੱਤੀ ਗਈ।ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਅਕਸਰ ਦੇਖਣ ਵਿਚ ਆਇਆ ਕਿ ਕਈ ਵਿਦਿਆਰਥੀ ਪੜ੍ਹਾਈ ਵਿੱਚ ਹੁਸ਼ਿਆਰ ਹੁੰਦੇ ਹਨ, ਪੜ੍ਹਾਈ ਜਾਰੀ ਵੀ ਰੱਖਣਾ ਚਾਹੁੰਦੇ ਹਨ ਪਰ ਘਰੇਲੂ ਹਾਲਾਤ ਇਸ ਦੀ ਇਜਾਜ਼ਤ ਨਹੀਂ ਦਿੰਦੇ, ਪਰ ਇਨ੍ਹਾਂ ਹਾਲਤਾਂ ਵਿੱਚ ਡਾਕਟਰ ਐਸ ਪੀ ਸਿੰਘ ਓਬਰਾਏ ਵਲੋਂ ਅਜਿਹੇ ਵਿਦਿਆਰਥੀਆਂ ਦੀ ਬਾਂਹ ਫੜੀ ਜਾਂਦੀ ਹੈ, ਪਿਛਲੇ ਸਮੇਂ ਵਿੱਚ ਡਾਕਟਰ ਐਸ ਪੀ ਸਿੰਘ ਓਬਰਾਏ ਵਲੋਂ ਇੱਕ ਹੋਰ ਇਤਿਹਾਸਕ ਫੈਸਲਾ ਕੀਤਾ ਗਿਆ ਸੀ ਕਿ ਜਿਹੜੇ ਵਿਦਿਆਰਥੀਆਂ ਦੇ ਮਾਂ ਬਾਪ ਨਹੀਂ ਹਨ, ਟਰੱਸਟ ਉਨ੍ਹਾਂ ਦੀ ਪੜ੍ਹਾਈ ਜਾਰੀ ਰੱਖਣ ਲਈ ਹਰ ਸੰਭਵ ਮਦਦ ਕਰੇਗਾ।ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ।ਕਾਲਜ ਦੇ ਪ੍ਰਿੰਸੀਪਲ ਅਤੇ ਸਟਾਫ ਵੱਲੋਂ ਵੀ ਡਾਕਟਰ ਓਬਰਾਏ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਜਸਪਾਲ ਸਿੰਘ ਰਿਟਾ. ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਚਰਨਜੀਤ ਸਿੰਘ, ਸੁਖਬੀਰ ਸਿੰਘ ਜ਼ੈਲਦਾਰ, ਹਰਭਗਵਾਨ ਸਿੰਘ ਖੱਪਿਆਂਵਾਲ਼ੀ, ਕਾਲਾ ਖੱਪਿਆਂਵਾਲ਼ੀ, ਜਸਬੀਰ ਸਿੰਘ ਰਿਟਾ. ਏ ਐਸ ਆਈ ਆਦਿ ਹਾਜ਼ਰ ਸਨ।



## ਨਾਟਕ 'ਤੂੰ ਅਗਲਾ ਵਰਕਾ ਫੋਲ' ਦਾ ਸਫਲ ਮੰਚਨ





**ਮਾਨਸਾ (ਆਤਮਾ ਸਿੰਘ ਪਮਾਰ)**

ਸ਼ਹੀਦ ਭਗਤ ਸਿੰਘ ਕਲਾ ਮੰਚ ਪੰਜਾਬ ਦੇ 29ਵੇਂ ਕਲਾ ਕਿਤਾਬ ਮੇਲੇ ਦੇ ਤੀਜੇ ਅਤੇ ਆਖਰੀ ਦਿਨ ਪ੍ਰਸਿੱਧ ਨਾਟਕਕਾਰ ਡਾ. ਸਾਹਿਬ ਸਿੰਘ ਦੇ ਨਾਟਕ 'ਤੂੰ ਅਗਲਾ ਵਰਕਾ ਫੋਲ' ਦੇ ਮੰਚਨ ਨੇ ਦਰਸ਼ਕਾਂ ਨੂੰ ਧੁਰ ਅੰਦਰੋਂ ਝੰਜੋੜ ਕੇ ਰੱਖ ਦਿੱਤਾ। ਨਾਟਕ ਰਾਹੀਂ ਧਾਰਮਿਕ ਫਿਰਕਾਪ੍ਰਸਤੀ, ਸਾਮਰਾਜੀ ਜੰਗਾਂ ਅਤੇ ਰਾਜਨੀਤਕ ਅਮਾਨਵੀ ਵਰਤਾਰਿਆਂ ਨੂੰ ਵੰਗਾਰਿਆ ਗਿਆ। ਸਮਾਜ 'ਚ ਲੇਖਕ ਦੀ ਅਸਲ ਭੂਮਿਕਾ ਨੂੰ ਦਰਸਾਉਂਦਿਆਂ ਨਾਟਕ ਨੇ ਅਨੇਕਾਂ ਮਿੱਥਾਂ ਨੂੰ ਤੋੜਨ ਅਤੇ ਨਵੇਂ ਵਰਕਿਆਂ ਦੇ ਸਨਮੁੱਖ ਬਹੁਤ ਸਾਰੇ ਸਵਾਲ ਵੀ ਖੜ੍ਹੇ ਕੀਤੇ। ਮੇਲੇ ਦੇ ਮੁੱਖ ਪ੍ਰਬੰਧਕ ਡਾ. ਕੁਲਦੀਪ ਸਿੰਘ ਦੀਪ ਨੇ ਦੱਸਿਆ ਕਿ ਪੰਜਾਬ ਨਾਟਸ਼ਾਲਾ ਦੇ ਸੰਸਥਾਪਕ ਮਰਹੂਮ ਜਤਿੰਦਰ ਬਰਾੜ ਨੂੰ ਸਮਰਪਤ ਸਵੇਰ ਦੇ ਸੈਸ਼ਨ 'ਚ 'ਸਾਮਰਾਜੀ ਯੁੱਧ ਅਤੇ ਅਦਬ' ਸਿਰਲੇਖ ਹੇਠ ਪੈਨਲ ਡਿਸਕਸ਼ਨ ਕੀਤੀ ਗਈ। ਉੱਘੇ ਤਰਕਸ਼ੀਲ ਆਗੂ ਪ੍ਰੋਫੈਸਰ ਰਾਜਪਾਲ ਸਿੰਘ ਨੇ ਵਿਸ਼ਵ ਸਾਹਿਤ ਦੇ ਹਵਾਲੇ ਨਾਲ ਯੁੱਧ ਵਿਰੁੱਧ ਸਾਹਿਤ ਦੀ ਭੂਮਿਕਾ ਬਾਰੇ ਗੱਲ ਕਰਦਿਆਂ ਕਿਹਾ ਕਿ ਸਾਹਿਤ ਦਾ ਮੁੱਖ ਕੰਮ ਮਾਨਵਤਾ ਦੇ ਹੱਕ 'ਚ ਖੜ੍ਹਨਾ ਹੁੰਦਾ ਹੈ।ਵਿਦਿਆਰਥੀ ਲਹਿਰ ਦੇ ਪ੍ਰਸਿੱਧ ਆਗੂ ਪ੍ਰੋਫੈਸਰ ਅਜਾਇਬ ਸਿੰਘ ਟਿਵਾਣਾ ਨੇ ਸੰਸਾਰ ਜੰਗਾਂ ਦੇ ਆਰਥਿਕ, ਰਾਜਸੀ, ਨਸਲੀ ਅਤੇ ਸਾਮਰਾਜੀ ਕਾਰਕਾਂ ਬਾਰੇ ਜਾਣਕਾਰੀ ਦਿੰਦਿਆਂ ਸਾਮਰਾਜੀ ਤਾਕਤਾਂ ਵਿਰੁੱਧ ਅਵਾਜ਼ ਬੁਲੰਦ ਕਰਨ ਦੀ ਤਾਕੀਦ ਕੀਤੀ।ਇਸ ਗੱਲਬਾਤ ਦੌਰਾਨ ਉੱਘੇ ਕਹਾਣੀਕਾਰ ਜਸਪਾਲ ਮਾਨਖੇੜਾ ਨੇ ਬਤੌਰ ਮਾਡਰੇਟਰ ਸਾਹਿਤ ਦੇ ਪ੍ਰਸੰਗ ਨਾਲ਼ ਚਰਚਾ ਕੀਤੀ।ਮੱਘਰ ਨੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਕਿਹਾ ਕਿ ਵਰਤਮਾਨ ਸਮੇਂ ਦੌਰਾਨ ਅਜਿਹੇ ਵਿਸ਼ਿਆਂ 'ਤੇ ਸਮਾਗਮ ਰਚਾਉਣ ਵਾਲੀ ਸੰਸਥਾ ਅਤੇ ਸਮੁੱਚੀ ਪ੍ਰਬੰਧਕੀ ਕਮੇਟੀ ਵਧਾਈ ਦੀ ਪਾਤਰ ਹੈ ਜੋ ਮਾਨਵਤਾ ਦੇ ਹੱਕ 'ਚ ਹਾਅ ਦਾ ਨਾਅਰਾ ਮਾਰ ਰਹੀ ਹੈ। ਨਿਰੰਜਨ ਬੋਹਾ ਨੇ ਧੰਨਵਾਦ ਕਰਦਿਆਂ ਭਵਿੱਖ 'ਚ ਵੀ ਅਜਿਹੇ ਸਮਾਗਮਾਂ ਦੀ ਲੜੀ ਨੂੰ ਜਾਰੀ ਰੱਖਣ ਲਈ ਸਹਿਮਤੀ ਦਾ ਪ੍ਰਗਟਾਵਾ ਕੀਤਾ।ਇਸ ਤੋਂ ਬਾਅਦ ਦਿਨ ਦੇ ਆਖਰੀ ਚਿੰਤਨੀ ਸੈਸ਼ਨ ਦੌਰਾਨ ਪ੍ਰਗਤੀਸ਼ੀਲ ਲੇਖਕ ਸਭਾ ਦੇ ਆਗੂ ਵਿਨੀਤ ਤਿਵਾੜੀ ਦਾ ਰੂਬਰੂ ਹੋਇਆ।

ਚਰਚਾਕਾਰ ਡਾ. ਹਰਵਿੰਦਰ ਸਿੰਘ ਸਿਰਸਾ ਦੇ ਸੁਆਲਾਂ ਦੇ ਜਵਾਬ ਦਿੰਦਿਆਂ ਤਿਵਾੜੀ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮਨੁੱਖਤਾ ਖ਼ਿਲਾਫ਼ ਰਚੇ ਜਾ ਰਹੇ ਏਜੰਡਿਆਂ ਬਾਰੇ ਗੱਲ ਕੀਤੀ।ਉਹਨਾਂ ਕਿਹਾ ਕਿ ਕੁੱਝ ਸਾਮਰਾਜੀ ਧਾਰਨਾ ਦੇ ਮੁਲਕ ਅਤੇ ਰਾਜਸੀ ਆਗੂ ਆਪਣੀ ਹੈਂਕੜ ਅਤੇ ਥਾਣੇਦਾਰੀ ਦਰਸਾਉਣ ਲਈ ਪੂਰੇ ਵਿਸ਼ਵ ਨੂੰ ਤੀਜੀ ਸੰਸਾਰ ਜੰਗ ਦੀ ਭੱਠੀ 'ਚ ਝੋਕ ਰਹੇ ਹਨ। ਅਸਲ 'ਚ ਵੱਖ -ਵੱਖ ਦੇਸ਼ਾਂ ਦੇ ਕੁਦਰਤੀ ਸਾਧਨਾਂ 'ਤੇ ਕਬਜ਼ਾ ਕਰਨਾ ਹੀ ਇਹਨਾਂ ਤਾਕਤਾਂ ਦਾ ਮੁੱਖ ਮਕਸਦ ਹੈ। ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਸੰਜੀਵਨ ਸਿੰਘ ਨੇ ਲੇਖਕਾਂ ਨੂੰ ਅਪੀਲ ਕੀਤੀ ਕਿ ਵਰਤਮਾਨ ਸਮੇਂ ਸਾਨੂੰ ਜੰਗ ਅਤੇ ਸਾਮਰਾਜੀ ਕਾਰਕਾਂ ਵਿਰੁੱਧ ਇੱਕਜੁੱਟ ਅਤੇ ਇੱਕਸੁਰ ਹੋਣ ਦੀ ਲੋੜ ਹੈ।ਉੱਘੇ ਇਤਿਹਾਸਕਾਰ ਸਵਰਨ ਸਿੰਘ ਵਿਰਕ ਨੇ ਪ੍ਰਧਾਨਗੀ ਟਿੱਪਣੀ ਕਰਦਿਆਂ ਜੰਗ ਦੇ ਮਾਰੂ ਪ੍ਰਭਾਵਾਂ ਅਤੇ ਮਨੁੱਖਤਾ ਨੂੰ ਦਰਪੇਸ਼ ਖ਼ਤਰਿਆਂ ਅਤੇ ਚੁਣੌਤੀਆਂ ਦੇ ਹਵਾਲੇ ਪੇਸ਼ ਕੀਤੇ। ਰਾਤ ਦੇ ਸੈਸ਼ਨ ਦੇ ਆਰੰਭ 'ਚ ਸ਼ਹੀਦ ਜਗਸੀਰ ਸਿੰਘ ਬੋਹਾ ਦੇ ਸਪੁੱਤਰ ਹਰਮਨਜੋਤ ਸਿੰਘ ਅਤੇ ਭਰਾ ਮੇਜਰ ਸਮੇਤ ਡਾ. ਬਿੱਕਰਜੀਤ ਸਿੰਘ ਸਾਧੂਵਾਲਾ, ਮਨਜੀਤ ਕੌਰ ਔਲਖ, ਪ੍ਰਿੰਸੀਪਲ ਦਰਸ਼ਨ ਸਿੰਘ, ਜੁਗਰਾਜ ਸਿੰਘ ਵੱਲੋਂ ਹਾਜ਼ਰ ਮਹਿਮਾਨਾਂ ਦੇ ਨਾਲ ਸ਼ਮ੍ਹਾ ਰੌਸ਼ਨ ਕਰਕੇ ਕੀਤਾ ਗਿਆ।ਇਸ ਸੈਸ਼ਨ ਦੌਰਾਨ ਚਾਰ ਸ਼ਖ਼ਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ।ਜਸਵਿੰਦਰ ਸਿੰਘ ਕਾਹਨ ਵੱਲੋਂ ਆਪਣੇ ਪਿਤਾ ਪ੍ਰੋਫੈਸਰ ਸੁਖਦੇਵ ਸਿੰਘ ਦੀ ਯਾਦ 'ਚ ਜਗਦੇ ਚਿਰਾਗ ਐਵਾਰਡ ਤਰਕਸ਼ੀਲ ਆਗੂ ਪ੍ਰੋਫੈਸਰ ਰਾਜਪਾਲ ਸਿੰਘ ਨੂੰ ਭੇਟ ਕੀਤਾ। ਗੁਰਪ੍ਰੀਤ ਸਿੰਘ ਬਾਲੀ ਅਤੇ ਰਾਜਵੀਰ ਕੌਰ ਵੱਲੋਂ ਆਪਣੇ ਪੁੱਤਰ ਮਰਹੂਮ ਜਸਕੀਰਤ ਸਿੰਘ ਸਿੱਧੂ ਦੀ ਯਾਦ ਵਿੱਚ ਘੁਮੱਕੜੀ ਅਦਬ ਐਵਾਰਡ ਘੁਮੱਕੜੀ ਅਤੇ ਅਦਬੀ ਸਿਰਜਕ ਨਿਰਮਲ ਸਿੰਘ ਨੂੰ ਸੌਂਪਿਆ, ਜੋ ਕਿ ਲਗਾਤਾਰ ਸਾਈਕਲ ਤੇ ਭ੍ਰਮਣ ਕਰਨ ਦੇ ਨਾਲ਼-ਨਾਲ਼ ਸਾਹਿਤ ਅਤੇ ਫੋਟੋਗ੍ਰਾਫੀ ਰਾਹੀਂ ਕੁਦਰਤੀ ਨਜ਼ਾਰਿਆਂ ਨੂੰ ਲੋਕਾਂ ਸਾਹਮਣੇ ਪੇਸ਼ ਕਰਦਾ ਹੈ।ਸ਼ਹੀਦ ਭਗਤ ਸਿੰਘ ਕਲਾ ਕੇਂਦਰ ਦੇ ਸਹਿਯੋਗ ਨਾਲ ਮੰਚ ਦੇ ਅਦਾਕਾਰ ਅਤੇ ਕਾਮੇ ਮਰਹੂਮ ਜਤਿੰਦਰ ਬੋਹਾ ਦੀ ਯਾਦ ਵਿੱਚ ਜਤਿੰਦਰ ਯਾਦਗਾਰੀ ਐਵਾਰਡ ਰੰਗਮੰਚ ਨਾਲ਼ ਲੋਕ ਮਸਲਿਆਂ ਅਤੇ ਉਹਨਾਂ ਦੇ ਜੀਵਨ ਗਾਥਾ ਨੂੰ ਬਿਆਨ ਕਰਨ ਵਾਲੇ ਨੌਜਵਾਨ ਸੱਤਪਾਲ ਬੰਗਾ ਨੂੰ ਭੇਟ ਕੀਤਾ ਗਿਆ।ਸ਼ਹੀਦ ਭਗਤ ਸਿੰਘ ਕਲਾ ਮੰਚ ਦੇ ਪ੍ਰਬੰਧਕੀ ਬੋਰਡ ਵੱਲੋਂ 'ਮੇਲੇ ਦਾ ਕਾਮਾ' ਐਵਾਰਡ ਮੰਚ ਦੇ ਮੁੱਢਲੇ ਦੌਰ ਦੇ ਵਲੰਟੀਅਰ, ਅਦਾਕਾਰ, ਲੇਖਕ ਅਤੇ ਗੁਰਨੈਬ ਮਘਾਣੀਆਂ ਨੂੰ ਦਿੱਤਾ ਗਿਆ।ਵੱਖ-ਵੱਖ ਸੈਸ਼ਨ ਦੌਰਾਨ ਮੰਚ ਸੰਚਾਲਨ ਦੀ ਭੂਮਿਕਾ ਡਾ. ਕੁਲਦੀਪ ਚੌਹਾਨ, ਜਗਜੀਵਨ ਆਲੀਕੇ, ਗਗਨ ਸ਼ਰਮਾ ਨੇ ਬਾਖੂਬੀ ਨਿਭਾਈ।ਮੇਲੇ 'ਚ ਕਹਾਣੀਕਾਰ ਦਰਸ਼ਨ ਜੋਗਾ, ਤੇਜਿੰਦਰ ਕੌਰ ਜ਼ਿਲ੍ਹਾ ਭਾਸ਼ਾ ਅਫ਼ਸਰ, ਸ਼ਾਇਰ ਗੁਰਪ੍ਰੀਤ, ਅਨੇਮਨ ਸਿੰਘ, ਅਸ਼ੋਕ ਬਾਂਸਲ, ਗੁਰਚੇਤ ਫੱਤੇਵਾਲੀਆ, ਡਾ. ਰਾਵਿੰਦਰ ਸਿੰਘ, ਸੁਪਨਦੀਪ ਕੌਰ, ਸੁਭਾਸ਼ ਬਿੱਟੂ, ਡਾ. ਅਜਮੀਤ ਲੀਜਾ, ਪ੍ਰੋਫੈਸਰ ਰਾਮ ਸਿੰਘ, ਮੁੱਖ ਅਧਿਆਪਕ ਪਰਮਜੀਤ ਕੌਰ, ਪ੍ਰਿੰਸੀਪਲ ਪਰਮਪ੍ਰੀਤ ਸਿੰਘ, ਕਮਲਜੀਤ ਕੌਰ, ਹਰਦੀਪ ਸਿੱਧੂ, ਇੰਦਰਜੀਤ ਜਾਦੂ, ਸੁਖਵੀਰ ਕੌਰ ਮਾਨ, ਜਗਰੂਪ ਉੱਡਤ, ਜਗਸੀਰ ਸ਼ੇਰਖਾਂ, ਸੰਤੋਖ ਸਾਗਰ, ਸੁਰਿੰਦਰ ਸਾਗਰ, ਰੂਹੀ ਸਿੰਘ, ਗੁਲ-ਆਬ, ਕ੍ਰਿਸ਼ਨ ਨਾਰਨੌਲੀਆ ਆਦਿ ਨੇ ਵੀ ਸ਼ਮੂਲੀਅਤ ਕੀਤੀ।

## ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ 4 ਨੂੰ

**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਸਬ ਡਵੀਜ਼ਨ ਬਾਘਾ ਪੁਰਾਣਾ ਦੀ ਅਪ੍ਰੈਲ ਮਹੀਨੇ ਦੀ ਮੀਟਿੰਗ 4 ਅਪ੍ਰੈਲ ਨੂੰ ਨਗਰ ਕਮੇਟੀ ਦੇ ਦਫ਼ਤਰ ਵਿੱਚ 10 ਵਜੇ ਹੋਵੇਗੀ। ਇਸ ਸਬੰਧੀ ਸਬ ਡਵੀਜ਼ਨ ਪ੍ਰੈਸ ਸਕੱਤਰ ਸੁਰਿੰਦਰ ਰਾਮ ਕੁੱਸਾ ਨੇ ਜਾਣਕਾਰੀ ਸਾਂਝੀ ਕੀਤੀ।ਇਸ ਮੌਕੇ ਸਬ ਡਵੀਜਨ ਪ੍ਰਧਾਨ ਗੁਰਜੰਟ ਸਿੰਘ, ਸਕੱਤਰ ਅਮਰਜੀਤ ਸਿੰਘ ਮਾਣੂਕੇ, ਵਿੱਤ ਸਕੱਤਰ ਸੁਰਿੰਦਰ ਪਾਲ ਸਿੰਘ ਨੇ ਦੱਸਿਆ ਕਿ ਬਲਾਕ ਪ੍ਰਾਇਮਰੀ ਸਿੱਖਿਆ ਦਫ਼ਤਰ ਬਾਘਾ ਪੁਰਾਣਾ ਦੇ ਸਕੂਲਾਂ ਵਿੱਚੋਂ 1 - 1 - 2016 ਤੋਂ ਬਾਅਦ ਸੇਵਾ ਮੁਕਤ ਮੁਲਾਜ਼ਮਾਂ ਕਮ ਪੈਨਸ਼ਨਰਾਂ ਦੇ ਛੇਵੇਂ ਪੇ ਕਮਿਸ਼ਨ ਦੇ ਤਨਖਾਹ ਸੋਧ ਦੇ ਬਕਾਏ ਅਪ੍ਰੈਲ 26 ਤੋਂ ਪਾਉਣ ਲਈ ਬਿੱਲ ਬਣਾਏ ਜਾਣਗੇ, ਇਸੇ ਤਰ੍ਹਾਂ ਬਾਕੀ ਸਾਰੇ ਸੈਕੰਡਰੀ ਸਕੂਲਾਂ ਵਲੋਂ ਅਤੇ ਹੋਰ ਮਹਿਕਮਿਆਂ ਦੇ ਤਨਖਾਹ ਵੰਡ ਅਧਿਕਾਰੀ ਵੀ ਇਹ ਬਕਾਏ ਕਢਾਉਣ ਲਈ ਬਿੱਲ ਬਣਾਉਣ ਦੀ ਪ੍ਰਕ੍ਰਿਆ ਅਪ੍ਰੈਲ 26 ਵਿੱਚ ਕਰਨਗੇ। ਸਮੂਹ ਪੈਨਸ਼ਨਰਾਂ ਨੂੰ ਅਪੀਲ ਹੈ ਕਿ ਉਹ ਇਹ ਬਕਾਏ ਕਢਵਾਉਣ ਲਈ ਆਪਣੀਆਂ ਅਰਜ਼ੀਆਂ ਲਿਖ ਕੇ ਆਪਣੇ ਆਪਣੇ ਤਨਖਾਹ ਵੰਡ ਅਧਿਕਾਰੀ ਨੂੰ ਅਪ੍ਰੈਲ ਦੀ 10 ਤਰੀਕ ਤੱਕ ਪੁੱਜਦੀਆਂ ਕਰਨ ਤਾਂ ਕਿ 1 -1 - 2016 ਤੋਂ ਬਾਅਦ ਰਿਟਾਇਰ ਹੋਏ ਕਿਸੇ ਮੁਲਾਜਮ ਪੈਨਸ਼ਨਰ ਦਾ ਬਕਾਇਆ ਕਢਵਾਉਣ ਤੋਂ ਨਾ ਰਹਿ ਜਾਵੇ। ਸੁਖਮੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਨੇ ਪੈਨਸ਼ਨ ਸੇਵਾ ਪੋਰਟਲ ਰਾਹੀਂ ਪੈਨਸ਼ਨਰਾਂ ਨੂੰ ਆਨਲਾਈਨ ਡਿਜੀਟਲ

### ਪੈਨਸ਼ਨ ਸੇਵਾ ਪੋਰਟਲ ਨੇ ਪੈਨਸ਼ਨਰਾਂ ਨੂੰ ਕੀਤਾ ਮਾਨਸਿਕ ਪ੍ਰੇਸ਼ਾਨ



ਲਾਈਵ ਸਾਰਟੀਫਿਕੇਟ ਦੇਣ ਲਈ 31 ਮਾਰਚ ਤੱਕ ਦੇਣ ਲਈ ਕਿਹਾ ਜਾ ਰਿਹਾ ਹੈ। ਏਸੇ ਤਰ੍ਹਾਂ ਆਪਣਾ ਐਲ ਟੀ ਸੀ ਲੈਣ ਅਤੇ ਈ ਕੇ ਵਾਈ ਸੀ ਕਰਵਾਉਣ ਲਈ ਬੈਂਕ ਅਧਿਕਾਰੀਆਂ ਵੱਲੋਂ ਮੈਸਿਜ ਪਾਏ ਜਾ ਰਹੇ ਹਨ ਜਦੋਂ ਕਿ ਬਹੁਤ ਸਾਰੇ ਪੈਨਸ਼ਨਰ ਬਿਮਾਰ ਹੋਣ ਕਰਕੇ ਅਤੇ ਨਵੀਂ ਤਕਨੀਕ ਤੋਂ ਅਣਜਾਣ ਹੋਣ ਕਰਕੇ ਇਹ ਆਨਲਾਈਨ ਸਿਸਟਮ ਨੂੰ ਬੋਝ ਮਹਿਸੂਸ ਕਰ ਰਹੇ ਹਨ ਅਤੇ ਮਾਨਸਿਕ ਪ੍ਰੇਸ਼ਾਨੀ ਦਾ ਸ਼ਿਕਾਰ ਹੋ ਰਹੇ ਹਨ। ਬਦੇਸ਼ਾਂ ਵਿੱਚ ਪੈਨਸ਼ਨ ਸੇਵਾ ਪੋਰਟਲ ਨਾ ਚੱਲਣ ਕਰਕੇ ਬਦੇਸ਼ਾਂ ਵਿੱਚ ਬੈਠੇ ਪੈਨਸ਼ਨਰ ਵੀ ਇਸ ਆਨਲਾਈਨ ਪ੍ਰਣਾਲੀ ਤੋਂ ਬਹੁਤ ਪ੍ਰੇਸ਼ਾਨ ਹਨ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਅਨਲਾਈਨ ਵਾਲੀ ਪ੍ਰਕਿਰਿਆ ਨੂੰ ਆਪਸ਼ਨਲ ਬਣਾਇਆ ਜਾਵੇ ਤਾਂ ਕਿ ਬੁਢਾਪੇ ਦਾ ਸੰਤਾਪ ਹੰਢਾ ਰਹੇ ਪੈਨਸ਼ਨਰ ਮੈਨੂਅਲ ਪ੍ਰੋਫਾਰਮੇ ਭਰ ਕੇ ਬੈਂਕ ਰਾਹੀਂ ਵੀ ਨਿੱਜੀ ਤੌਰ 'ਤੇ ਇਸ ਪ੍ਰਕਿਰਿਆ ਵਿੱਚ ਸ਼ਾਮਲ ਹੋ ਸਕਣ। ਬਖਸ਼ੀਸ਼ ਸਿੰਘ, ਜਸਪਾਲ ਸਿੰਘ ਕੰਡਾ, ਜਗਰਾਜ ਸਿੰਘ ਮਾਣੂਕੇ, ਬਲਦੇਵ ਸਿੰਘ ਰੋਡੇ ਅਤੇ ਰਘਬੀਰ ਸਿੰਘ ਨੇ ਕਿਹਾ ਕਿ ਰਿਜ਼ਰਵ ਬੈਂਕ ਦੀਆਂ ਹਦਾਇਤਾਂ ਮੁਤਾਬਕ ਬੈਂਕ ਅਧਿਕਾਰੀ ਬੈਂਕ ਵਿੱਚ ਆਉਣ ਤੋਂ ਅਸਮਰਥ ਪੈਨਸ਼ਨਰ ਦੇ ਪਾਸ ਖੁਦ ਘਰ ਜਾ ਕੇ ਲਾਈਵ ਸਾਰਟੀਫਿਕੇਟ ਆਦਿ ਭਰ ਕੇ ਲਿਆਵੇ, ਇਹ ਬੈਂਕ ਅਧਿਕਾਰੀ ਦੀ ਜ਼ਿੰਮੇਵਾਰੀ ਹੈ।ਉਨ੍ਹਾਂ ਪੈਨਸ਼ਨਰਾਂ ਨੂੰ ਇਹ ਅਪੀਲ ਵੀ ਕੀਤੀ ਕਿ ਜਿਹੜੇ ਪੈਨਸ਼ਨਰਾਂ ਨੇ 2025 - 26 ਦੀ ਮੈਂਬਰਸ਼ਿਪ ਅਜੇ ਤੱਕ ਨਹੀਂ ਕਰਵਾਈ ਉਹ ਆਪਣੇ ਪ੍ਰਧਾਨ ਸਕੱਤਰ ਪਾਸ ਪੰਜ ਸੌ ਰੁਪਏ ਪ੍ਰਤੀ ਸਾਲ ਦੇ ਕੇ ਮੈਂਬਰਸ਼ਿਪ ਪ੍ਰਾਪਤ ਕਰ ਲੈਣ ਤਾਂ ਕਿ ਜਥੇਬੰਦਕ ਸੰਘਰਸ਼ ਅਤੇ ਹੋਰ ਮੀਟਿੰਗਾਂ ਤੇ ਕੀਤੇ ਜਾਣ ਵਾਲੇ ਖਰਚਿਆਂ ਨੂੰ ਸੁਚੱਜੇ ਢੰਗ ਨਾਲ ਪੂਰਿਆ ਜਾ ਸਕੇ।

# ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਗੁਰਦੇਵ ਰਾਮ ਚਿੱਟੀ, ਪਵਨ ਮਸੀਹ, ਰਾਮ ਪਾਲ ਮਹੇ ਨੂੰ ਸੀਨੀਅਰ ਮੀਤ ਪ੍ਰਧਾਨ ਕੀਤਾ ਨਾਮਜ਼ਦ

**ਜਲੰਧਰ (ਰਾਜੇਸ਼ ਥਾਪਾ)**- ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਜਲੰਧਰ ਦੀ ਮੀਟਿੰਗ ਪ੍ਰਧਾਨ ਬਾਲ ਕ੍ਰਿਸ਼ਨ ਸੂਦ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਦੇ ਸ਼ੁਰੂ ਵਿੱਚ ਹਾਜ਼ਰ ਮੈਂਬਰਾਂ ਨੇ ਸਾਂਝੇ ਤੌਰ 'ਤੇ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਨੂੰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਲਈ ਸਿਰਫ ਤੇ ਸਿਰਫ ਖਾਲੀ ਪੀਪਾ ਦੱਸਿਆ, ਕਿਉਂਕਿ ਇਸ ਬਜਟ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਦੇਣ ਲਈ ਕੁੱਝ ਵੀ ਨਹੀਂ ਰੱਖਿਆ ਗਿਆ। ਮੀਟਿੰਗ ਦੀ ਕਾਰਵਾਈ ਨੂੰ ਜਨਰਲ ਸਕੱਤਰ ਗੁਰਨਾਮ ਚੰਦ ਨੇ ਚਲਾਇਆ। ਆਗੂਆਂ ਨੇ ਸਾਂਝੇ ਤੌਰ ਤੇ ਮੰਗ ਕੀਤੀ ਕਿ 16 ਪ੍ਰਤੀਸ਼ਤ ਡੀ ਏ ਦੀਆਂ ਬਕਾਇਆ ਕਿਸ਼ਤਾਂ ਤੁਰੰਤ ਨਗਦ ਦੇਣ ਦਾ ਐਲਾਨ ਕਰਕੇ ਪੰਜਾਬ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਵਧੀ ਹੋਈ ਮਹਿੰਗਾਈ ਤੋਂ ਰਾਹਤ ਦੇਵੇ। ਇੱਕ ਵੱਖਰਾ ਮਤਾ ਪਾਸ ਕਰਕੇ ਅਮਰੀਕਾ ਇਜ਼ਰਾਈਲ ਵਲੋਂ ਇਰਾਨ ਤੇ ਥੋਪੀ ਜ਼ਬਰੀ ਜੰਗ ਵਿੱਚ ਮਾਰੀਆਂ ਗਈਆਂ 150 ਸਕੂਲੀ ਬੱਚੀਆਂ ਅਤੇ ਹੋਰ ਨਾਗਰਿਕਾਂ ਦੇ ਮਾਰੇ ਜਾਣ ਤੇ ਗਹਿਰੇ ਦੁੱਖ



ਦਾ ਪ੍ਰਗਟਾਵਾ ਕਰਦੇ ਹੋਏ ਮੋਨ ਸ਼ਰਧਾਂਜਲੀ ਭੇਟ ਕੀਤੀ ਗਈ। ਪਿਛਲੇ ਸਮੇਂ ਵਿੱਚ ਕੀਤੇ ਗਏ ਸੰਘਰਸ਼ਾਂ ਵਿੱਚ ਐਸੋਸੀਏਸ਼ਨ ਵਲੋਂ ਕੀਤੀ ਗਈ ਸ਼ਮੂਲੀਅਤ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ। ਐਸੋਸੀਏਸ਼ਨ ਦੀ ਕਾਰਗੁਜ਼ਾਰੀ ਨੂੰ ਵਧੀਆ ਅਤੇ ਸਰਗਰਮੀ ਭਰਪੂਰ ਬਣਾਉਣ ਹਿੱਤ ਸਰਬ ਸੰਮਤੀ ਨਾਲ ਪਾਸ ਕਰਕੇ ਗੁਰਦੇਵ ਰਾਮ ਚਿੱਟੀ, ਪਵਨ ਮਸੀਹ,ਰਾਮ ਪਾਲ ਮਹੇ ਨੂੰ ਸੀਨੀਅਰ ਮੀਤ ਪ੍ਰਧਾਨ, ਸ਼੍ਰੀ ਹਰਜਿੰਦਰ ਕੁਮਾਰ ਅਨੇਜਾ ਨੂੰ ਜੁਆਇੰਟ ਸਕੱਤਰ ਤੇ ਨਰੇਸ਼ ਕੁਮਾਰ ਤਿਵਾੜੀ ਨੂੰ ਦਫ਼ਤਰ ਸਕੱਤਰ ਨਾਮਜ਼ਦ ਕੀਤਾ ਗਿਆ।ਸਰਬ ਸੰਮਤੀ ਨਾਲ ਮਤਾ ਪਾਸ ਕਰਦੇ ਹੋਏ ਫੈਸਲਾ ਕੀਤਾ ਕਿ ਮਹੀਨੇ ਦੇ ਦੂਜੇ ਸ਼ਨੀਵਾਰ ਨੂੰ ਐਸੋਸੀਏਸ਼ਨ ਦੀ ਮੀਟਿੰਗ ਹਰ ਮਹੀਨੇ ਕੀਤੀ ਜਾਵੇਗੀ।।ਇਸ ਸਮੇਂ ਹੋਰਨਾਂ ਤੋਂ ਇਲਾਵਾ ਪ੍ਰਧਾਨ ਬਾਲ ਕ੍ਰਿਸ਼ਨ ਸੂਦ,ਜਨਰਲ ਸਕੱਤਰ ਗੁਰਨਾਮ ਚੰਦ, ਵਿੱਤ ਸਕੱਤਰ ਅਮਰੀਕ ਸਿੰਘ, ਪ੍ਰੈੱਸ ਸਕੱਤਰ ਸੂਰਤੀ ਲਾਲ,ਪਵਨ ਮਸੀਹ, ਰਾਮ ਕਿਸ਼ਨ,ਹਰਜਿੰਦਰ ਅਨੇਜਾ, ਰਾਮ ਪਾਲ ਮਹੇ , ਰਾਮ ਨਰੰਜਣ, ਰੇਸ਼ਮ ਲਾਲ, ਨਰੇਸ਼ ਤਿਵਾੜੀ,ਦਵਿੰਦਰ ਸਿੰਘ ਥਿਆੜਾ , ਗੁਰਦੇਵ ਰਾਮ ਚਿੱਟੀ,ਰਤਨ ਸਿੰਘ, ਮੁਖਤਿਆਰ ਸਿੰਘ,ਬਲ ਬਹਾਦਰ ਰਾਏ ਆਦਿ ਤੋਂ ਇਲਾਵਾ ਬਲਵਿੰਦਰ ਕੁਮਾਰ ਪ੍ਰਧਾਨ ਫਿਲੌਰ ਐਸੋਸੀਏਸ਼ਨ, ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ, ਪ੍ਰੈੱਸ ਸਕੱਤਰ ਸੀਤਲ ਰਾਮ ਬੰਗਾ ਐਸੋਸੀਏਸ਼ਨ ਫ਼ਗਵਾੜਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

# ਸਾਹਿਤ ਤੇ ਭਾਸ਼ਾ 'ਚ ਕੈਰੀਅਰ ਦੇ ਮੌਕਿਆਂ 'ਤੇ ਲੈਕਚਰ ਕਰਵਾਇਆ

**ਜਲੰਧਰ (ਸ਼ੈਲੀ ਐਲਬਰਟ)**- ਲਾਇਲਪੁਰ ਖਾਲਸਾ ਕਾਲਜ, ਜਲੰਧਰ ਦੇ ਪੀ ਜੀ ਅੰਗਰੇਜ਼ੀ ਵਿਭਾਗ, ਪੱਤਰਕਾਰੀ ਤੇ ਜਨ ਸੰਚਾਰ ਵਿਭਾਗ ਦੇ ਸਹਿਯੋਗ ਨਾਲ



ਕਰੀਅਰ ਕਾਉਂਸਲਿੰਗ ਅਤੇ ਪਲੇਸਮੈਂਟ ਸੈੱਲ ਨੇ ਸਾਹਿਤ ਅਤੇ ਭਾਸ਼ਾ ਦੇ ਖੇਤਰ ਵਿੱਚ ਵਿਦਿਆਰਥੀਆਂ ਲਈ ਕਰੀਅਰ ਦੇ ਮੌਕੇ ਵਿਸ਼ੇ 'ਤੇ ਇੱਕ ਐਕਸਟੈਂਸ਼ਨ ਲੈਕਚਰ ਦਾ ਆਯੋਜਨ ਕੀਤਾ। ਲੈਕਚਰ ਦੇ ਮੁੱਖ ਵਕਤਾ ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਭਾਸ਼ਾਵਾਂ, ਸਾਹਿਤ ਅਤੇ ਸੱਭਿਆਚਾਰ ਸਕੂਲ ਦੇ ਅੰਗਰੇਜ਼ੀ ਵਿਭਾਗ ਤੋਂ ਡਾ. ਨਰਿੰਦਰ ਕੇ. ਸ਼ਰਮਾ ਸਨ। ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ, ਡਾ. ਸ਼ਰਮਾ ਨੇ ਸਾਹਿਤ ਅਤੇ ਭਾਸ਼ਾ ਦੇ ਵਿਦਿਆਰਥੀਆਂ ਲਈ ਉਪਲਬਧ ਵਿਭਿੰਨ ਕਰੀਅਰ ਦੇ ਮੌਕਿਆਂ ਬਾਰੇ ਵਿਸਥਾਰ ਨਾਲ ਦੱਸਿਆ, ਜਿਸ ਵਿੱਚ ਅਧਿਆਪਨ, ਖੋਜ, ਅਨੁਵਾਦ, ਸਮੱਗਰੀ ਲੇਖਣ, ਮੀਡੀਆ, ਪ੍ਰਕਾਸ਼ਨ, ਸਿਵਲ ਸੇਵਾਵਾਂ ਅਤੇ ਹੋਰ ਉੱਭਰ ਰਹੇ ਅੰਤਰ-ਅਨੁਸ਼ਾਸਨੀ ਖੇਤਰ ਸ਼ਾਮਲ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਸੰਚਾਰ ਅਤੇ ਵਿਸ਼ਲੇਸ਼ਣਾਤਮਕ ਹੁਨਰਾਂ ਨੂੰ ਵਧਾਉਣ ਅਤੇ ਵਿਕਸਤ ਹੋ ਰਹੇ ਪੇਸ਼ੇਵਰ ਦ੍ਰਿਸ਼ ਵਿੱਚ ਨਵੇਂ ਮੌਕਿਆਂ ਨੂੰ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ। ਇਸ ਮੌਕੇ 'ਤੇ ਕਾਲਜ ਦੇ ਪ੍ਰਿੰਸੀਪਲ, ਡਾ. ਰਛਪਾਲ ਸਿੰਘ ਸੰਧੂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਅਰਥਪੂਰਨ ਕਰੀਅਰ ਵਿਕਲਪਾਂ ਵੱਲ ਸੇਧਿਤ ਕਰਨ ਲਈ ਅਜਿਹੇ ਅਕਾਦਮਿਕ ਆਪਸੀ ਤਾਲਮੇਲ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਸ ਤੋਂ ਪਹਿਲਾਂ, ਕਰੀਅਰ ਕਾਉਂਸਲਿੰਗ ਤੇ ਪਲੇਸਮੈਂਟ ਸੈੱਲ ਦੇ ਕਨਵੀਨਰ, ਡਾ. ਚਰਨਜੀਤ ਸਿੰਘ ਨੇ ਰਿਸੋਰਸ ਪਰਸਨ ਦਾ ਰਸਮੀ ਤੌਰ 'ਤੇ ਸਵਾਗਤ ਕੀਤਾ ਅਤੇ ਵਿਦਿਆਰਥੀਆਂ ਨੂੰ ਸੈੱਲ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਵੱਖ-ਵੱਖ ਸੇਵਾਵਾਂ ਅਤੇ ਮਾਰਗਦਰਸ਼ਨ ਤੋਂ ਜਾਣੂ ਕਰਵਾਇਆ ਤਾਂ ਜੋ ਉਨ੍ਹਾਂ ਨੂੰ ਆਪਣੇ ਕਰੀਅਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਯੋਜਨਾ ਬਣਾਉਣ ਵਿੱਚ ਮਦਦ ਮਿਲ ਸਕੇ। ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਬਲਰਾਜ ਕੌਰ ਨੇ ਆਏ ਹੋਏ ਮਹਿਮਾਨਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

## ਸ਼ਹੀਦੀ ਦਿਹਾੜੇ ਨੂੰ ਸਮਰਪਤ ਖ਼ੂਨਦਾਨ ਕੈਂਪ ਲਗਾਇਆ

**ਫਗਵਾੜਾ (ਡਾ. ਰਮਨ)** ਬਲੱਡ ਬੈਂਕ ਫਗਵਾੜਾ ਵਿਖੇ ਸ਼ਹੀਦੇ-ਆਜ਼ਮ ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ 95ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਖ਼ੂਨਦਾਨ ਕੈਂਪ ਦਾ ਆਰੰਭ ਕਰਦਿਆਂ ਡਾ. ਰਾਜਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਨੇ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਭੁਲਾਇਆ ਨਹੀਂ ਜਾ ਸਕਦਾ, ਅਤੇ ਮੌਜੂਦਾ ਭਗਵੰਤ ਮਾਨ ਸਰਕਾਰ, ਉਹਨਾਂ ਦੇ ਪੂਰਨਿਆਂ 'ਤੇ ਚੱਲ ਕੇ ਲੋਕਾਂ ਦੀ ਸੇਵਾ ਲਈ ਕੰਮ ਕਰ ਰਹੀ ਹੈ । ਉਹਨਾਂ ਕਿਹਾ



ਕਿ ਸ਼ਹੀਦੇ-ਆਜ਼ਮ ਭਗਤ ਸਿੰਘ 95 ਸਾਲ ਬਾਅਦ ਵੀ ਉਹ ਪੰਜਾਬ ਦੇ ਲੋਕਾਂ ਦੇ ਆਦਰਸ਼ ਹਨ । ਇਸ ਸਮੇਂ ਕੇ.ਕੇ. ਸਰਦਾਨਾ ਚੇਅਰਮੈਨ ਬਲੱਡ ਡੋਨਰਜ਼ ਕੌਂਸਲ, ਬਲੱਡ ਸੈਂਟਰ ਫਗਵਾੜਾ ਨੇ ਕਿਹਾ ਕਿ ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਕੁਰਬਾਨੀ ਅਦੁੱਤੀ ਹੈ। ਇਸ ਬਲੱਡ ਕੈਂਪ ਵਿੱਚ 68 ਵਲੰਟੀਅਰਾਂ ਨੇ ਖ਼ੂਨ ਦਾਨ ਦਿੱਤਾ । ਇਸ ਸਮੇਂ ਹੋਰਨਾਂ ਤੋਂ ਬਿਨਾਂ ਜੋਗਿੰਦਰ ਸਿੰਘ ਮਾਨ ਸਾਬਕਾ ਮੰਤਰੀ, ਰਾਮਪਾਲ ਉੱਪਲ ਮੇਅਰ ਨਗਰ ਨਿਗਮ, ਮਲਕੀਅਤ ਸਿੰਘ ਰਗਬੋਤਰਾ ਪ੍ਰਧਾਨ, ਹਰਬੰਸ ਲਾਲ ਮੀਤ ਪ੍ਰਧਾਨ, ਡਾ: ਮਨੋਹਰ ਲਾਲ ਬਾਂਸਲ, ਤਰਨਜੀਤ ਸਿੰਘ ਕਿੰਨੜਾ, ਤਵਿੰਦਰ ਰਾਮ ਚੇਅਰਮੈਨ ਮਾਰਕੀਟ ਕਮੇਟੀ, ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ, ਠਾਕੁਰ ਦਾਸ ਚਾਵਲਾ ਆਦਿ ਹਾਜ਼ਰ ਸਨ । ਇਸ ਕੈਂਪ ਵਿੱਚ ਸ਼ਹਿਰ ਦੀਆਂ ਵੱਖੋ-ਵੱਖਰੀਆਂ ਸਮਾਜਿਕ ਸੰਸਥਾਵਾਂ ਨੇ ਆਪਣੇ ਵੱਲੋਂ ਵਲੰਟੀਅਰ ਭੇਜ ਕੇ ਭਰਪੂਰ ਸਹਿਯੋਗ ਦਿੱਤਾ। ਇਸ ਸਮੇਂ ਡਾ. ਰਾਜਕੁਮਾਰ ਚੱਬੇਵਾਲ ਨੇ ਬਲੱਡ ਕੁਲੈਕਸ਼ਨ ਵੈਨ ਦੇਣ ਲਈ ਆਪਣੇ ਐਮ.ਪੀ. ਲੈਡ ਫੰਡ ਵਿੱਚੋਂ 5 ਲੱਖ ਰੁਪਏ ਦੇਣ ਦਾ ਐਲਾਨ ਕੀਤਾ।

## ਨਵੀ ਪੀੜ੍ਹੀ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਦਰਸਾਏ ਮਾਰਗ 'ਤੇ ਚੱਲੇ : ਤਲਵਿੰਦਰ ਹੀਰ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**- ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜਿਨ੍ਹਾਂ ਨੂੰ ਸਮੇਂ ਦੀ ਜ਼ਾਲਮ ਅੰਗਰੇਜ਼ ਸਰਕਾਰ 23 ਮਾਰਚ 1931 ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ, ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇਲਾਕੇ ਦੇ ਵੱਖ ਵੱਖ ਇਨਸਾਫ਼ਪਸੰਦ ਜਥੇਬੰਦੀਆਂ ਦੇ ਕਾਰਕੁੰਨਾਂ ਵਲੋਂ ਇਕੱਠੇ ਹੋ ਕੇ ਸ਼ਹੀਦਾਂ ਦੀ ਸ਼ਹਾਦਤ ਨੂੰ ਸਿਜਦਾ



ਕੀਤਾ ਗਿਆ ਤੇ ਉਨ੍ਹਾਂ ਦੇ ਪਦ ਚਿੰਨਾਂ ਦੇ ਚੱਲ ਕੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਲਈ ਜ਼ਬਰ ਜ਼ੁਲਮ ਦਾ ਡੱਟ ਕੇ ਵਿਰੋਧ ਕਰਨ ਦਾ ਸੰਕਲਪ ਕੀਤਾ। ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਦੇਸ਼, ਸੂਬੇ ਤੇ ਦੁਨੀਆਂ ਦੇ ਵਿਗੜੇ ਹਾਲਾਤਾਂ ਤੇ ਚਿੰਤਾ ਪ੍ਰਗਟ ਕਰਦਿਆਂ ਇਕੱਤਰ ਹੋਏ ਸਾਥੀਆਂ ਨੂੰ ਪੂਰੀ ਜ਼ਿੰਮੇਵਾਰੀ ਸਹਿਤ ਆਪਣਾ ਫਰਜ਼ ਨਿਭਾਉਣ ਤੇ ਦੇਸ਼ ਦੀ ਏਕਤਾ ਅਖੰਡਤਾ ਨੂੰ ਫਿਰਕਾਪ੍ਰਸਤਾਂ ਵਲੋਂ ਪੈਦਾ ਕੀਤੇ ਖਤਰਿਆਂ ਤੋਂ ਬਚਾਉਣ ਲਈ ਸੰਘਰਸ਼ਾਂ ਦੇ ਮੈਦਾਨ ਵਿੱਚ ਆਉਣ ਦਾ ਸੱਦਾ ਦਿੱਤਾ। ਇਸ ਮੌਕੇ ਤੇ ਸਾਬਕਾ ਕੌਂਸਲਰ ਸੀਤਾ ਰਾਮ ਮਾਹਿਲਪੁਰ, ਧੀਰਜ ਕੁਮਾਰ,ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ, ਮਨੂ ਭਾਰਗਵ, ਸੁਰਿੰਦਰ ਪਰਮਾਰ, ਮੁਨੀਸ਼ ਕੁਮਾਰ ਸਰਪੰਚ, ਮਨੀ ਕੁਮਾਰ, ਮਨਦੀਪ ਸਿੰਘ ਖੈਰੜ, ਅਕਾਸ਼ਦੀਪ ਸੰਧੂ ਨੇ ਸਾਥੀਆਂ ਸਮੇਤ ਪਹੁੰਚ ਕੇ ਸ਼ਹੀਦਾਂ ਦੀ ਅਦੁੱਤੀ ਸ਼ਹਾਦਤ ਨੂੰ ਸਿਜਦਾ ਕਰਕੇ ਮਾਨਵਤਾ ਦੀ ਸੇਵਾ ਕਰਨ ਲਈ ਆਸ਼ੀਰਵਾਦ ਪ੍ਰਾਪਤ ਕੀਤਾ।

# ਪ੍ਰਧਾਨ ਮੰਤਰੀ ਸਨਮਾਨ ਨਿਧੀ ਯੋਜਨਾ ਦਾ ਲਾਭ ਲੈਣ ਲਈ ਕਿਸਾਨ ਆਈ ਡੀ ਬਣਾਉਣਾ ਲਾਜ਼ਮੀ

**ਜਲੰਧਰ (ਇਕਬਾਲ ਸਿੰਘ ਉਭੀ)**- ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਸਨਮਾਨ ਨਿਧੀ ਯੋਜਨਾ ਦਾ ਲਾਭ ਲੈ ਰਹੇ ਕਿਸਾਨਾਂ ਵਲੋਂ ਐਗਰੀ ਸਟੈਕ ਤਹਿਤ ਆਨਲਾਈਨ ਪੋਰਟਲ 'ਤੇ ਰਜਿਸਟਰ ਹੋ ਕੇ ਫਾਰਮਰ ਆਈ ਡੀ



ਬਣਾਉਣਾ ਲਾਜ਼ਮੀ ਹੈ। ਉਨ੍ਹਾਂ ਦੱਸਿਆ ਕਿ ਜਿਹੜੇ ਕਿਸਾਨਾਂ ਦੀ ਕਿਸਾਨ ਆਈ ਡੀ ਬਣੀ ਹੋਵੇਗੀ, ਭਵਿੱਖ ਵਿੱਚ ਉਨ੍ਹਾਂ ਕਿਸਾਨਾਂ ਨੂੰ ਹੀ ਇਸ ਯੋਜਨਾ ਦਾ ਲਾਭ ਮਿਲੇਗਾ। ਉਨ੍ਹਾਂ ਦੱਸਿਆ ਕਿ ਜਿਹੜੇ ਕਿਸਾਨ ਇਸ ਯੋਜਨਾ ਤਹਿਤ ਲਾਭ ਪ੍ਰਾਪਤ ਕਰ ਰਹੇ ਹਨ, ਉਹ ਆਪਣੀ ਆਈ ਡੀ ਨੇੜੇ ਦੇ ਕਾਮਨ ਸਰਵਿਸ ਸੈਂਟਰ (ਸੀ ਐੱਸ ਸੀ) 'ਤੇ ਜਾ ਕੇ ਬਣਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਕਿਸਾਨਾਂ ਦਾ ਡਾਟਾਬੇਸ ਤਿਆਰ ਕੀਤਾ ਜਾ ਰਿਹਾ ਹੈ ਤਾਂ ਜੋ ਕਿਸਾਨਾਂ ਨੂੰ ਡੀ ਬੀ ਟੀ ਰਾਹੀਂ ਸਰਕਾਰੀ ਸਹੂਲਤਾਂ ਦਾ ਲਾਭ ਪਾਰਦਰਸ਼ੀ ਤਰੀਕੇ ਨਾਲ ਸਿੱਧਾ ਉਨ੍ਹਾਂ ਦੇ ਖਾਤਿਆਂ ਵਿੱਚ ਟਰਾਂਸਫਰ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਭਵਿੱਖ ਵਿੱਚ ਯੋਜਨਾ ਦਾ ਲਾਭ ਲੈਣ ਲਈ ਕਿਸਾਨਾ ਵੱਲੋਂ ਰਜਿਸਟ੍ਰੇਸ਼ਨ ਕਰਵਾਉਣੀ ਜ਼ਰੂਰੀ ਹੈ।ਉਨ੍ਹਾਂ ਕਿਸਾਨ ਨੂੰ ਅਪੀਲ ਕੀਤੀ ਕਿ ਬਿਨ੍ਹਾਂ ਕਿਸੇ ਦੇਰੀ ਤੋਂ ਆਪਣਾ ਆਧਾਰ ਕਾਰਡ ਅਤੇ ਜ਼ਮੀਨ ਦੀ ਫ਼ਰਦ ਲੈ ਕੇ ਨੇੜੇ ਦੇ ਸੀ ਐੱਸ ਸੀ ਸੈਂਟਰ ਪਹੁੰਚ ਕੇ ਆਪਣੀ ਰਜਿਸਟ੍ਰੇਸ਼ਨ ਕਰਵਾਉਣਾ ਯਕੀਨੀ ਬਣਾਉਣ।

# ਵਿਸ਼ਵ ਤਪਦਿਕ ਦਿਵਸ ਮਨਾਇਆ



**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**- ਸਿਵਲ ਸਰਜਨ ਹੁਸ਼ਿਆਰਪੁਰ ਡਾ. ਮਨਦੀਪ ਕਮਲ ਅਤੇ ਸੀਨੀਅਰ ਮੈਡੀਕਲ ਅਫਸਰ ਡਾ.ਮਨਪ੍ਰੀਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀ ਐੱਚ ਸੀ ਹਾਰਟਾ ਬਡਲਾ ਵਿਖੇ ਡਾ. ਕੁਲਵੰਤ ਰਾਏ ਦੀ ਅਗਵਾਈ ਹੇਠ ਵਿਸ਼ਵ ਤਪਦਿਕ (ਟੀ ਬੀ) ਦਿਵਸ ਮਨਾਇਆ ਗਿਆ ਜਿਸ ਦਾ ਮੱਕਸਦ ਲੋਕਾਂ ਨੂੰ ਟੀ ਬੀ (ਖੰਘ ਦੀ ਬੀਮਾਰੀ) ਬਾਰੇ ਜਾਣਕਾਰੀ ਦੇਣਾ ਅਤੇ ਇਸ ਬੀਮਾਰੀ ਨੂੰ ਖਤਮ ਕਰਨ ਲਈ ਸਾਂਝੇ ਯਤਨਾਂ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਹੈ।ਉਨਾਂ ਦੱਸਿਆ ਕਿ ਟੀ ਬੀ ਦੀ ਬੀਮਾਰੀ ਆਮ ਤੌਰ 'ਤੇ ਹਵਾ ਰਾਹੀਂ ਫੈਲਦੀ ਹੈ। ਜਦੋਂ ਕੋਈ ਵਿਅਕਤੀ ਖੰਘਦਾ ਜਾਂ ਛਿੱਕਦਾ ਹੈ ਤਾਂ ਬੈਕਟੀਰੀਆ ਦੂਜੇ ਵਿਅਕਤੀ ਦੁਆਰਾ ਸਾਹ ਲੈਣ 'ਤੇ ਸਰੀਰ 'ਚ ਜਾ ਸਕਦੇ ਹਨ। ਇਸ ਲਈ ਇਹ ਬਿਮਾਰੀ ਖ਼ਾਸ ਤੌਰ 'ਤੇ ਜਨਤਕ ਥਾਵਾਂ 'ਤੇ ਬਹੁਤ ਜ਼ਿਆਦਾ ਫੈਲਦੀ ਹੈ ਜਿੱਥੇ ਲੋਕਾਂ ਦੀ ਭੀੜ ਹੁੰਦੀ ਹੈ। ਹਰ ਕਿਸਮ ਦੀ ਟੀ ਬੀ ਦਾ ਇਲਾਜ ਰਾਜ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਉਪਲੱਬਧ ਹੈ।ਟੀ ਬੀ ਤੋਂ ਬਚਾਅ ਦੇ ਤਰੀਕਿਆਂ ਬਾਰੇ ਜਾਣੂ ਕਰਵਾਉਂਦੇ ਹੋਏ ਉਨਾਂ ਦੱਸਿਆ ਕਿ ਸਾਨੂੰ ਮੂੰਹ ਢੱਕ ਕੇ ਖੰਘਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਸਫ਼ਾਈ ਦਾ ਖਾਸ ਧਿਆਨ ਰੱਖੋ ਅਤੇ ਸਮੇਂ-ਸਮੇਂ ਤੇ ਆਪਣੀ ਸਿਹਤ ਜਾਂਚ ਜ਼ਰੂਰ ਕਰਵਾਓ।

# ਇੰਡੀਅਨ ਜਰਨਲਿਸਟਸ ਯੂਨੀਅਨ ਦੀ 11ਵੀਂ ਪਲੈਨਰੀ 28-29 ਨੂੰ

**ਕਪੂਰਥਲਾ, (ਪ੍ਰੀਤ ਸੰਗੋਜਲਾ)**- ਇੰਡੀਅਨ ਜਰਨਲਿਸਟਸ ਯੂਨੀਅਨ (ਆਈ ਜੇ ਯੂ) ਦੀ 11ਵੀਂ ਪਲੈਨਰੀ 28-29 ਮਾਰਚ ਨੂੰ ਵਿਜੇਵਾੜਾ (ਅਮਰਾਵਤੀ) (ਆਂਧਰਾ ਪ੍ਰਦੇਸ਼) ਵਿੱਚ ਹੋਵੇਗੀ। ਆਈ ਜੇ ਯੂ ਪ੍ਰਧਾਨ ਕੇ. ਸ੍ਰੀਨਿਵਾਸ ਰੈਡੀ, ਸਕੱਤਰ ਜਨਰਲ ਬਲਵਿੰਦਰ ਸਿੰਘ ਜੰਮੂ ਤੇ ਸਕੱਤਰ ਡੀ. ਸੋਮ ਸੁੰਦਰ ਦੱਸਿਆ ਕਿ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐਨ ਚੰਦਰਬਾਬੂ ਨਾਇਡੂ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕਰਨਗੇ ਤੇ ਪਹਿਲੇ ਸੈਸ਼ਨ ਦਾ ਉਦਘਾਟਨ ਕਰਨਗੇ। ਉਨ੍ਹਾਂ ਦੱਸਿਆ ਕਿ ਕਈ ਕੇਂਦਰੀ ਮੰਤਰੀ ਤੇ ਆਂਧਰਾ ਪ੍ਰਦੇਸ਼ ਦੇ ਮੰਤਰੀ ਵੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣਗੇ। ਆਂਧਰਾ ਪ੍ਰਦੇਸ਼ ਯੂਨੀਅਨ ਆਫ਼ ਵਰਕਿੰਗ ਜਰਨਲਿਸਟਸ 34 ਸਾਲ ਬਾਅਦ ਆਈ ਜੇਯੂ ਪਲੈਨਰੀ ਦੀ ਮੇਜ਼ਬਾਨੀ ਕਰ ਰਹੀ ਹੈ। ਸੂਬਾਈ ਚੇਅਰਮੈਨ ਬਲਬੀਰ ਸਿੰਘ ਜੰਡੂ, ਪ੍ਰਧਾਨ ਜੈ ਸਿੰਘ ਛਿੱਬਰ, ਸਕੱਤਰ ਜਨਰਲ ਸੰਤੋਖ ਗਿੱਲ, ਬਿੰਦੂ ਸਿੰਘ, ਭੂਸ਼ਨ ਸੂਦ, ਦਵਿੰਦਰ ਸਿੰਘ ਭੰਗੂ, ਰਾਜਨ ਮਾਨ, ਸੁਖਨੈਬ ਸਿੰਘ ਸਿੱਧੂ ਅਤੇ ਐਡਵੋਕੇਟ ਹਰਜੀਤ ਸਿੰਘ ਫਜ਼ਲਾਬਾਦ, ਕਪੂਰਥਲਾ ਪੰਜਾਬ ਦੀ ਨੁਮਾਇੰਦਗੀ ਕਰਨਗੇ। ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਦੇ ਸੂਬਾਈ ਸਕੱਤਰ ਜਨਰਲ ਸੰਤੋਖ ਗਿੱਲ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਇਸ ਤੋਂ



ਪਹਿਲਾਂ 1992 ਵਿੱਚ ਵਿਜੇਵਾੜਾ ਵਿੱਚ ਦੂਜੀ ਆਈ.ਜੇ.ਯੂ ਪਲੈਨਰੀ ਹੋਈ ਸੀ। 25 ਰਾਜਾਂ ਦੀਆਂ ਐਫੀਲੀਏਟਿਡ ਯੂਨੀਅਨਾਂ ਦੇ ਚੁਣੇ ਹੋਏ ਨੁਮਾਇੰਦੇ, ਸੂਬਾਈ ਪ੍ਰਧਾਨ ਅਤੇ ਜਨਰਲ ਸਕੱਤਰ ਇਸ ਪਲੈਨਰੀ ਵਿੱਚ ਭਾਗ ਲੈਣਗੇ।ਪਲੈਨਰੀ ਵਿੱਚ ਅਗਲੇ ਦੋ ਸਾਲਾਂ ਲਈ ਨਵੀਂ ਨੈਸ਼ਨਲ ਐਗਜ਼ੀਕਿਊਟਿਵ ਕਮੇਟੀ ਦੀ ਚੋਣ ਵੀ ਕੀਤੀ ਜਾਵੇਗੀ।ਨਵੇਂ ਚੁਣੇ ਗਏ ਕੌਮੀ ਪ੍ਰਧਾਨ ਬਲਵਿੰਦਰ ਜੰਮੂ ਤੇ ਸਕੱਤਰ ਜਨਰਲ ਡੀ ਸੋਮ ਸੁੰਦਰ ਕਾਰਜ ਭਾਰ ਸੰਭਾਲਣਗੇ।

## ਲਾਇਨਜ਼ ਕਲੱਬ ਇੰਟਰਨੈਸ਼ਨਲ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਸ਼ਰਧਾਂਜਲੀ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)** ਲਾਇਨਜ਼ ਕਲੱਬ ਇੰਟਰਨੈਸ਼ਨਲ ਰਿਹਾਣਾ ਜੱਟਾ ਕੋਹਿਨੂਰ 321 ਡੀ ਵੱਲੋਂ ਦੇਸ਼ ਦੀ ਆਜ਼ਾਦੀ ਦੇ ਪਰਵਾਨਿਆ, ਮਹਾਨ ਸਪੂਤ ਸ਼ਹੀਦ ਏ ਆਜ਼ਮ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਨੂੰ ਸ਼ਰਧਾਂਜਲੀ ਭੇਟ ਕਰਦੇ , ਉਹਨਾਂ ਦੀ ਫੋਟੋ



ਉਪਰ ਫੁੱਲ ਮਾਲਾਵਾਂ ਭੇਟ ਉਪਰੰਤ ਸ਼ਹੀਦਾਂ ਦੇ ਰਾਹ ਤੇ ਚਲਦੇ ਹੋਏ, ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਸੁੱਟ ਖਤਮ ਕਰਨ ਲਈ ਲੜਦੇ ਰਹਿਣ ਦੇ ਪ੍ਰਣ ਨੂੰ ਦੁਹਰਾਇਆ।ਇਸ ਸਮੇਂ ਕਲੱਬ ਪ੍ਰਧਾਨ ਲਾਇਨ ਡਾ. ਮੁਖਤਿਆਰ ਸਿੰਘ ਧਾਲੀਵਾਲ, ਪ੍ਰੋਜੈਕਟ ਚੇਅਰਮੈਨ ਲਾਇਨ ਡਾਕਟਰ ਪ੍ਰੇਮ ਭਾਰਦਵਜ, ਸੋਹਣ ਸਿੰਘ ਖੰਨਾ, ਮੁਕੇਸ਼ ਕੁਮਾਰ, ਹਰਦੀਪ ਸਿੰਘ, ਰਾਮ ਸ਼ਰਨ ਕਾਲਾ, ਸਰਬਜੀਤ ਸਿੰਘ, ਮੀਤ ਪ੍ਰਧਾਨ ਫਸਟ ਲਾਇਨ ਰਵਿੰਦਰ ਕੌਰ, ਗਗਨਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਏਕਨੂਰ ਸਿੰਘ, ਸਕੱਤਰ ਲਾਇਨ ਡਾਕਟਰ ਤੇਜਬੀਰ ਸਿੰਘ ਧਾਲੀਵਾਲ, ਪੀ ਆਰ ਓ ਲਾਇਨ ਸੁਖਵਿੰਦਰ ਕੌਰ, ਮੀਤ ਪ੍ਰਧਾਨ ਸੈਕਿੰਡ ਲਾਇਨ ਬਲਵਿੰਦਰ ਕੌਰ ਨੇ ਵਿਸ਼ੇਸ਼ ਸ਼ਿਰਕਤ ਕੀਤੀ।

# ਸ਼ਹੀਦਾਂ ਦੇ ਸੁਪਨਿਆਂ ਦਾ ਪੰਜਾਬ ਸਿਰਜਣ ਲਈ ਪੰਜਾਬ ਸੰਭਾਲੋ ਮੁਹਿੰਮ ਅਪਨਾਓ : ਕਰੀਮਪੁਰੀ



**ਹੁਸ਼ਿਆਰਪੁਰ (ਓ ਪੀ ਰਾਣਾ)**- ਬਹੁਜਨ ਸਮਾਜ ਪਾਰਟੀ ਦੀ ਸੂਬਾ ਪੱਧਰੀ ਮੀਟਿੰਗ ਵਿੱਚ ਬਸਪਾ ਦੇ ਕੇਂਦਰੀ ਇੰਚਾਰਜ ਰਣਧੀਰ ਸਿੰਘ ਬੈਨੀਪਾਲ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚੇ ਤੇ ਲੀਡਰਸ਼ਿਪ ਨੂੰ ਬੂਥ ਪੱਧਰ ਤੱਕ ਬਸਪਾ ਨੂੰ ਸੂਬੇ ਭਰ ਦੇ ਵਿੱਚ ਮਜਬੂਤ ਕਰਨ ਦੇ ਜ਼ਰੂਰੀ ਨਿਰਦੇਸ਼ ਦਿੱਤੇ। ਇਸ ਮੌਕੇ ਬਸਪਾ ਕੇਂਦਰੀ ਇੰਚਾਰਜ ਪ੍ਰਤਾਪ ਸਿੰਘ, ਵਿਧਾਇਕ ਡਾ. ਨਛੱਤਰ ਪਾਲ ਨੇ ਵੀ ਸੰਗਠਨ ਨੂੰ ਮਜਬੂਤ ਕਰਨ ਲਈ ਉਤਸਾਹਿਤ ਕੀਤਾ। ਬਸਪਾ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਦੇਸ਼ ਦੇ ਮਹਾਨ ਕ੍ਰਾਂਤੀਕਾਰੀ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਸ਼ਹੀਦ ਸੁਖਦੇਵ ਅਤੇ ਸ਼ਹੀਦ ਰਾਜਗੁਰੂ ਦੇ ਸ਼ਹੀਦੀ ਦਿਹਾੜੇ 'ਤੇ ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਨੂੰ ਨਮਨ ਕਰਦਿਆਂ ਪੰਜਾਬ ਦੇ ਲੋਕਾਂ ਨੂੰ ਇੱਕਜੁੱਟ ਹੋਣ ਦਾ ਸੱਦਾ ਦਿੱਤਾ। ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਰੀਮਪੁਰੀ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ ਇੱਕ ਅਜਿਹੇ ਭਾਰਤ ਦਾ ਸੁਪਨਾ ਦੇਖਿਆ ਸੀ ਜਿੱਥੇ ਕੋਈ ਕਿਸੇ ਦਾ ਸ਼ੋਸ਼ਣ ਨਾ ਕਰ ਸਕੇ ਤੇ ਹਰ ਨਾਗਰਿਕ ਨੂੰ ਬਰਾਬਰ ਦਾ ਅਧਿਕਾਰ ਮਿਲੇ। ਪਰ ਅਫ਼ਸੋਸ ਦੀ ਗੱਲ ਹੈ ਕਿ ਅੱਜ ਦਾ ਪੰਜਾਬ ਗੰਭੀਰ ਚੁਣੌਤੀਆਂ ਨਾਲ ਜੂਝ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ਾਖੋਰੀ, ਬੇਰੁਜ਼ਗਾਰੀ, ਖੇਤੀਬਾੜੀ ਸੰਕਟ ਅਤੇ ਪ੍ਰਸ਼ਾਸਨਿਕ ਨਾਕਾਮੀਆਂ ਨੇ ਸੂਬੇ ਨੂੰ ਪਿੱਛੇ ਧੱਕ ਦਿੱਤਾ ਹੈ।ਕਰੀਮਪੁਰੀ ਨੇ ਪੰਜਾਬ ਦੀਆਂ ਮੌਜੂਦਾ ਚੁਣੌਤੀਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਬਸਪਾ ਵੱਲੋਂ ਵਿੱਢੀ ਗਈ ਪੰਜਾਬ ਸੰਭਾਲੋ ਮੁਹਿੰਮ ਦਾ ਮੁੱਖ ਮਕਸਦ ਸੂਬੇ ਨੂੰ ਮੁੜ ਲੀਹ 'ਤੇ ਲਿਆਉਣਾ ਅਤੇ ਸ਼ਹੀਦਾਂ ਦੇ ਸੁਪਨਿਆਂ ਵਾਲਾ ਪੰਜਾਬ ਸਿਰਜਣਾ ਹੈ।ਪੰਜਾਬ ਸੰਭਾਲੋ ਮੁਹਿੰਮ ਨਾਲ ਜੁੜ ਕੇ ਹੀ ਅਸੀਂ ਪੰਜਾਬ ਦੀ ਖੁਸ਼ਹਾਲੀ ਅਤੇ ਸ਼ਹੀਦਾਂ ਦੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲ ਸਕਦੇ ਹਾਂ।

# 23 ਲੋੜਵੰਦਾਂ ਦੀਆਂ ਅੱਖਾਂ ਦੇ ਫਰੀ ਅਪ੍ਰੇਸ਼ਨ ਕਰਵਾ ਕੇ ਸ਼ਹੀਦ ਭਗਤ ਸਿੰਘ ਨੂੰ ਦਿੱਤੀ ਸ਼ਰਧਾਂਜਲੀ

**ਫਗਵਾੜਾ (ਡਾ. ਰਮਨ)**- ਲਾਇਨਜ਼ ਕਲੱਬ ਫਗਵਾੜਾ ਵਿਸ਼ਵਾਸ ਵਲੋਂ ਕਲੱਬ ਪ੍ਰਧਾਨ ਲਾਇਨ ਅਸ਼ਵਨੀ ਸ਼ਰਮਾ ਦੀ ਪ੍ਰਧਾਨਗੀ ਅਤੇ ਪ੍ਰੋਜੈਕਟ ਚੇਅਰਮੈਨ ਲਾਇਨ ਚਮਨ ਲਾਲ ਦੀ ਯੋਗ ਅਗਵਾਈ ਹੇਠ ਸਵ. ਪਿਆਰਾ ਰਾਮ ਖੁੱਤਣ ਦੀ ਨਿੱਘੀ ਯਾਦ ਨੂੰ ਸਮਰਪਿਤ ਅੱਖਾਂ ਅਤੇ ਜਨਰਲ ਬਿਮਾਰੀਆਂ ਦਾ ਫਰੀ ਚੈਕਅੱਪ ਤੇ ਆਪ੍ਰੇਸ਼ਨ ਕੈਂਪ ਸਰਕਾਰੀ ਪ੍ਰਾਇਮਰੀ/ਮਿਡਲ ਸਕੂਲ ਪਿੰਡ ਖੇੜਾ ਵਿਖੇ ਸਮੂਹ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਲਗਾਇਆ ਗਿਆ ਜਿਸ ਦਾ ਉਦਘਾਟਨ ਲਾਇਨਜ਼



ਇੰਟਰਨੈਸ਼ਨਲ 321-ਡੀ ਦੇ ਸਾਬਕਾ ਡਿਸਟ੍ਰਿਕਟ ਗਵਰਨਰ ਲਾਇਨ ਪਰਮਜੀਤ ਸਿੰਘ ਚਾਵਲਾ ਅਤੇ ਲਾਇਨ ਆਰ ਕੇ ਚਾਵਲਾ ਨੇ ਸਾਂਝੇ ਤੌਰ 'ਤੇ ਕੀਤਾ। ਕਲੱਬ ਦੇ ਚਾਰਟਰ ਪ੍ਰਧਾਨ ਲਾਇਨ ਸੁਸ਼ੀਲ ਸ਼ਰਮਾ ਨੇ ਦੱਸਿਆ ਕਿ ਇਸ ਕੈਂਪ ਦੌਰਾਨ ਪਿਮਸ ਹਸਪਤਾਲ ਜਲੰਧਰ ਦੇ ਮਾਹਿਰ ਡਾਕਟਰਾਂ ਦੀ ਟੀਮ ਨੇ ਕਰੀਬ 430 ਮਰੀਜ਼ਾਂ ਦੇ ਬੀ.ਪੀ., ਸ਼ੁਗਰ ਸਮੇਤ ਹੋਰ ਜਨਰਲ ਬਿਮਾਰੀਆਂ ਦੀ ਜਾਂਚ ਕੀਤੀ। ਜਦਕਿ 200 ਤੋਂ ਵੱਧ ਅੱਖਾਂ ਦੇ ਮਰੀਜ਼ਾਂ ਦੀ ਜਾਂਚ ਕੀਤੀ ਗਈ। ਡਾਕਟਰਾਂ ਦੀ ਟੀਮ ਵਲੋਂ ਆਪ੍ਰੇਸ਼ਨ ਲਈ ਚੁਣੇ ਗਏ 23 ਮਰੀਜ਼ਾਂ ਦੀਆਂ ਅੱਖਾਂ ਦੀ ਫਰੀ ਸਰਜਰੀ ਕਰਕੇ ਫੋਲਡੇਬਲ ਲੈਨਜ ਪਾਏ ਗਏ। ਉਹਨਾਂ ਦੱਸਿਆ ਕਿ ਮਰੀਜਾਂ ਦੇ ਫਰੀ ਆਪ੍ਰੇਸ਼ਨ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਬਲਿਦਾਨ ਦਿਵਸ ਨੂੰ ਸਮਰਪਿਤ ਕਰਕੇ ਕਰਵਾਏ ਗਏ ਹਨ। ਇਸ ਮੌਕੇ ਕਲੱਬ ਸਕੱਤਰ ਲਾਇਨ ਬਲਵਿੰਦਰ ਸਿੰਘ, ਲਾਇਨ ਰਵੀ ਮੰਗਲ, ਲਾਇਨ ਪ੍ਰਦੀਪ ਸਿੰਘ, ਲਾਇਨ ਮੋਹਨ ਸਿੰਘ ਕੋਹਲੀ, ਲਾਇਨ ਇੰਦਰਜੀਤ ਸਿੰਘ ਆਦਿ ਵੀ ਹਾਜਰ ਸਨ।

## ਮੁੰਡੀਆਂ ਨੇ 14 ਉਮੀਦਵਾਰਾਂ ਨੂੰ ਤਰਸ ਦੇ ਆਧਾਰ 'ਤੇ ਨਿਯੁਕਤੀ ਪੱਤਰ ਸੌਂਪੇ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਪੰਜਾਬ ਦੇ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਇਥੇ ਪੰਜਾਬ ਭਵਨ ਵਿਖੇ ਵਿਭਾਗ ਵਿੱਚ ਤਰਸ ਦੇ ਆਧਾਰ 'ਤੇ 14 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ।ਵਿਭਾਗ ਵਿੱਚ ਸ਼ਾਮਲ ਹੋਏ ਨਵੇਂ ਉਮੀਦਵਾਰਾਂ ਨੂੰ ਵਧਾਈ ਦਿੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਵਿਭਾਗ ਵਿੱਚ ਗਰੁੱਪ 'ਸੀ' ਅਤੇ 'ਡੀ' ਦੀਆਂ ਇਹ ਨਿਯੁਕਤੀਆਂ ਸੂਬਾ ਸਰਕਾਰ ਦੀ ਨੀਤੀ ਤਹਿਤ ਕੀਤੀਆਂ ਗਈਆਂ ਹਨ, ਜੋ ਪ੍ਰਭਾਵਿਤ ਪਰਿਵਾਰਾਂ ਨੂੰ ਸਹਾਇਤਾ ਦੇਣ ਅਤੇ ਇਨ੍ਹਾਂ ਪਰਿਵਾਰਾਂ ਦੇ ਯੋਗ ਆਸ਼ਰਿਤਾਂ ਨੂੰ ਸਮੇਂ ਸਿਰ ਰੁਜ਼ਗਾਰ ਮੁਹੱਈਆ ਕਰਵਾਉਣ 'ਤੇ ਆਧਾਰਤ ਹੈ।

ਉਨ੍ਹਾਂ ਦੱਸਿਆ ਕਿ ਕੁੱਲ 14 ਉਮੀਦਵਾਰਾਂ ਵਿੱਚੋਂ ਦੋ ਨੂੰ ਕਲਰਕ, 9 ਨੂੰ ਸੇਵਾਦਾਰ, ਇੱਕ ਨੂੰ ਸਹਾਇਕ ਸੇਵਾਦਾਰ, ਇੱਕ ਨੂੰ ਜੂਨੀਅਰ ਟੈਕਨੀਸ਼ੀਅਨ ਅਤੇ ਇੱਕ ਨੂੰ ਸਹਾਇਕ (ਤਕਨੀਕੀ) ਵਜੋਂ ਨਿਯੁਕਤ ਕੀਤਾ ਗਿਆ ਹੈ।

## ਨਗਰ ਨਿਗਮ ਵੱਲੋਂ ਪ੍ਰਾਪਰਟੀ ਟੈਕਸ ਦੀ ਅਦਾਇਗੀ ਕਰਨ ਦੀ ਅਪੀਲ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਨਗਰ ਨਿਗਮ ਐੱਸ ਏ ਐੱਸ ਨਗਰ (ਮੋਹਾਲੀ) ਵਾਸਤੇ ਸ਼ਹਿਰ ਦੇ ਸਮੁੱਚੇ ਵਿਕਾਸ ਲਈ ਪ੍ਰਾਪਰਟੀ ਟੈਕਸ ਇੱਕ ਮਹੱਤਵਪੂਰਨ ਆਮਦਨੀ ਸਰੋਤ ਹੈ, ਜਿਸ ਰਾਹੀਂ ਸੜਕਾਂ ਦਾ ਸੁਧਾਰ, ਸਟਰੀਟ ਲਾਈਟਾਂ, ਪਾਰਕਾਂ ਦੀ ਦੇਖਭਾਲ ਅਤੇ ਸਾਫ਼-ਸਫਾਈ ਵਰਗੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਇਸ ਲਈ ਹਰ ਨਾਗਰਿਕ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣਾ ਪ੍ਰਾਪਰਟੀ ਟੈਕਸ ਸਮੇਂ ਸਿਰ ਜਮ੍ਹਾਂ ਕਰਵਾਏ।ਇਹ ਜਾਣਕਾਰੀ ਦਿੰਦਿਆਂ ਜੁਆਇੰਟ ਕਮਿਸ਼ਨਰ ਨਗਰ ਨਿਗਮ, ਮੋਹਾਲੀ, ਜਸਜੀਤ ਸਿੰਘ ਨੇ ਦੱਸਿਆ ਕਿ ਸਾਲ 2025-26 ਦਾ ਪ੍ਰਾਪਰਟੀ ਟੈਕਸ 10% ਜੁਰਮਾਨੇ ਸਮੇਤ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 31 ਮਾਰਚ ਨਿਰਧਾਰਿਤ ਕੀਤੀ ਗਈ ਹੈ।

## ਵਿਸ਼ਵ ਟੀ ਬੀ ਦਿਵਸ ਮੌਕੇ ਜਾਗਰੂਕਤਾ ਪ੍ਰੋਗਰਾਮ

**ਗੁਰਾਇਆ (ਬਿੰਦਰ ਸੁਮਨ)**- ਕਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵਿਖੇ ਵਿਸ਼ਵ ਟੀ.ਬੀ. ਦਿਵਸ ਮੌਕੇ ਲੋਕਾਂ ਨੂੰ ਟੀ.ਬੀ. ਬਿਮਾਰੀ ਬਾਰੇ ਜਾਗਰੂਕ ਕਰਨ ਲਈ ਇੱਕ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਪਰਮਜੀਤ ਸਿੰਘ ਨੇ ਲੋਕਾਂ ਨੂੰ ਟੀ.ਬੀ. ਦੇ ਕਾਰਨਾਂ, ਲੱਛਣਾਂ ਅਤੇ ਇਲਾਜ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ




ਟੀ.ਬੀ. ਇੱਕ ਫੈਲਣ ਵਾਲੀ ਬਿਮਾਰੀ ਹੈ ਜੋ ਮੁੱਖ ਤੌਰ 'ਤੇ ਫੇਫੜਿਆਂ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਖੰਘਣ ਜਾਂ ਛਿਕਣ ਨਾਲ ਹਵਾ ਰਾਹੀਂ ਫੈਲਦੀ ਹੈ। ਜੇ ਕਿਸੇ ਵਿਅਕਤੀ ਨੂੰ ਦੋ ਹਫ਼ਤੇ ਤੋਂ ਵੱਧ ਖੰਘ ਰਹੇ, ਬੁਖਾਰ, ਵਜ਼ਨ ਘਟਣਾ ਜਾਂ ਰਾਤ ਨੂੰ ਪਸੀਨਾ ਆਉਣ ਵਰਗੇ ਲੱਛਣ ਹੋਣ ਤਾਂ ਉਸ ਨੂੰ ਤੁਰੰਤ ਟੈਸਟ ਕਰਵਾਉਣਾ ਚਾਹੀਦਾ ਹੈ।ਡਾ. ਮਮਤਾ ਗੌਤਮ ਨੇ ਕਿਹਾ ਕਿ ਸਰਕਾਰ ਵੱਲੋਂ ਟੀ.ਬੀ. ਦਾ ਇਲਾਜ ਮੁਫ਼ਤ ਕੀਤਾ ਜਾਂਦਾ ਹੈ। ਬਲਾਕ ਐਜੂਕੇਟਰ ਪ੍ਰੀਤਇੰਦਰ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਟੀ.ਬੀ. ਦੇ ਲੱਛਣਾਂ ਨੂੰ ਨਜ਼ਰਅੰਦਾਜ਼ ਨਾ ਕੀਤਾ ਜਾਵੇ ਅਤੇ ਸਮੇਂ ਸਿਰ ਜਾਂਚ ਕਰਵਾਈ ਜਾਵੇ।ਇਸ ਮੌਕੇ ਮੈਡੀਕਲ ਅਫ਼ਸਰ ਡੈਂਟਲ ਡਾ ਅਵਿਨਾਸ਼ ਮੰਗੋਤਰਾ, ਹੈਲਥ ਸੁਪਰਵਾਈਜ਼ਰ ਸਤਨਾਮ ਸਿੰਘ ਅਤੇ ਹੈਲਥ ਸੁਪਰਵਾਈਜ਼ਰ ਕੁਲਦੀਪ ਵਰਮਾ ਨੇ ਵੀ ਲੋਕਾਂ ਨੂੰ ਟੀ.ਬੀ. ਤੋਂ ਬਚਾਅ ਅਤੇ ਸਹੀ ਇਲਾਜ ਬਾਰੇ ਜਾਗਰੂਕ ਕੀਤਾ।

# ਵਪਾਰੀਆਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਨਿਪਟਾਰਾ

**ਜ਼ੀਰਕਪੁਰ (ਕ੍ਰਿਸ਼ਨ ਗਰਗ)**- ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ ਦੀਆਂ ਹਦਾਇਤਾਂ ਤੇ ਵਿਧਾਨ ਸਭਾ ਹਲਕਾ ਡੇਰਾਬੱਸੀ ਦੇ ਪਟਿਆਲਾ ਰੋਡ, ਜ਼ੀਰਕਪੁਰ ਵਿਖੇ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਇੱਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਦੀ ਅਗਵਾਈ ਐਸ ਡੀ ਐਮ ਡੇਰਾਬੱਸੀ ਅਮਿਤ ਗੁਪਤਾ ਤੇ ਤਰਲੋਚਨ ਸਿੰਘ ਬੈਦਵਾਨ, ਵਾਈਸ ਚੇਅਰਮੈਨ, ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਮੋਹਾਲੀ ਅਤੇ ਜ਼ਿਲ੍ਹਾ ਪ੍ਰਧਾਨ ਟਰੇਡ ਵਿੰਗ ਮੋਹਾਲੀ ਵੱਲੋਂ ਕੀਤੀ ਗਈ।ਮੀਟਿੰਗ ਵਿੱਚ ਪਰਮਿੰਦਰ ਸਿੰਘ ਭੱਟੀ, ਈ.ਓ ਜ਼ੀਰਕਪੁਰ, ਸਮੀਰ ਕੁਮਾਰ, ਈ ਟੀ ਓ ਜੀ ਐੱਸ ਟੀ, ਮਮਤਾ, ਜੀ ਐੱਸ ਟੀ ਅਧਿਕਾਰੀ, ਗੁਰਜੋਤ ਸਿੰਘ, ਜੀ ਐੱਸ ਟੀ ਅਧਿਕਾਰੀ, ਰਾਮ ਸਿੰਘ ਰਾਣਾ, ਲੇਬਰ ਇੰਸਪੈਕਟਰ, ਮਨੋਜ ਕੁਮਾਰ, ਇੰਸਪੈਕਟਰ ਮਿਊਂਸਪਲ ਕਾਰਪੋਰੇਸ਼ਨ ਜ਼ੀਰਕਪੁਰ, ਗੁਰਪ੍ਰੀਤ ਸਿੰਘ ਵਿਰਕ, ਡਾਇਰੈਕਟਰ ਪੀ ਆਰ ਟੀ ਸੀ, ਅਸ਼ੋਕ ਕੁਮਾਰ, ਲੇਬਰ ਇੰਸਪੈਕਟਰ ਡੇਰਾ ਬੱਸੀ, ਰਜਨੀ ਗੁਪਤਾ, ਇੰਸਪੈਕਟਰ ਫੂਡ ਸਪਲਾਈ, ਕਰਨਲ ਅਮਰੀਕ ਸਿੰਘ ਭੁੱਲਰ, ਜ਼ਿਲ੍ਹਾ ਪ੍ਰਧਾਨ ਐਕਸ-ਸਰਵਿਸਮੈਨ ਮੋਹਾਲੀ, ਮਨਦੀਪ ਸਿੰਘ ਮਟੌਰ, ਪ੍ਰਧਾਨ ਐੱਸ ਸੀ ਵਿੰਗ ਮੋਹਾਲੀ, ਦਰਸ਼ਨ ਸਿੰਘ ਮਟੌਰ ਸਮੇਤ ਜ਼ੀਰਕਪੁਰ ਦੇ ਵੱਡੀ ਗਿਣਤੀ ਵਿੱਚ ਵਪਾਰੀ ਸ਼ਾਮਲ ਹੋਏ।ਮੀਟਿੰਗ ਦੌਰਾਨ ਵਪਾਰੀਆਂ ਵੱਲੋਂ ਆਪਣੀਆਂ ਵੱਖ-ਵੱਖ ਸਮੱਸਿਆਵਾਂ ਅਤੇ ਸੁਝਾਅ ਪ੍ਰਸ਼ਾਸਨ ਅੱਗੇ ਰੱਖੇ ਗਏ। ਮੌਜੂਦ ਅਧਿਕਾਰੀਆਂ ਵੱਲੋਂ ਇਨ੍ਹਾਂ ਮਸਲਿਆਂ ਦਾ ਤੁਰੰਤ ਸੰਵੇਦਨਸ਼ੀਲਤਾ ਨਾਲ ਨਿਪਟਾਰਾ ਕੀਤਾ ਗਿਆ ਅਤੇ ਕੁਝ ਮਾਮਲਿਆਂ ਵਿੱਚ ਮੌਕੇ 'ਤੇ ਹੀ ਹੱਲ ਮੁਹੱਈਆ ਕਰਵਾਏ ਗਏ। ਰਹਿ ਗਏ ਮਾਮਲੇ ਸਮਾਂ ਬੱਧ ਤਰੀਕੇ ਨਾਲ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ।

# ਸ਼ਰਧਾ ਮਾਤਾ ਮੰਦਰ ਸਾਧੂ ਨਗਰ ਦੇ ਚੇਅਰਮੈਨ ਬਣੇ ਰਾਕੇਸ਼ ਸ਼ਰਮਾ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਸਥਾਨਕ ਇਲਾਕੇ ਦੇ ਪ੍ਰਸਿੱਧ ਧਾਰਮਿਕ ਅਸਥਾਨ ਸ੍ਰੀ ਸ਼ਰਧਾ ਮਾਤਾ ਮੰਦਿਰ, ਸਾਧੂਨਗਰ ਵਿਖੇ ਇੱਕ ਵਿਸ਼ੇਸ਼ ਸਮਾਗਮ ਦੌਰਾਨ ਸੰਸਥਾ ਸ੍ਰੀ ਸ਼ਰਧਾ



ਮਾਤਾ ਪਰਵਾਰ ਵੱਲੋਂ ਇੱਕ ਅਹਿਮ ਫੈਸਲਾ ਲੈਂਦਿਆਂ ਉੱਘੇ ਸਮਾਜ ਸੇਵੀ ਰਾਕੇਸ਼ ਸ਼ਰਮਾ ਨੂੰ ਸਰਬਸੰਮਤੀ ਨਾਲ ਸੰਸਥਾ ਦਾ ਨਵਾਂ ਚੇਅਰਮੈਨ ਨਿਯੁਕਤ ਕੀਤਾ ਗਿਆ। ਸਮਾਗਮ ਦੌਰਾਨ ਸੰਸਥਾ ਦੇ ਪ੍ਰਧਾਨ ਰਾਕੇਸ਼ ਅਚਿੰਤ ਅਤੇ ਸਮੂਹ ਮੈਂਬਰਾਂ ਨੇ ਰਾਕੇਸ਼ ਸ਼ਰਮਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ। ਨਵੀਂ ਜ਼ਿੰਮੇਵਾਰੀ ਸੌਂਪਣ ਤੋਂ ਬਾਅਦ ਪ੍ਰਧਾਨ ਰਾਕੇਸ਼ ਅਚਿੰਤ ਨੇ ਰਾਕੇਸ਼ ਸ਼ਰਮਾ ਦਾ ਮੂੰਹ ਮਿੱਠਾ ਕਰਵਾ ਕੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਮਾਹੌਲ ਬਹੁਤ ਹੀ ਉਤਸ਼ਾਹਜਨਕ ਅਤੇ ਸ਼ਰਧਾ ਭਰਿਆ ਸੀ। ਹਾਜ਼ਰ ਮੈਂਬਰਾਂ ਨੇ ਫੁੱਲਾਂ ਦੇ ਹਾਰ ਪਾ ਕੇ ਅਤੇ ਮਠਿਆਈਆਂ ਵੰਡ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਆਪਣੀ ਨਿਯੁਕਤੀ 'ਤੇ ਗੱਲਬਾਤ ਕਰਦਿਆਂ ਰਾਕੇਸ਼ ਸ਼ਰਮਾ ਨੇ ਵਿਸ਼ਵਾਸ ਦਵਾਇਆ ਕਿ ਉਹ ਸੰਸਥਾ ਦੇ ਸਮੂਹ ਮੈਂਬਰਾਂ ਦੀਆਂ ਉਮੀਦਾਂ 'ਤੇ ਖਰੇ ਉਤਰਨਗੇ ਤੇ ਸਭਾ ਦੇ ਸਹਿਯੋਗ ਨਾਲ ਧਾਰਮਿਕ ਤੇ ਸਮਾਜ ਭਲਾਈ ਦੇ ਕਾਰਜਾਂ ਨੂੰ ਨਵੀਆਂ ਉਚਾਈਆਂ 'ਤੇ ਲੈ ਕੇ ਜਾਣਗੇ।ਸਮਾਗਮ ਵਿੱਚ ਇਲਾਕੇ ਦੇ ਕਈ ਪਤਵੰਤੇ ਸੱਜਣ ਅਤੇ ਮੰਦਿਰ ਕਮੇਟੀ ਦੇ ਮੈਂਬਰ ਸ਼ਾਮਲ ਹੋਏ। ਹਾਜ਼ਰ ਮੈਂਬਰਾਂ ਵਿੱਚ ਸੰਦੀਪ ਭਟਨਾਗਰ, ਤੁਸ਼ਾਰ ਕੌਸ਼ਿਕ, ਸੁਮਿਤ ਵਰਮਾ, ਅਮਰੀਸ਼ ਭੱਲਾ, ਪ੍ਰਕਾਸ਼ ਕੁਮਾਰ, ਜਤਿਨ ਧੀਮਾਨ ਅਤੇ ਹੋਰ ਕਈ ਮੈਂਬਰਾਂ ਨੇ ਰਾਕੇਸ਼ ਸ਼ਰਮਾ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਕਾਰਜਕਾਲ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਸੰਜੀਵ ਤਲਵਾੜ ਸਾਥੀਆਂ ਸਮੇਤ ਪ੍ਰਾਚੀਨ ਭੂਤਗਿਰੀ ਮੰਦਰ ਵਿਖੇ ਹੋਏ ਨਤਮਸਤਕ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸੰਜੀਵ ਤਲਵਾੜ ਆਪਣੇ ਸਾਥੀਆਂ ਸਮੇਤ ਸਥਾਨਕ ਪ੍ਰਾਚੀਨ ਭੂਤਗਿਰੀ



ਮੰਦਰ ਵਿਖੇ ਨਤਮਸਤਕ ਹੋਏ ਅਤੇ ਪਰਮਾਤਮਾ ਦਾ ਅਸ਼ੀਰਵਾਦ ਲਿਆ। ਇਸ ਮੌਕੇ ਉਨ੍ਹਾਂ ਦੇ ਨਾਲ ਸਾਬਕਾ ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ, ਸਾਬਕਾ ਐਮ.ਸੀ. ਵਿਕਰਮਜੀਤ ਸਿੰਘ ਕਲਸੀ, ਸੰਤੋਖ ਸਿੰਘ ਔਜਲਾ, ਨਰਿੰਦਰ ਸਿੰਘ ਅਤੇ ਨੀਤੀ ਤਲਵਾੜ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਮੱਥਾ ਟੇਕਣ ਉਪਰੰਤ ਗੱਲਬਾਤ ਕਰਦਿਆਂ ਸੰਜੀਵ ਤਲਵਾੜ ਨੇ ਕਿਹਾ ਕਿ ਉਹ ਪੰਜਾਬ ਵਿੱਚ ਅਮਨ-ਸ਼ਾਂਤੀ, ਆਪਸੀ ਭਾਈਚਾਰਾ ਬਣਿਆ ਰਹਿਣ ਅਤੇ ਸਮੂਹ ਪੰਜਾਬੀਆਂ ਦੀ ਤੰਦਰੁਸਤੀ ਦੀ ਅਰਦਾਸ ਕਰਨ ਲਈ ਮੰਦਰ ਪਹੁੰਚੇ ਹਨ। ਉਨ੍ਹਾਂ ਨੇ ਹੁਸ਼ਿਆਰਪੁਰ ਦੇ ਵਿਕਾਸ ਦਾ ਰੋਡਮੈਪ ਸਾਂਝਾ ਕਰਦਿਆਂ ਕਿਹਾ ਕਿ ਹੁਸ਼ਿਆਰਪੁਰ ਛੋਟੀ ਕਾਸ਼ੀ ਵਜੋਂ ਜਾਣਿਆ ਜਾਂਦਾ ਹੈ ਅਤੇ ਇਸ ਨੂੰ ਧਾਰਮਿਕ ਟੂਰਿਜ਼ਮ ਦੇ ਤੌਰ 'ਤੇ ਵਿਕਸਤ ਕਰਨਾ ਮੇਰੀ ਪਹਿਲੀ ਪ੍ਰਾਥਮਿਕਤਾ ਰਹੇਗੀ।ਇਸ ਦੌਰਾਨ ਮੰਦਰ ਦੇ ਪੁਜਾਰੀ ਸ਼ਾਮ ਪੰਡਤ ਨੇ ਸੰਜੀਵ ਤਲਵਾੜ ਅਤੇ ਉਨ੍ਹਾਂ ਦੇ ਪਰਵਾਰ ਵੱਲੋਂ ਸਮਾਜ ਭਲਾਈ ਦੇ ਖੇਤਰ ਵਿੱਚ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਲੋਕ ਉਨ੍ਹਾਂ ਦੇ ਨੇਕ ਕੰਮਾਂ ਨੂੰ ਹਮੇਸ਼ਾ ਯਾਦ ਰੱਖਦੇ ਹਨ। ਸਮਾਗਮ ਦੇ ਅਖੀਰ ਵਿੱਚ ਮੰਦਰ ਪ੍ਰਬੰਧਕ ਕਮੇਟੀ ਵੱਲੋਂ ਸੰਜੀਵ ਤਲਵਾੜ ਅਤੇ ਉਨ੍ਹਾਂ ਦੇ ਨਾਲ ਆਏ ਸਮੂਹ ਪਤਵੰਤੇ ਸੱਜਣਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਵਿਕਾਸ ਸ਼ਰਮਾ, ਪਰਵੀਨ ਗੁਪਤਾ ਕ੍ਰਿਸ਼ਨਾ ਚੋਬੇ, ਪ੍ਰਦੀਪ ਡੋਗਰਾ, ਰਜੀਵ ਕੁਮਾਰ ਤੇ ਬਾਕੀ ਸਾਥੀ ਵੀ ਹਾਜ਼ਰ ਸਨ।

## ਖ਼ੂਨਦਾਨ ਕੈਂਪ 'ਚ 60 ਯੂਨਿਟ ਖ਼ੂਨ ਇਕੱਤਰ

**ਦਸੂਹਾ (ਕਰਨੈਲ ਮਾਂਗਟ)**- ਪੰਚਾਇਤ ਸੰਮਤੀ ਸਟੇਡੀਅਮ ਦਸੂਹਾ ਵਿਖੇ ਅੰਤਰਰਾਸ਼ਟਰੀ ਮਹਾਨ ਸੰਤ ਸੰਮੇਲਨ ਅਤੇ ਕੀਰਤਨ ਦਰਬਾਰ ਦੌਰਾਨ ਬਲੱਡ ਡੋਨਰ ਸੁਸਾਇਟੀ ਦਸੂਹਾ ਵੱਲੋਂ ਪੰਚਾਇਤ ਸੰਮਤੀ ਸਟੇਡੀਅਮ ਦਸੂਹਾ ਵਿਖੇ ਸੰਤ ਜਸਪਾਲ ਸਿੰਘ ਓਡਰਾ ਵਾਲਿਆਂ ਸਹਿਯੋਗ



ਨਾਲ 205ਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ। ਜਿਸ ਵਿਚ 60 ਯੂਨਿਟ ਬਲੱਡ ਓਹਰੀ ਬਲੱਡ ਸੈਂਟਰ ਜਲੰਧਰ ਦੀ ਟੀਮ ਵੱਲੋਂ ਇਕੱਠਾ ਕੀਤਾ ਗਿਆ। ਇਸ ਕੈਂਪ ਵਿੱਚ ਔਰਤਾਂ ਵੱਲੋਂ ਭਾਰੀ ਉਤਸ਼ਾਹ ਦਿਖਾਇਆ ਗਿਆ ਅਤੇ ਖ਼ੂਨਦਾਨ ਕੀਤਾ ਗਿਆ। ਇਸ ਮੌਕੇ ਸੰਤਾਂ ਮਹਾਪੁਰਸ਼ਾਂ ਵੱਲੋਂ ਵੀ ਸ਼ਿਰਕਤ ਕੀਤੀ ਗਈ। ਇਸ ਮੌਕੇ ਬਲੱਡ ਡੋਨਰ ਸੁਸਾਇਟੀ ਦਸੂਹਾ ਦੇ ਪ੍ਰਧਾਨ ਪਰਮਿੰਦਰ ਸਿੰਘ ਬਬਲੂ ਤੇ ਕੈਂਪ ਇੰਚਾਰਜ ਸਿਮਰਨ ਸੰਧੂ ਤੋਂ ਇਲਾਵਾ ਇਸਤਰੀ ਵਿੰਗ ਦੇ ਪ੍ਰਧਾਨ ਬਲਵਿੰਦਰ ਕੌਰ ਲਗਾਣਾ, ਪ੍ਰੈਸ ਸੈਕਟਰੀ ਲੰਬੜਦਾਰ ਤਜਿੰਦਰ ਸਿੰਘ, ਦੀਪ ਰੋਨੀ, ਅਭਿਸ਼ੇਕ ਸ਼ਰਮਾ, ਸੰਨੀ ਅਰੋੜਾ, ਮਨਪ੍ਰੀਤ ਸਿੰਘ, ਬਾਬਾ ਸੁਖਵਿੰਦਰ ਸਿੰਘ ਓਡਰਾ ,ਗੁਰਪ੍ਰੀਤ ਸਿੰਘ ਓਡਰਾ ਆਦਿ ਹਾਜ਼ਰ ਸਨ।

# ਡਾ. ਨੀਨਾ ਸੈਣੀ ਦਾ ਕਾਵਿ ਸੰਗ੍ਰਿਹ 'ਦਿਲ ਦਰਗਾਹ' ਲੋਕ ਅਰਪਣ

**ਚੰਡੀਗੜ੍ਹ (ਸੁਰਜੀਤ ਸੁਮਨ)**- ਪੰਜਾਬੀ ਲੇਖਕ ਸਭਾ ਚੰਡੀਗੜ੍ਹ ਨੇ ਪੰਜਾਬ ਕਲਾ ਭਵਨ ਵਿਖੇ ਇੱਕ ਭਰਵੇਂ ਸਮਾਗਮ ਵਿੱਚ ਉੱਘੀ ਲੇਖਿਕਾ ਡਾ. ਨੀਨਾ ਸੈਣੀ ਦੇ ਨਵੇਂ



ਕਾਵਿ-ਸੰਗ੍ਰਿਹ 'ਦਿਲ ਦਰਗਾਹ' ਨੂੰ ਰਿਲੀਜ਼ ਕੀਤਾ ਤੇ ਇਸ ਤੇ ਬੜੀ ਸਾਰਥਕ ਵਿਚਾਰ ਚਰਚਾ ਕਰਵਾਈ ਗਈ। ਇਸ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਪ੍ਰਸਿੱਧ ਸਾਹਿਤਕਾਰਾ ਡਾ. ਗੁਰਮਿੰਦਰ ਸਿੱਧੂ ਅਤੇ ਵਿਸ਼ੇਸ਼ ਮਹਿਮਾਨ ਵਜੋਂ ਨਾਮਵਰ ਆਲੋਚਕ ਅਤੇ ਲੇਖਿਕਾ ਡਾ. ਯਤਿੰਦਰ ਮਾਹਲ ਨੇ ਸ਼ਿਰਕਤ ਕੀਤੀ, ਜਦਕਿ ਪੁਸਤਕ 'ਤੇ ਪਰਚਾ ਪ੍ਰਸਿੱਧ ਆਲੋਚਕ ਅਤੇ ਪੰਜਾਬੀ ਵਿਸ਼ੇ ਦੇ ਮਾਹਿਰ ਡਾ. ਸੁਖਜਿੰਦਰ ਸਿੰਘ ਨੇ ਪੜ੍ਹਿਆ। 'ਦਿਲ ਦਰਗਾਹ' ਦੇ ਲੋਕ-ਅਰਪਣ ਸਮੇਂ ਲੇਖਿਕਾ ਡਾ. ਨੀਨਾ ਸੈਣੀ ਤੋਂ ਇਲਾਵਾ ਡਾ. ਗੁਰਮਿੰਦਰ ਸਿੱਧੂ, ਡਾ. ਯਤਿੰਦਰ ਮਾਹਲ, ਡਾ. ਸੁਖਜਿੰਦਰ ਸਿੰਘ, ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦੀਪਕ ਸ਼ਰਮਾ ਚਨਾਰਥਲ, ਜਨਰਲ ਸਕੱਤਰ ਭੁਪਿੰਦਰ ਸਿੰਘ ਮਲਿਕ, ਅਜੀਤ ਸਿੰਘ ਧਨੋਤਾ, ਟਿਨਜੀਤ ਧਨੋਤਾ, ਡਾ. ਜੋਤਵੀਰ ਦੰਦੀਵਾਲ ਅਤੇ ਨਰਿੰਦਰ ਸਿੰਘ ਸੈਣੀ ਸ਼ਾਮਿਲ ਹੋਏ। ਡਾ. ਨੀਨਾ ਸੈਣੀ ਦੀ ਇਹ ਸੱਤਵੀਂ ਮੌਲਿਕ ਪੁਸਤਕ ਹੈ। ਹੁਣ ਤੱਕ ਉਹਨਾਂ ਦੀਆਂ ਛਪੀਆਂ ਕਿਤਾਬਾਂ ਵਿੱਚ ਕਾਵਿ-ਸੰਗ੍ਰਿਹ, ਕਹਾਣੀ ਸੰਗ੍ਰਿਹ, ਸ਼ਿਅਰ-ਸੰਗ੍ਰਿਹ ਅਤੇ ਜੀਵਨੀ ਸ਼ਾਮਿਲ ਹਨ। ਇਸ ਤੋਂ ਇਲਾਵਾ ਉਹਨਾਂ ਨੇ ਤੇਰਾਂ ਸਾਂਝੀਆਂ ਕਿਤਾਬਾਂ ਵਿੱਚ ਵੀ ਕਲਮਸਾਜ਼ੀ ਕੀਤੀ ਹੈ। ਜ਼ਿਕਰਯੋਗ ਹੈ ਕਿ ਸੇਵਾ ਮੁਕਤ ਅਧਿਆਪਕਾ ਨੀਨਾ ਸੈਣੀ ਇੱਕ ਲੇਖਿਕਾ ਹੋਣ ਦੇ ਨਾਲ ਜੋਤਿਸ਼ੀ, ਟੈਰੋ ਕਾਰਡ ਰੀਡਰ, ਵਾਸਤੂ ਮਾਹਿਰ ਅਤੇ ਰੇਕੀ ਗ੍ਰੈਂਡ ਮਾਸਟਰ ਵੀ ਹਨ। ਸਮਾਗਮ ਵਿਚ ਆਏ ਪ੍ਰਾਹੁਣਿਆਂ ਦਾ ਸਵਾਗਤ ਕਰਦਿਆਂ ਸਭਾ ਦੀ ਸਕੱਤਰ ਸਿਮਰਜੀਤ ਗਰੇਵਾਲ ਨੇ ਕਿਹਾ ਕਿ ਨੀਨਾ ਸੈਣੀ ਦੀ ਕਲਮ ਭਾਵਨਾਵਾਂ ਅਤੇ ਸੰਭਾਵਨਾਵਾਂ ਨਾਲ ਭਰੀ ਹੋਈ ਹੈ।ਮੰਚ ਸੰਚਾਲਨ ਕਰਦਿਆਂ ਜਨਰਲ ਸਕੱਤਰ ਭੁਪਿੰਦਰ ਸਿੰਘ ਮਲਿਕ ਨੇ ਉਮੀਦ ਜ਼ਾਹਿਰ ਕੀਤੀ ਕਿ ਆਉਣ ਵਾਲ਼ੇ ਸਮੇਂ ਵਿੱਚ ਵੀ ਨੀਨਾ ਸੈਣੀ ਇਸੇ ਤਰਾਂ ਚੰਗੀਆਂ ਸਾਹਿਤਕ ਕਿਰਤਾਂ ਸਿਰਜਦੇ ਰਹਿਣਗੇ।

# ਕਬੱਡੀ ਟੂਰਨਾਮੈਂਟ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ

**ਨਕੋਦਰ (ਮਨਜੀਤ ਮਾਨ)**- ਤਹਿਸੀਲ ਨਕੋਦਰ ਅਧੀਨ ਪੈਂਦੇ ਪਿੰਡ ਚੂਹੜ ਜ਼ਿਲ੍ਹਾ ਜਲੰਧਰ ਵਿਖੇ ਧੰਨ ਧੰਨ ਬਾਬਾ ਕਲੀਰ ਸਪੋਰਟਸ ਐਂਡ ਵੈਲਫੇਅਰ ਕਲੱਬ ਵੱਲੋਂ ਸਵਰਗਵਾਸੀ ਪਿਆਰਾ ਲਾਲ ਵਸ਼ਿਸ਼ਟ, ਸਵਰਗਵਾਸੀ ਇੰਦਰਾਂ ਦੇਵੀ, ਸਵਰਗਵਾਸੀ ਰੁਲਦੂ ਰਾਮ ਗਿੱਲ, ਸਵਰਗਵਾਸੀ ਸ਼ਿਵ ਕੁਮਾਰ ਦੀ ਨਿੱਘੀ ਯਾਦ ਨੂੰ ਸਮਰਪਤ ਕਬੱਡੀ ਟੂਰਨਾਮੈਂਟ ਬਾਬਾ ਕਲੀਰ ਸਪੋਰਟਸ ਐਂਡ ਵੈਲਫੇਅਰ ਕਲੱਬ ਵੱਲੋਂ ਪਿੰਡ ਚੂਹੜ ਦੇ ਖੇਡ ਮੈਦਾਨ ਵਿੱਚ ਪਿੰਡ, ਨਗਰ ਨਿਵਾਸੀਆਂ ਤੇ ਐਨ ਆਰ ਆਈਜ਼ ਦੇ ਸਹਿਯੋਗ ਨਾਲ ਉੱਘੇ ਸਮਾਜ ਸੇਵਕ ਰਜਨੀਸ਼ ਗੋਤਮ ਤੇ ਸਪੋਰਟਸ ਕਲੱਬ ਦੇ ਪ੍ਰਧਾਨ ਸੋਰਵ ਗੋਤਮ, ਸਪੋਰਟਸ ਕਲੱਬ ਦੇ ਸਰਪ੍ਰਸਤ ਰਾਮ ਲੁਭਾਇਆ ਕੈਨੇਡਾ, ਡਾਇਆਮੰਡ ਸਪਾਂਸਰ ਅਸ਼ਵਨੀ ਭਾਰਦਵਾਜ ਦੀ ਰਹਿਨੁਮਾਈ ਹੇਠ ਪੰਜਾਬ ਯੁੱਧ ਨਸ਼ਿਆਂ ਦੇ ਵਿਰੁੱਧ ਬੈਨਰ ਹੇਠ ਕਰਵਾਇਆ ਗਿਆ। ਕਬੱਡੀ ਟੂਰਨਾਮੈਂਟ ਦਾ ਉਦਘਾਟਨ ਰਾਮ ਲੁਭਾਇਆ ਨਿਊਜ਼ੀਲੈਂਡ ਤੇ ਸਮੂਹ ਟੂਰਨਾਮੈਂਟ ਪ੍ਰਬੰਧਕ ਕਮੇਟੀ ਵੱਲੋਂ ਸਾਂਝੇ ਤੌਰ ਤੇ ਕੀਤਾ ਗਿਆ। ਮੁੱਖ ਮਹਿਮਾਨ ਵਜੋਂ ਬਾਲ ਯੋਗੀ ਸੰਤ ਬਾਬਾ ਪ੍ਰਗਟ ਨਾਥ ਚੇਅਰਮੈਨ ਸ੍ਰੀ ਰਾਮ ਤੀਰਥ ਸ਼ਰਾਈਨ ਬੋਰਡ ਅੰਮ੍ਰਿਤਸਰ,



ਅਮਨਸ਼ੇਰ ਸਿੰਘ ਕਲਸੀ ਸ਼ੈਰੀ ਉੱਪਪ੍ਰਧਾਨ ਆਮ ਆਦਮੀ ਪਾਰਟੀ ਐਮ ਐਲ ਏ, ਬੀਬੀ ਇੰਦਰਜੀਤ ਕੌਰ ਮਾਨ ਹਲਕਾ ਵਿਧਾਇਕਾ ਨਕੋਦਰ ਤੇ ਉਂਕਾਰ ਸਿੰਘ ਬਰਾੜ ਡੀ ਐਸ ਪੀ ਸਬ ਡਵੀਜ਼ਨ ਨਕੋਦਰ ਵੱਲੋਂ ਸਾਂਝੇ ਤੌਰ ਤੇ ਕੀਤਾ ਗਿਆ। ਇਸ ਮੌਕੇ ਕਬੱਡੀ ਓਪਨ ਵਿਚ ਸ੍ਰੀ ਬੇਰ ਸਾਹਿਬ ਕਬੱਡੀ ਕਲੱਬ ਕਪੂਰਥਲਾ ਨੇ ਡੇਢ ਲੱਖ ਰੁਪਏ ਤੇ ਇੱਕ ਟਰਾਫੀ ਦੂਸਰਾ ਇਨਾਮ ਐਨ ਆਰ ਆਈਜ਼ ਕਬੱਡੀ ਕਲੱਬ ਨਕੋਦਰ ਨੇ ਇੱਕ ਲੱਖ ਰੁਪਏ ਤੇ ਇੱਕ ਟਰਾਫੀ ਜਿੱਤ ਕੇ ਦੂਸਰਾ ਸਥਾਨ ਪ੍ਰਾਪਤ ਕੀਤਾ। ਕਬੱਡੀ ਦੀ ਕੁਮੈਂਟਰੀ ਪ੍ਰਸਿੱਧ ਕਬੱਡੀ ਕੁਮੇਂਟੇਟਰਜ ਅਮਰੀਕ ਖੋਸਾ, ਰੁਪਿੰਦਰ ਜਲਾਲ,ਰਾਜਨ ਕਲਿਆਣ ਤੇ ਅਮਨ ਚਿੱਟੀ ਵੱਲੋਂ ਆਪਣੇ ਪ੍ਰਭਾਵਸ਼ਾਲੀ ਟੋਟਕਿਆਂ ਨਾਲ ਖੇਡ ਮੇਲੇ ਨੂੰ ਪੂਰੇ ਜੋਬਨ ਤੇ ਪਹੁੰਚਾ ਦਿੱਤਾ। ਬਾਬਾ ਹਰੀ ਸਿੰਘ ਖਾਲਸਾ ਕਲਿਆਣਪੁਰ, ਦਰਸ਼ਨ ਸਿੰਘ ਟਾਹਲੀ, ਮੀਨਾ ਕੇ ਪੁਵਾਰ, ਅਮਰਜੀਤ ਸਿੰਘ ਮਠਾੜੂ ਸਾਬੂ ਸਰਪੰਚ , ਦੀਨਾ ਨਾਥ ਘਈ ਮੱਲ੍ਹੀਆ ਖੁਰਦ, ਮਨੋਹਰ ਬੈਂਸ ਹੇਰਾਂ, ਜਸਵਿੰਦਰ ਸਿੰਘ ਜੱਸਾ ਰਹੀਮਪੁਰ, ਨੀਟੂ ਕੰਗ, ਉੱਘੇ ਸਮਾਜ ਸੇਵਕ ਭੁਵਨੇਸ਼ ਕੰਡਾ, ਮੀਕਾ ਸਿੱਧੂ ਯੂ ਕੇ, ਜ਼ੋਰਾਵਰ ਸਿੰਘ ਰਹੀਮਪੁਰ, ਪੱਤਰਕਾਰ ਬਲਵਿੰਦਰ ਸਿੰਘ ਧਾਲੀਵਾਲ, ਹਰਜਿੰਦਰ ਸਿੰਘ ਉਰਫ਼ ਡਿਪਟੀ ਮਾਨ ਦਾ ਵੀ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਪਿੰਡ ਚੂਹੜ ਦਾ ਸਾਲਾਨਾ ਕਬੱਡੀ ਟੂਰਨਾਮੈਂਟ ਆਪਣੀਆਂ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ ਹੋਇਆ।

## ਅੱਠਵੀਂ ਤੋਂ ਬਾਰ੍ਹਵੀਂ ਸ਼੍ਰੇਣੀਆਂ 'ਚ ਦਾਖਲਾ 1 ਅਪ੍ਰੈਲ ਤੋਂ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਰਕਾਰੀ/ਏਡਿਡ/ਐਫੀਲੀਏਟਿਡ ਅਤੇ ਐਸੋਸੀਏਟਿਡ ਸਕੂਲ ਮੁਖੀਆਂ ਅਤੇ ਪੰਜਾਬ ਰਾਜ ਦੇ ਸਮੂਹ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅਕ9ਾਦਮਿਕ ਸਾਲ 2026-27 ਲਈ ਅੱਠਵੀਂ ਤੋਂ ਬਾਰ੍ਹਵੀਂ ਸ਼੍ਰੇਣੀਆਂ ਵਿੱਚ ਰੈਗੂਲਰ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਵਾਸਤੇ ਦਾਖਲੇ ਦੀਆਂ ਮਿਤੀਆਂ 1 ਅਪ੍ਰੈਲ 2026 ਤੋਂ 15 ਅਗਸਤ 2026 ਤੱਕ ਨਿਰਧਾਰਿਤ ਕੀਤੀਆਂ ਗਈਆਂ ਹਨ।

## ਭਗਵਾਨ ਮਹਾਂਵੀਰ ਜੈਯੰਤੀ ਮੌਕੇ 31 ਨੂੰ ਮੀਟ ਦੀਆਂ ਦੁਕਾਨਾਂ ਤੇ ਬੁੱਚੜਖਾਨੇ ਬੰਦ ਰੱਖਣ ਦੇ ਹੁਕਮ



**ਨਵਾਂਸ਼ਹਿਰ, (ਮਨੋਜ ਲਾਡੀ)**- ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ 31 ਮਾਰਚ ਨੂੰ ਭਗਵਾਨ ਮਹਾਂਵੀਰ ਜੈਯੰਤੀ ਦੇ ਮੌਕੇ 'ਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਮੀਟ ਦੀਆਂ ਦੁਕਾਨਾਂ ਅਤੇ ਬੁੱਚੜਖਾਨਾ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਹਨ।ਇਹ ਦਿਨ ਸਾਰੇ ਦੇਸ਼ ਵਿਚ ਅਹਿੰਸਾ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਇਸ ਲਈ ਜ਼ਿਲ੍ਹੇ ਵਿੱਚ ਮੀਟ ਦੀਆਂ ਦੁਕਾਨਾਂ ਅਤੇ ਸਲਾਟਰ ਹਾਊਸ ਬੰਦ ਕਰਨ ਦਾ ਹੁਕਮ ਜਾਰੀ ਕੀਤਾ ਗਿਆ ਹੈ।

# ਸੀ ਪੀ ਆਈ ਐੱਮ ਐੱਲ ਵਲੋਂ ਖੱਟਕੜ ਕਲਾਂ 'ਚ ਸਿਆਸੀ ਕਾਨਫਰੰਸ

**ਬੰਗਾ (ਅਵਤਾਰ ਕਲੇਰ)**- ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ ) ਨਿਊਡੈਮੋਕ੍ਰੇਸੀ ਵਲੋਂ ਖੱਟਕੜ ਕਲਾਂ ਵਿਖੇ ਸਿਆਸੀ ਕਾਨਫਰੰਸ ਕਰਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਰਧਾਂਜਲੀਆਂ



ਭੇਟ ਕੀਤੀਆਂ ਗਈਆਂ। ਸ਼ਹੀਦ ਭਗਤ ਦੇ ਬੁੱਤ 'ਤੇ ਫੁੱਲ ਪੱਤੀਆਂ ਭੇਟ ਕਰਨ ਉਪਰੰਤ ਕੀਤੀ ਗਈ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਦੀ ਪੰਜਾਬ ਇਕਾਈ ਦੇ ਸੀਨੀਅਰ ਆਗੂ ਕਾਮਰੇਡ ਦਰਸ਼ਨ ਸਿੰਘ ਖਟਕੜ, ਕੁਲਵਿੰਦਰ ਸਿੰਘ ਵੜੈਚ ਅਤੇ ਦਲਜੀਤ ਸਿੰਘ ਐਡਵੋਕੇਟ ਨੇ ਕਿਹਾ ਕਿ ਸਾਮਰਾਜੀ ਜਕੜ ਤੋੜਨ ਲਈ ਤਿੱਖੇ ਸੰਘਰਸ਼ ਲੜਨ ਦੀ ਲੋੜ ਹੈ। ਇਸ ਦੀ ਤਾਜ਼ਾ ਉਦਾਹਰਣ ਇਰਾਨ ਕੋਲੋਂ ਅਮਰੀਕਨ ਸਾਮਰਾਜ ਅਤੇ ਜਿਓਂਨਵਾਦੀ ਇਜ਼ਰਾਈਲ ਵਿਰੁੱਧ ਖੜ੍ਹਨ ਦੀ ਹੈ ਜਿਸ ਨੇ ਝੁੱਕਣ ਦੀ ਥਾਂ ਲੜਨ ਨੂੰ ਤਰਜੀਹ ਦਿੱਤੀ।ਉਹਨਾਂ ਕਿਹਾ ਕਿ ਕੇਂਦਰ ਦੀ ਆਰ ਐੱਸ ਐੱਸ ਭਾਜਪਾ ਸਰਕਾਰ ਫਾਸ਼ੀਵਾਦੀ ਅਤੇ ਹਿੰਦੂਤਵੀ ਅਜੰਡੇ ਲਾਗੂ ਕਰ ਰਹੀ ਹੈ।ਇਸ ਦੇ ਲਈ ਇਹ ਜਮਹੂਰੀ ਅਤੇ ਸੰਵਿਧਾਨਕ ਕਦਰਾਂ ਕੀਮਤਾਂ ਨੂੰ ਪੈਰਾਂ ਹੇਠ ਰੋਲ ਰਹੀ ਹੈ। ਮੋਦੀ ਸਰਕਾਰ ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡ ਲਾਗੂ ਕਰਨ ਜਾ ਰਹੀ ਹੈ ਜਿਸ ਦਾ ਤਿੱਖਾ ਵਿਰੋਧ ਕਰਨਾ ਚਾਹੀਦਾ ਹੈ। ਬਿਜਲੀ ਬਿੱਲ 2025 ਰਾਹੀਂ ਬਿਜਲੀ ਦਾ ਨਿੱਜੀਕਰਨ ਕਰਨ, ਤੋਂ ਇਲਾਵਾ ਅਮਰੀਕਾ ਨਾਲ ਵਪਾਰਕ ਸਮਝੌਤਾ ਕਰਕੇ ਦੇਸ਼ ਦੇ ਹਿੱਤਾਂ ਨੂੰ ਅਮਰੀਕਨ ਸਾਮਰਾਜ ਕੋਲ ਗਹਿਣੇ ਧਰ ਰਹੀ ਹੈ।ਇਸ ਮੌਕੇ ਮਾਨਵਤਾ ਕਲਾ ਕੇਂਦਰ ਨਗਰ ਵੱਲੋਂ ਨਾਟਕ ਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ।

# ਕਲਯੁੱਗ 'ਚ ਪ੍ਰਮਾਤਮਾ ਦਾ ਨਾਮ ਸਿਮਰਨ ਹੀ ਮਨੁੱਖ ਦਾ ਅਸਲ ਸਰਮਾਇਆ : ਪਰਾਸ਼ਰ

**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ੍ਰੀ ਆਨੰਦਪੁਰ ਸਾਹਿਬ ਵਿਧਾਨ ਸਭਾ ਹਲਕੇ ਦੇ ਪਿੰਡ ਗੰਭੀਰਪੁਰ ਉਪਰਲਾ ਵਿਖੇ ਕਰਵਾਈ ਜਾ ਰਹੀ 'ਸ੍ਰੀ ਮੱਦ ਭਾਗਵਤ ਕਥਾ' ਦੇ ਪਾਵਨ ਮੌਕੇ 'ਤੇ ਸੰਗਤਾਂ ਨੂੰ ਪ੍ਰਭੂ ਚਰਨਾਂ ਨਾਲ ਜੋੜਨ ਦਾ ਵਿਸ਼ੇਸ਼ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਅਧਿਆਤਮਿਕ ਸਮਾਗਮ ਵਿੱਚ ਕਥਾ ਵਿਆਸ ਸ੍ਰੀ ਪੰਡਿਤ ਰਮੇਸ਼ ਸ਼ਾਸ਼ਤਰੀ ਜੀ ਨੇ ਆਪਣੇ ਮੁਖਾਰਬਿੰਦ ਤੋਂ ਕਥਾ ਦਾ ਅੰਮ੍ਰਿਤ ਵਰਸਾਉਂਦਿਆਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਜ਼ਿਲ੍ਹਾ ਭਾਜਪਾ ਦੇ ਮੀਤ ਪ੍ਰਧਾਨ ਰਾਮ ਕੁਮਾਰ ਸ਼ਰਮਾ ਤੇ ਸਾਬਕਾ ਸਰਪੰਚ ਧਰਮ ਵੀਰ ਕੌਂਡਲ ਦੀ ਅਗਵਾਈ ਹੇਠ ਵਿਸ਼ੇਸ਼ ਤੌਰ 'ਤੇ ਪਹੁੰਚੇ ਜ਼ਿਲ੍ਹਾ ਭਾਜਪਾ ਦੇ ਮੁੱਖ ਬੁਲਾਰੇ ਤੇ ਸ੍ਰੀ ਆਨੰਦਪੁਰ ਸਾਹਿਬ ਵਿਧਾਨ ਸਭਾ ਹਲਕੇ ਵਿੱਚ ਸਰਗਰਮ ਨੌਜਵਾਨ ਆਗੂ ਬਲਰਾਮ ਪਰਾਸ਼ਰ ਨੇ ਸ਼ਿਰਕਤ ਕੀਤੀ ਅਤੇ ਨਤਮਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕੀਤਾ। ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਬਲਰਾਮ ਪਰਾਸ਼ਰ ਨੇ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ



ਮਨੁੱਖੀ ਜੀਵਨ ਵਿੱਚ ਨੈਤਿਕਤਾ ਅਤੇ ਸ਼ਾਂਤੀ ਦਾ ਸੰਚਾਰ ਕਰਦੇ ਹਨ। ਨੌਜਵਾਨ ਆਗੂ ਬਲਰਾਮ ਪਰਾਸ਼ਰ ਵੱਲੋਂ ਸੰਗਤਾਂ ਨਾਲ ਵੀਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਕਲਯੁੱਗ ਦੇ ਇਸ ਦੌਰ ਵਿੱਚ ਪ੍ਰਭੂ ਦਾ ਸਿਮਰਨ ਅਤੇ ਮਨੁੱਖ ਦੁਆਰਾ ਕੀਤੇ ਗਏ ਨੇਕ ਕਾਰਜ ਤੇ ਦਾਨ-ਪੁੰਨ ਹੀ ਅਸਲ ਵਿੱਚ ਸਹਾਈ ਹੁੰਦੇ ਹਨ। ਸਾਨੂੰ ਸਾਰਿਆਂ ਨੂੰ ਆਪਣੇ ਜੀਵਨ ਵਿੱਚ ਸਨਾਤਨ ਮਰਯਾਦਾ ਅਨੁਸਾਰ ਵਿਚਾਰ ਅਤੇ ਵਿਵਹਾਰ ਅਪਣਾਉਣ ਦੀ ਲੋੜ ਹੈ ਤਾਂ ਜੋ ਇੱਕ ਨਰੋਏ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਪਿੰਡ ਵਾਸੀਆਂ ਵੱਲੋਂ ਇਸ ਮਹਾਨ ਕਾਰਜ ਲਈ ਯਤਨਸ਼ੀਲ ਬਾਬੂ ਚਮਨ ਲਾਲ ਲੰਬਰਦਾਰ, ਐਡਵੋਕੇਟ ਉਮੇਸ਼ ਚੰਦਰ, ਸੁਰਜੀਤ ਕੁਮਾਰ ਬਿੱਲਾ, ਸੁਖਰਾਮ, ਸੁਰਿੰਦਰ ਕੁਮਾਰ, ਨੰਦ ਲਾਲ, ਅਸ਼ੋਕ ਕੁਮਾਰ, ਰਾਜੀਵ ਕੁਮਾਰ ਅਤੇ ਕੰਚਨ ਸ਼ਰਮਾਂ, ਸੁਨੇਹ ਲਤਾ, ਸੰਜਨਾ, ਸਾਕਸ਼ੀ, ਜੀਵਨ ਲਤਾ, ਰਮੇਸ਼ ਕੁਮਾਰੀ, ਰਾਣੀ ਬਾਲਾ, ਭਵਿਆ ਕੁਮਾਰੀ, ਸੰਗੀਤਾ ਰਾਣੀ, ਸ਼ੈਲੀ ਸ਼ਰਮਾਂ, ਸਿਮਰਨ ਰਾਣੀ, ਸੁਜਾਤਾ ਰਾਣੀ, ਮਧੂ ਕੁਮਾਰੀ, ਰਚਨਾ ਦੇਵੀ, ਚੰਚਲ ਸ਼ਰਮਾਂ, ਅਰਚਨਾ ਦੇਵੀ, ਸੋਮਾ ਦੇਵੀ, ਪਰਮਲਾ ਰਾਣੀ, ਪ੍ਰਵੀਨ ਕੁਮਾਰੀ, ਜਗਦੰਬਾ,ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਤੇ ਪਤਵੰਤੇ ਸੱਜਣ ਹਾਜ਼ਰ ਸਨ।

# ਵਿਸ਼ਾਲ ਸ਼ੋਭਾ ਯਾਤਰਾ 28 ਨੂੰ

**ਬਲਾਚੌਰ/ਪੋਜੇਵਾਲ (ਜਸਵਿੰਦਰ ਬੈਂਸ/ਰਾਮ ਲਾਲ)**- ਪ੍ਰਾਚੀਨ ਸਿੱਧ ਯੋਗੀ ਬਾਬਾ ਬਾਲਕ ਨਾਥ ਜੀ ਮੰਦਿਰ, ਮਹਿੰਦੀਪੁਰ ਵਿਖੇ ਬਾਬਾ ਜੀ ਦੇ ਪਵਿੱਤਰ ਚਾਲੇ ਦੇ ਮੌਕੇ 'ਤੇ 13ਵੀਂ ਵਿਸ਼ਾਲ ਸ਼ੋਭਾ ਯਾਤਰਾ ਅਤੇ ਪ੍ਰਭਾਤ ਫੇਰੀਆਂ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਇਸੇ ਲੜੀ ਤਹਿਤ ਜਗਤਪੁਰ ਰੋਡ ਸਥਿਤ ਬਲਜੀਤ ਕੌਰ ਕਰ੍ਹਨਾ ਦੇ ਗ੍ਰਹਿ ਵਿਖੇ ਸਵੇਰ ਵੇਲੇ ਬਾਬਾ ਜੀ ਦੀ ਚੌਂਕੀ ਕਰਵਾਈ ਗਈ। ਮੌਕੇ ਤੇ ਕਮੇਟੀ ਮੈਂਬਰ ਅਸ਼ੋਕ ਰਾਣਾ, ਕਰਣ ਰਾਣਾ, ਸ਼ਾਮ ਸ਼ਰਮਾ, ਮੋਹਣ ਵਰਮਾ, ਅਵਤਾਰ ਸਿੰਘ, ਸਤਪਾਲ ਪਾਲਾ, ਪੱਪੀ, ਰਾਮ ਲੁਭਾਇਆ ਕੁਲਥੁਮ, ਜੋਗਾ ਰਾਮ ਮੰਢਾਲੀ, ਉਮੇਧ ਸਿੰਘ ਪੁਰੋਹਿਤ, ਅਮਰੀਕ ਸਿੰਘ, ਸ਼ਵ੍ਹੀ, ਪ੍ਰੇਮ ਲਤਾ,ਕਸ਼ਮੀਰ ਕੌਰ, ਕੁਲਦੀਪ ਸਿੰਘ ਭਾਊ, ਸਤਨਾਮ ਗਹੀਰ, ਕੌਂਸਲਰ ਪਰਵਿੰਦਰ ਪੰਮਾ, ਬਲਵਿੰਦਰ ਸਿੰਘ ਹੋਰ ਬਹੁਤ ਸਾਰੀ ਸੰਗਤ ਸ਼ਾਮਿਲ ਹੋਈ। ਮੌਕੇ ਤੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਅਸ਼ੋਕ ਰਾਣਾ ਨੇ ਦੱਸਿਆ ਕਿ ਸ਼ੋਭਾ ਯਾਤਰਾ 28 ਮਾਰਚ ਨੂੰ ਕੱਢੀ ਜਾਵੇਗੀ ਝੰਡੇ ਦੀ ਰਸਮ ਸਵੇਰੇ 10:00 ਵਜੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ ਅਤੇ ਰਾਣਾ ਰਣਦੀਪ ਸਿੰਘ ਕੌਸ਼ਲ ਵੱਲੋਂ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ।ਅਭਿਸ਼ੇਕ ਤੇ ਜੋਤੀ ਪ੍ਰਚੰਡ ਸਵੇਰੇ 11:00 ਵਜੇ ਅਮਨ ਵਰਮਾ ਸੁਨੀਤਾ ਚੈਰੀਟੇਬਲ ਹਸਪਤਾਲ ਵੱਲੋਂ ਜੋਤੀ ਪ੍ਰਚੰਡ ਕੀਤੀ ਜਾਵੇਗੀ।ਸ਼ੋਭਾ ਯਾਤਰਾ ਦਾ ਆਰੰਭ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ, ਸੁਨੀਲ ਕੌਸ਼ਲ ਪ੍ਰਧਾਨ ਨਗਰ ਕੌਂਸਲ ਅਤੇ ਸਮੂਹ ਐਮ.ਸੀ. ਸਾਹਿਬਾਨ ਆਪਣੇ ਕਰ-ਕਮਲਾਂ ਨਾਲ ਯਾਤਰਾ ਨੂੰ ਰਵਾਨਾ ਕਰਨਗੇ।ਸ਼ੋਭਾ ਯਾਤਰਾ ਦੌਰਾਨ ਸੁਰਿੰਦਰ ਕੁਮਾਰ ਸ਼ਹਿਨਸ਼ਾਹ ਅਤੇ ਪ੍ਰੇਮ ਲਤਾ ਜੀ ਵੱਲੋਂ ਬਾਬਾ ਜੀ ਦੀਆਂ ਬਹੁਤ ਹੀ ਸੁੰਦਰ ਤੇ ਮਨਮੋਹਕ ਝਾਂਕੀਆਂ ਸਜਾਈਆਂ ਜਾਣਗੀਆਂ। ਸੰਗਤਾਂ ਲਈ 29 ਮਾਰਚ ਦੁਪਹਿਰ 12:30 ਵਜੇ ਤੋਂ ਲੈ ਕੇ ਦੇਰ ਰਾਤ ਤੱਕ ਪ੍ਰਭੂ ਦਾ ਅਟੁੱਟ ਲੰਗਰ ਵਰਤਾਇਆ ਜਾਵੇਗਾ।



## ਸ਼ਹੀਦੀ ਦਿਵਸ ਮੌਕੇ ਮੇਹਰ ਚੰਦ ਪੋਲੀਟੈਕਨਿਕ ਵਿਖੇ ਖ਼ੂਨਦਾਨ ਕੈਂਪ

**ਜਲੰਧਰ (ਸ਼ੈਲੀ ਐਲਬਰਟ)**- ਸ਼ਹੀਦੇ ਆਜ਼ਮ ਭਗਤ ਸਿੰਘ ਦੇ 95ਵੇਂ ਸ਼ਹੀਦੀ ਦਿਵਸ ਦੇ ਮੌਕੇ ਤੇ ਮੇਹਰ ਚੰਦ ਪੋਲੀਟੈਕਨਿਕ ਕਾਲਜ, ਜਲੰਧਰ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ। ਇਹ ਕੈਂਪ ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਰਹਿਨੁਮਾਈ ਹੇਠ ਆਯੋਜਿਤ ਕੀਤਾ ਗਿਆ। ਇਸ ਕੈਂਪ ਦਾ ਉਦਘਾਟਨ ਡਾ. ਸੰਜੇ ਬਾਂਸਲ ਅਤੇ ਦੁਰਗੇਸ਼ ਚੇਚੀ ਵੱਲੋਂ ਕੀਤਾ ਗਿਆ। ਇਹ ਖ਼ੂਨਦਾਨ ਕੈਂਪ ਪੀਮਸ ਹਸਪਤਾਲ ਜਲੰਧਰ, ਸੇਵ ਅਰਥ ਸੋਸਾਇਟੀ ਤੇ ਐੱਨ ਐੱਸ ਐੱਸ ਦੇ ਵਲੰਟੀਅਰਾਂ ਵੱਲੋਂ ਕੈਂਪ ਲਗਾਇਆ ਗਿਆ। ਇਸ ਸੰਸਥਾ ਦੇ ਪ੍ਰਧਾਨ ਡਾ. ਸੰਜੇ ਬਾਂਸਲ ਅਤੇ ਵਾਈਸ ਪ੍ਰਧਾਨ ਮੀਨਾ ਬਾਂਸਲ ਹਨ। ਪਿਮਸ ਹਸਪਤਾਲ ਦੀ ਟੀਮ ਜਿਸ ਡਾ. ਸ਼ਸ਼ੀ ਕਿਰਣ ਤੇ ਡਾ. ਲਕਸ਼ਮ ਗੁਲਾਟੀ ਸ਼ਾਮਲ ਸਨ, ਵੱਲੋਂ ਕੁੱਲ 83 ਯੂਨਿਟ ਖੂਨ ਇਕੱਠਾ ਕੀਤਾ ਗਿਆ। ਇਸ ਖ਼ੂਨਦਾਨ ਕੈਂਪ ਪ੍ਰਤੀ ਵਿਦਿਆਰਥੀਆਂ ਵਿੱਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਕਈ ਸਟਾਫ ਮੈਂਬਰਾਂ ਨੇ ਵੀ ਖ਼ੂਨਦਾਨ ਕੀਤਾ। ਖ਼ੂਨਦਾਨ ਕਰਨ ਵਾਲੇ ਵਿਦਿਆਰਥੀਆਂ ਨੂੰ ਮੋਮੈਂਟੋ ਤੇ ਸਰਟੀਫਿਕੇਟ ਵੀ ਵੰਡੇ ਗਏ। ਕੈਂਪ ਦਾ ਸਮੂਹ ਪ੍ਰਬੰਧ ਸ੍ਰੀ ਦੁਰਗੇਸ਼ ਕੁਮਾਰ ਵੱਲੋਂ ਕੀਤਾ ਗਿਆ।ਇਸ ਮੌਕੇ ਸੰਦੀਪ ਵਿਕ੍ਰਮਜੀਤ ਸਿੰਘ, ਪ੍ਰਿੰਸ ਮਦਾਨ, ਗਗਨਦੀਪ, ਅੱਜੇ ਦੱਤਾ, ਸੁਸ਼ੀਲ ਕੁਮਾਰ, ਕਿਰਨ, ਨੇਹਾ ਤੇ ਗੁਰਪ੍ਰੀਤ ਕੌਰ ਵੀ ਹਾਜ਼ਰ ਸਨ।



## ਪਟਾਕੇ ਚਲਾਉਣ ਦੀ ਮਨਾਹੀ

**ਨਵਾਂਸ਼ਹਿਰ, (ਮਨੋਜ ਲਾਡੀ)**- ਜ਼ਿਲ੍ਹਾ ਮੈਜਿਸਟ੍ਰੇਟ ਗੁਰਪ੍ਰੀਤ ਸਿੰਘ ਔਲਖ ਨੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ 23548 ਆਫ਼ 2017 ਅਤੇ 23905 ਆਫ਼ 2017 ਵਿੱਚ ਪਾਸ ਕੀਤੇ ਹੁਕਮਾਂ ਦੀ ਪਾਲਣਾ ਵਿੱਚ ਵਿਆਹ ਵਾਲੇ ਦਿਨ, ਨਵੇਂ ਸਾਲ ਦੇ ਦਿਵਸ ਜਾਂ ਕੋਈ ਵੀ ਖੁਸ਼ੀ ਦੇ ਤਿਉਹਾਰ ਮੌਕੇ ਪਟਾਕੇ ਚਲਾਉਣ 'ਤੇ ਮਨਾਹੀ ਦੇ ਹੁਕਮ ਕੀਤੇ ਹਨ। ਇਸ ਲਈ ਮੈਂ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ, 2023 ਅਧੀਨ ਧਾਰਾ 163 ਵਿਚ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਹੱਦ ਅੰਦਰ ਪਟਾਕੇ ਚਲਾਉਣ ਤੇ ਪੂਰਨ ਪਾਬੰਦੀ ਲਗਾਉਂਦਾ ਹਾਂ। ਇਹ ਹੁਕਮ 12 ਮਈ 2026 ਤੱਕ ਲਾਗੂ ਰਹਿਣਗੇ।

## ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਸ਼ਰਧਾ ਦੇ ਫੁੱਲ ਕੀਤੇ ਭੇਟ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**- ਲਾਇਨਜ਼ ਕਲੱਬ ਇੰਟਰਨੈਸ਼ਨਲ ਰਿਹਾਣਾ ਜੱਟਾ ਕੋਹਿਨੂਰ 321 ਡੀ ਵੱਲੋਂ ਦੇਸ਼ ਦੀ ਆਜ਼ਾਦੀ ਦੇ ਪਰਵਾਨਿਆ, ਮਹਾਨ ਸਪੂਤ ਸ਼ਹੀਦ ਏ ਆਜਮ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਨੂੰ ਸ਼ਰਧਾਂਜਲੀ ਭੇਟ ਕਰਦੇ ਉਹਨਾਂ ਦੀ ਫੋਟੋ ਉਪਰ ਫੁੱਲ ਮਾਲਾਵਾਂ ਭੇਟ ਉਪਰੰਤ ਸ਼ਹੀਦਾਂ ਦੇ ਰਾਹ ਤੇ ਚਲਦੇ ਹੋਏ, ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਸੁੱਟ ਖਤਮ ਕਰਨ ਲਈ ਲੜਦੇ ਰਹਿਣ ਦੇ ਪ੍ਰਣ ਨੂੰ ਦੁਹਰਾਇਆ । ਇਸ ਸਮੇਂ ਕਲੱਬ ਪ੍ਰਧਾਨ ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ, ਪ੍ਰੋਜੈਕਟ ਚੇਅਰਮੈਨ ਲਾਇਨ ਡਾਕਟਰ ਪ੍ਰੇਮ ਭਾਰਦਵਜ, ਸੋਹਣ ਸਿੰਘ ਖੰਨਾ, ਮੁਕੇਸ਼ ਕੁਮਾਰ, ਹਰਦੀਪ ਸਿੰਘ, ਰਾਮ ਸ਼ਰਨ ਕਾਲਾ, ਸਰਬਜੀਤ ਸਿੰਘ, ਮੀਤ ਪ੍ਰਧਾਨ ਫਸਟ ਲਾਇਨ ਰਵਿੰਦਰ ਕੌਰ, ਗਗਨਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਏਕਨੂਰ ਸਿੰਘ, ਸਕੱਤਰ ਲਾਇਨ ਡਾਕਟਰ ਤੇਜਬੀਰ ਸਿੰਘ ਧਾਲੀਵਾਲ, ਪੀ ਆਰ ਓ ਲਾਇਨ ਸੁਖਵਿੰਦਰ ਕੌਰ, ਮੀਤ ਪ੍ਰਧਾਨ ਸੈਕਿੰਡ ਲਾਇਨ ਬਲਵਿੰਦਰ ਕੌਰ ਨੇ ਵਿਸ਼ੇਸ਼ ਸ਼ਿਰਕਤ ਕੀਤੀ।



## ਸੱਭਿਆਚਾਰਕ ਮੇਲੇ ਦੌਰਾਨ ਗਾਇਕ ਲਾਭ ਹੀਰਾ, ਗੁਰਮੀਤ ਮੀਤ ਤੇ ਐਨ ਐਸ ਕੰਗ ਨੇ ਖੂਬ ਰੰਗ ਬੰਨ੍ਹਿਆ



**ਜਲੰਧਰ (ਮਨਜੀਤ ਮਾਨ)**- ਤਹਿਸੀਲ ਨਕੋਦਰ ਅਧੀਨ ਪੈਂਦੇ ਪਿੰਡ ਖ਼ਾਨਪੁਰ ਢੱਡਾ ਦੇ ਬਾਬਾ ਰਿੱਖੀ ਜੀ ਦੇ ਅਸਥਾਨ ਤੇ ਸਲਾਨਾ ਮੇਲਾ ਬਾਬਾ ਰਿੱਖੀ ਜੀ ਮੰਦਿਰ ਪ੍ਰਬੰਧਕ ਕਮੇਟੀ ਵੱਲੋਂ ਪਿੰਡ, ਨਗਰ ਨਿਵਾਸੀਆਂ, ਸਮੂਹ ਗ੍ਰਾਮ ਪੰਚਾਇਤ ਤੇ ਐਨ ਆਰ ਆਈਜ਼ ਦੇ ਸਹਿਯੋਗ ਨਾਲ ਬਾਬਾ ਰਿੱਖੀ ਜੀ ਮੰਦਿਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭੁਵਨੇਸ਼ ਕੰਡਾ ਦੀ ਅਗਵਾਈ ਹੇਠ ਸੱਭਿਆਚਾਰਕ ਮੇਲਾ ਕਰਵਾਇਆ ਗਿਆ। ਇਸ ਮੇਲੇ ਵਿੱਚ ਪੰਜਾਬ ਦੇ ਪ੍ਰਸਿੱਧ ਗਾਇਕ ਲਾਭ ਹੀਰਾ, ਗਾਇਕ ਗੁਰਮੀਤ ਮੀਤ ਤੇ ਗਾਇਕ ਐਨ ਐਸ ਕੰਗ ਵੱਲੋਂ ਆਪਣੇ ਸੁਪਰ ਹਿੱਟ ਨਵੇਂ ਪੁਰਾਣੇ ਗੀਤ ਗਾ ਕੇ ਮੇਲੇ ਨੂੰ ਪੂਰੇ ਸਿੱਖਰਾਂ ਤੇ ਪਹੁੰਚਾ ਦਿੱਤਾ। ਇਸ ਮੌਕੇ ਵਿਸ਼ਵ ਪ੍ਰਸਿੱਧ ਮੰਚ ਸੰਚਾਲਕ ਰਾਹੁਲ ਲਹਿਰੀ, ਤੇ ਸੋਮਾ ਵਲੈਤੀਆ ਨੇ ਵੀ ਖੂਬ ਰੰਗ ਬੰਨ੍ਹਿਆਂ। ਮੇਲੇ ਵਿੱਚ ਪਹੁੰਚੀਆਂ ਸ਼ਖ਼ਸੀਅਤਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।

## ਸੇਂਟ ਸੋਲਜਰ ਕਾਲਜ 'ਚ ਉਦਯਮਤਾ ਜਾਗਰੂਕਤਾ ਪ੍ਰੋਗਰਾਮ ਕਰਵਾਇਆ



**ਜਲੰਧਰ (ਇਕਬਾਲ ਸਿੰਘ ਉਭੀ)**- ਸੇਂਟ ਸੋਲਜਰ ਕਾਲਜ (ਕੋ-ਐਜੂਕੇਸ਼ਨ) ਵੱਲੋਂ ਭਾਰਤ ਸਰਕਾਰ ਦੇ ਸੂੱਖਮ, ਲਘੂ ਅਤੇ ਮੱਧਮ ਉਦਯਮ ਮੰਤਰਾਲੇ ਦੇ ਅਭਿਆਨ ਅਧੀਨ ਇੱਕ ਉਦਯਮਤਾ ਜਾਗਰੂਕਤਾ ਪ੍ਰੋਗਰਾਮ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਦੀ ਅਗਵਾਈ ਕਾਲਜ ਦੀ ਡਾਇਰੈਕਟਰ ਡਾ. ਵੀਨਾ ਦਾਦਾ ਵੱਲੋਂ ਕੀਤੀ ਗਈ। ਇਸ ਮੌਕੇ ਸੈਂਟਰਲ ਇੰਸਟੀਚਿਊਟ ਆਫ ਹੈਂਡ ਟੂਲਜ਼ ਜਲੰਧਰ ਤੋਂ ਵਿਸ਼ੇਸ਼ ਰਿਸੋਰਸ ਪਰਸਨ ਦੀ ਗਰਿਮਾਪੂਰਣ ਹਾਜ਼ਰੀ ਰਹੀ। ਇਨ੍ਹਾਂ ਵਿੱਚ ਮੈਕੈਟਰਾਨਿਕਸ ਵਿਭਾਗ ਦੇ ਮੁਖੀ ਗਗਨਦੀਪ ਸਿੰਘ, ਇਲੈਕਟ੍ਰਿਕਲ ਇੰਜੀਨੀਅਰਿੰਗ ਵਿਭਾਗ ਦੇ ਸੀਨੀਅਰ ਲੈਕਚਰਰ ਹਰਜੀਤ ਸਿੰਘ ਤੇ ਗਣਿਤ (ਐਪਲਾਇਡ ਸਾਇੰਸ) ਵਿਭਾਗ ਦੇ ਸੀਨੀਅਰ ਲੈਕਚਰਰ ਸਤਪਾਲ ਸਿੰਘ ਸ਼ਾਮਲ ਸਨ। ਪ੍ਰੋਗਰਾਮ ਦੌਰਾਨ ਗਗਨਦੀਪ ਸਿੰਘ ਨੇ ਪਾਵਰਪੋਇੰਟ ਪ੍ਰਜ਼ੈਂਟੇਸ਼ਨ ਰਾਹੀਂ ਉਦਯਮਤਾ ਦੀ ਸੰਕਲਪਨਾ ਨੂੰ ਵਿਸਥਾਰ ਨਾਲ ਸਮਝਾਇਆ। ਉਨ੍ਹਾਂ ਵਿਦਿਆਰਥੀਆਂ ਨੂੰ ਮਹੱਤਵਪੂਰਣ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਵੇਂ ਘੱਟ ਸਰੋਤਾਂ ਅਤੇ ਹੁਨਰ ਨਾਲ ਵੀ ਇੱਕ ਸਫਲ ਕਾਰੋਬਾਰ ਦੀ ਸ਼ੁਰੂਆਤ ਕਰਕੇ ਉਸਨੂੰ ਅੱਗੇ ਵਧਾਇਆ ਜਾ ਸਕਦਾ ਹੈ। ਉਨ੍ਹਾਂ ਦਾ ਸੈਸ਼ਨ ਵਿਦਿਆਰਥੀਆਂ ਲਈ ਬਹੁਤ ਹੀ ਗਿਆਨਵਰਧਕ ਅਤੇ ਪ੍ਰੇਰਣਾਦਾਇਕ ਸਾਬਤ ਹੋਇਆ।

## ਆਰ ਬੀ ਯੂ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਵਸ ਮਨਾਇਆ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਰਿਆਤ ਬਾਹਰਾ ਯੂਨੀਵਰਸਿਟੀ ਵਿੱਚ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਵਸ ਬੜੇ ਹੀ ਜੋਸ਼ ਅਤੇ ਦੇਸ਼ ਭਗਤੀ ਦੇ ਮਾਹੌਲ ਵਿੱਚ ਮਨਾਇਆ ਗਿਆ। ਇਸ ਸਮਾਗਮ ਵਿੱਚ ਐੱਨ ਐੱਸ ਐੱਸ ਵਲੰਟੀਅਰਾਂ, ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਐੱਨ ਸੀ ਸੀ ਦੇ ਡਾਇਰੈਕਟਰ ਪ੍ਰੋ. (ਮੇਜਰ) ਏ ਐੱਸ ਚਾਹਲ ਨੇ ਦੱਸਿਆ ਕਿ ਪ੍ਰੋਗਰਾਮ ਦੀ ਸ਼ੁਰੂਆਤ ਮਹਾਨ ਆਜ਼ਾਦੀ ਸੈਨਾਨੀਆਂ ਨੂੰ ਸ਼ਰਧਾਂਜਲੀ ਭੇਟ ਕਰਕੇ ਕੀਤੀ ਗਈ। ਇਸ ਦੌਰਾਨ ਉਨ੍ਹਾਂ ਦੀ ਬੇਮਿਸਾਲ ਹਿੰਮਤ, ਬਲੀਦਾਨ ਅਤੇ ਦੇਸ਼ ਪ੍ਰਤੀ ਅਟੁੱਟ ਸਮਰਪਣ ਨੂੰ ਯਾਦ ਕੀਤਾ ਗਿਆ। ਵਿਦਿਆਰਥੀਆਂ ਅਤੇ ਵਲੰਟੀਅਰਾਂ ਨੇ ਵੱਖ-ਵੱਖ ਗਤੀਵਿਧੀਆਂ ਰਾਹੀਂ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਮਾਗਮ ਦਾ ਮੁੱਖ ਆਕਰਸ਼ਣ ਵਿਦਿਆਰਥੀਆਂ ਵੱਲੋਂ ਪੇਸ਼ ਕੀਤਾ ਗਿਆ ਪ੍ਰਭਾਵਸ਼ਾਲੀ ਨੁੱਕੜ ਨਾਟਕ ਸੀ, ਜਿਸ ਵਿੱਚ ਭਗਤ ਸਿੰਘ ਦੇ ਜੀਵਨ, ਸੰਘਰਸ਼ ਅਤੇ ਇਨਕਲਾਬੀ ਜਜ਼ਬੇ ਨੂੰ ਜੀਵੰਤ ਢੰਗ ਨਾਲ ਦਰਸਾਇਆ ਗਿਆ। ਇਸ ਪ੍ਰਸਤੁਤੀ ਨੇ ਦਰਸ਼ਕਾਂ ਨੂੰ ਡੂੰਘੇ ਤੌਰ 'ਤੇ ਪ੍ਰਭਾਵਿਤ ਕੀਤਾ ਅਤੇ ਦੇਸ਼ ਭਗਤੀ ਤੇ ਸਮਾਜਿਕ ਜ਼ਿੰਮੇਵਾਰੀ ਦਾ ਮਜ਼ਬੂਤ ਸੰਦੇਸ਼ ਦਿੱਤਾ।



## ਖੇਤੀਬਾੜੀ ਵਿਕਾਸ ਬੈਂਕ ਨੇ ਆਮ ਅਜਲਾਸ ਕਰਵਾਇਆ



**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਖੇਤੀਬਾੜੀ ਵਿਕਾਸ ਬੈਂਕ ਮੋਰਿੰਡਾ ਵੱਲੋਂ ਸਾਲਾਨਾ ਆਮ ਇਜਲਾਸ ਕਰਵਾਇਆ ਗਿਆ। ਇਸ ਦੀ ਪ੍ਰਧਾਨਗੀ ਬੈਂਕ ਦੇ ਚੇਅਰਮੈਨ ਦਰਸ਼ਨ ਸਿੰਘ ਸੰਧੂ ਨੇ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੈਂਕ ਦੇ ਮੈਨੇਜਰ ਸੰਨਦੀਪ ਇੰਦਰ ਸਿੰਘ ਗਰੇਵਾਲ ਨੇ ਦੱਸਿਆ ਕਿ ਇਸ ਮੌਕੇ ਸਹਿਕਾਰਤਾ ਵਿਭਾਗ ਵੱਲੋਂ ਬੈਂਕ ਦੇ ਜ਼ਿਲ੍ਹਾ ਰੂਪਨਗਰ ਦੇ ਏ ਜੀ ਐਮ ਗਰੀਸ਼ ਮਿਤਲ ਪਹੁੰਚੇ। ਮੈਨੇਜਰ ਗਰੇਵਾਲ ਨੇ ਬੈਂਕ ਵਲੋਂ ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੀ ਭਲਾਈ ਲਈ ਚਲਾਈਆਂ ਸਕੀਮਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਬੈਂਕ ਦੀ ਸਾਲਾਨਾ ਕਾਰਗੁਜ਼ਾਰੀ ਦੀ ਰਿਪੋਰਟ ਪੇਸ਼ ਕੀਤੀ ਜਿਸ ਨੂੰ ਹਾਲ ਵਿਚ ਹਾਜ਼ਰ ਕਿਸਾਨਾਂ, ਗਾਹਕਾਂ ਅਤੇ ਮੈਂਬਰਾਂ ਨੇ ਸਰਬਸੰਮਤੀ ਨਾਲ ਪਾਸ ਕੀਤੀ। ਉਹਨਾਂ ਪੰਜਾਬ ਸਰਕਾਰ ਵੱਲੋਂ ਲੋਕਾਂ ਲਈ ਪੰਜ ਲੱਖ ਰੁਪਏ ਦੇ ਕਰਜ਼ੇ ਦੀ ਸਹੂਲਤ ਮੁੜ ਖੋਲ੍ਹਣ ਦੀ ਪ੍ਰਸ਼ੰਸਾ ਕਰਦਿਆਂ ਮੰਗ ਕੀਤੀ ਕਿ ਕਰਜ਼ੇ ਦੀ ਲਿਮਟ ਵਧੀਆ ਜਾਵੇ ਤਾਂ ਜੋ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਅਪਣੇ ਕਾਰੋਬਾਰ ਅਰੰਭ ਕਰਕੇ ਆਪਣੇ ਪੈਰਾਂ ਤੇ ਖੜੇ ਹੋ ਸੱਕਣ। ਇਸ ਮੌਕੇ ਡਾਇਰੈਕਟਰ ਰਣਦੀਪ ਸਿੰਘ ਸਰਪੰਚ ਢੰਗਰਾਲੀ, ਗੁਰਦੀਪ ਸਿੰਘ ਤੂਰ ਡਾਇਰੈਕਟਰ, ਗੁਰਮੇਲ ਸਿੰਘ ਚਤਾਮਲੀ ਡਾਇਰੈਕਟਰ, ਮੋਹਣ ਸਿੰਘ ਰਾਮਗੜ੍ਹ ਮੰਡਾਂ ਡਾਇਰੈਕਟਰ, ਬੀਬੀ ਹਰਦੀਪ ਕੌਰ ਕੰਗ ਡਾਇਰੈਕਟਰ ਅਤੇ ਰਾਜਪ੍ਰੀਤ ਕੌਰ ਬੱਲਾਂ ਡਾਇਰੈਕਟਰ, ਨਗਰ ਕੌਂਸਲ ਮੋਰਿੰਡਾ ਦੇ ਸਾਬਕਾ ਪ੍ਰਧਾਨ ਹਰੀਪਾਲ, ਸਰਪੰਚ ਦਲਵੀਰ ਸਿੰਘ ਮੂੰਡੀਆਂ ਆਦਿ ਕਿਸਾਨ ਆਗੂ ਤੇ ਪਤਵੰਤੇ ਸੱਜਣ ਹਾਜ਼ਰ ਸਨ।

# ਅੰਬੇਡਕਰ ਜੈਅੰਤੀ 'ਤੇ 14 ਨੂੰ ਕੱਢੀ ਜਾਵੇਗੀ ਵਿਸ਼ਾਲ ਸ਼ੋਭਾ ਯਾਤਰਾ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**- ਨਿਰਵਾਣੁ ਕੁਟੀਆ ਮਾਹਿਲਪੁਰ ਵਿਖੇ ਮਹੀਨਾਵਾਰ ਸਮਾਗਮ ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ ਮਾਹਿਲਪਰ ਦੇ ਸਹਿਯੋਗ ਨਾਲ ਉਤਸ਼ਾਹ ਪੂਰਵਕ ਢੰਗ ਨਾਲ ਕਰਵਾਇਆ ਗਿਆ। ਸਭ ਤੋਂ ਪਹਿਲਾਂ ਬੁੱਧ ਬੰਦਨਾ ਕੀਤੀ ਗਈ ਅਤੇ ਸਮੂਹਿਕ ਤੌਰ ਤੇ ਧਿਆਨ ਸਾਧਨਾ ਕਰਕੇ ਮਨ ਦੀ ਇਕਾਗਰਤਾ ਪ੍ਰਾਪਤ ਕਰਕੇ ਕੁਦਰਤ ਨਾਲ ਜੁੜਨ ਦਾ ਸੰਕਲਪ ਕੀਤਾ ਗਿਆ। ਸਮਾਗਮ ਤੋਂ ਬਾਅਦ ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ ਮਾਹਿਲਪੁਰ ਦੀ ਇੱਕ ਵਿਸ਼ੇਸ਼ ਮੀਟਿੰਗ ਸੁਸਾਇਟੀ ਦੀ ਪ੍ਰਧਾਨ ਰੇਖਾ ਰਾਣੀ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿੱਚ ਮਾਸਟਰ ਜੈ ਰਾਮ ਬਾੜੀਆਂ, ਠਾਣੇਦਾਰ ਸੁਖਦੇਵ ਸਿੰਘ, ਸੁਖਵਿੰਦਰ ਕੁਮਾਰ ਰਿਟਾਇਰਡ ਬੈਂਕ ਅਧਿਕਾਰੀ, ਰਾਜਿੰਦਰ ਰਾਣਾ, ਤਰਸੇਮ ਕੌਰ, ਗਗਨਦੀਪ ਕੌਰ, ਕਿਰਪਾਲ ਕੌਰ, ਸੁਮੀਤਾ, ਕਮਲਦੀਪ ਕੌਰ, ਨਿਰਮਲ ਕੌਰ ਬੋਧ, ਦੀਆ ਰਾਣੀ, ਪਰਮਜੀਤ ਕੌਰ, ਨਿਰਮਲ ਸਿੰਘ ਮੁੱਗੋਵਾਲ ਸੰਚਾਲਕ ਨਿਰਵਾਣੁ ਕੁਟੀਆ ਮਾਹਿਲਪੁਰ ਸਮੇਤ ਸੁਸਾਇਟੀ ਦੇ ਹੋਰ ਮੈਂਬਰ ਅਤੇ ਸਮੱਰਥਕ ਹਾਜ਼ਰ ਹੋਏ। ਮੀਟਿੰਗ ਵਿੱਚ ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ ਰਜਿਸਟਰਡ ਮਾਹਿਲਪੁਰ ਵੱਲੋਂ ਹਰ ਸਾਲ ਦੀ ਤਰ੍ਹਾਂ 14 ਅਪ੍ਰੈਲ ਦਿਨ ਮੰਗਲਵਾਰ ਨੂੰ ਅੰਬੇਡਕਰ ਜੈਅੰਤੀ ਤੇ ਗੁਰਦੁਆਰਾ ਸਤਿਗੁਰੂ ਰਵਿਦਾਸ ਮਹਾਰਾਜ ਬੀ ਡੀ ਓ ਕਾਲੋਨੀ ਵਾਰਡ ਨੰਬਰ 11-12 ਮਾਹਿਲਪੁਰ ਤੋਂ ਦੁਪਹਿਰ 12 ਵਜੇ ਵਿਸ਼ਾਲ ਸ਼ੋਭਾ ਯਾਤਰਾ ਕੱਢਣ ਦਾ ਪ੍ਰੋਗਰਾਮ ਉਲੀਕਿਆ ਗਿਆ। ਇਸ ਮੌਕੇ ਪ੍ਰਧਾਨ ਰੇਖਾ ਰਾਣੀ ਨੇ ਦੱਸਿਆ ਕਿ ਇਹ ਸ਼ੋਭਾ ਯਾਤਰਾ ਠੀਕ 12 ਵਜੇ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋਵੇਗੀ ਤੇ ਮਾਹਿਲਪੁਰ ਸ਼ਹਿਰ ਦੇ ਵੱਖ-ਵੱਖ ਧਾਰਮਿਕ ਅਸਥਾਨਾਂ ਤੋਂ ਹੁੰਦੀ ਹੋਈ ਨਿਰਵਾਣੁ ਕੁਟੀਆ ਮਾਹਿਲਪੁਰ ਜਾ ਕੇ ਸਮਾਪਤ ਹੋਵੇਗੀ। ਇਸ ਮੌਕੇ ਵੱਖ ਵੱਖ ਥਾਵਾਂ ਤੇ ਅੰਬੇਡਕਰੀ ਸਾਥੀਆਂ ਵੱਲੋਂ ਸੰਗਤਾਂ ਲਈ ਖਾਣ-ਪੀਣ ਦਾ ਪ੍ਰਬੰਧ ਕੀਤਾ ਜਾਵੇਗਾ।



# ਵਿਕਸਿਤ ਭਾਰਤ-ਜੀ ਰਾਮ ਜੀ ਨਾਲ ਸੰਬੰਧਤ ਪ੍ਰਤੀਯੋਗਤਾਵਾਂ ਦੀ ਅੰਤਮ ਮਿਤੀ ਵਧਾਈ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਕੇਂਦਰੀ ਗ੍ਰਾਮੀਣ ਵਿਕਾਸ ਮੰਤਰਾਲੇ ਵੱਲੋਂ ਵਿਕਸਿਤ ਭਾਰਤ ਗਾਰੰਟੀ ਫਾਰ ਰੋਜ਼ਗਾਰ ਅਤੇ ਆਜਿਵਿਕਾ ਮਿਸ਼ਨ ( ਗ੍ਰਾਮੀਣ )-ਵੀ ਬੀ-ਜੀ ਰਾਮ ਜੀ (ਵਿਕਸਿਤ ਭਾਰਤ-ਜੀ ਰਾਮ ਜੀ) ਐਕਟ, 2025 ਪ੍ਰਤੀ ਜਨ-ਜਾਗਰੂਕਤਾ ਵਧਾਉਣ ਲਈ ਵੱਖ ਵੱਖ ਪ੍ਰਤੀਯੋਗਿਤਾਵਾਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਪ੍ਰਤੀਯੋਗਿਤਾਵਾਂ ਵਿੱਚ ਲੋਗੋ ਡਿਜਾਇਨ, ਰਾਸ਼ਟਰੀ ਰੀਲ/ਵੀਡੀਓ ਚੈਲੇਂਜ ਅਤੇ ਆਨਲਾਇਨ ਕਵਿਜ ਸ਼ਾਮਲ ਹਨ ਜਿਸ ਦੀ ਅੰਤਮ ਮਿਤੀ ਨੂੰ ਵਧਾਇਆ ਗਿਆ ਹੈ।ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੇਂਦਰ ਸਰਕਾਰ ਦੇ ਗ੍ਰਾਮੀਣ ਵਿਕਾਸ ਮੰਤਰਾਲੇ ਵੱਲੋਂ ਵੀਬੀ-ਜੀ ਰਾਮ ਜੀ ਐਕਟ ਬਾਰੇ ਵਿਆਪਕ, ਪ੍ਰਚਾਰ-ਪ੍ਰਸਾਰ ਤੇ ਜਾਗਰੂਕਤਾ ਲਈ ਕਈ ਪ੍ਰਤੀਯੋਗਿਤਾਵਾਂ ਆਯੋਜਿਤ ਕਰ ਰਿਹਾ ਹੈ। ਇਨ੍ਹਾਂ ਪ੍ਰਤੀਯੋਗਿਤਾਵਾਂ ਵਿੱਚ ਯੁਵਾ, ਵਿਦਿਆਰਥੀ ਅਤੇ ਆਮ ਨਾਗਰਿਕ ਹਿੱਸਾ ਲੈ ਸਕਦੇ ਹਨ। ਉਨ੍ਹਾਂ ਨੇ ਦੱਸਿਆ ਕਿ ਮਾਯਗਵ ਪੋਰਟਲ 'ਤੇ ਆਯੋਜਿਤ ਲੋਗੋ ਡਿਜਾਇਨ ਪ੍ਰਤੀਯੋਗਿਤਾ ਅਤੇ ਮਾਈ ਭਾਰਤ ਪੋਰਟਲ 'ਤੇ ਆਯੋਜਿਤ ਰਾਸ਼ਟਰੀ ਰੀਲ/ ਵੀਡੀਓ ਚੈਲੇਂਜ 60 ਸੈਕੇਂਡਸ ਫਾਰ ਮਾਈ ਵਿਲੇਜ ਅਤੇ ਵਿਕਸਿਤ ਭਾਰਤ-ਜੀ ਰਾਮ ਜੀ ਕਵਿਜ ਪ੍ਰਤੀਯੋਗਿਤਾ ਰਾਹੀਂ ਪ੍ਰਤੀਭਾਗੀ ਹਿੱਸਾ ਲੈ ਸਕਦੇ ਹਨ ਅਤੇ ਆਪਣੀਆਂ ਐਂਟਰੀਆਂ ਭੇਜ ਸਕਦੇ ਹਨ।ਉਨ੍ਹਾਂ ਨੇ ਕਿਹਾ ਕਿ ਲੋਗੋ ਡਿਜਾਇਨ ਪ੍ਰਤੀਯੋਗਿਤਾ ਵਿੱਚ ਐਂਟਰੀ ਜਮਾ ਕਰਨ ਦੀ ਅੰਤਮ ਮਿਤੀ 4 ਅਪ੍ਰੈਲ 2026 ਕਰ ਦਿੱਤੀ ਗਈ ਹੈ।

# ਵਿਦਿਆਰਥੀਆਂ ਵੱਲੋਂ ਚਾਵਲਾ ਚਿਲਡਰਨ ਹਸਪਤਾਲ ਦਾ ਉਦਯੋਗਿਕ ਦੌਰਾ

**ਨਕੋਦਰ, (ਰੀਨਾ ਸ਼ਰਮਾ)**- ਸਥਾਨਕ ਸੱਤਿਅਮ ਇੰਸਟੀਟਿਊਟ ਆਫ਼ ਮੈਨੇਜਮੈਂਟ ਐਂਡ ਟੈਕਨੋਲੋਜੀ ਵੱਲੋਂ ਬੀ ਵੋਕ ਚਾਈਲਡ ਕੇਅਰ ਗਿਵਰ ਕੋਰਸ ਦੇ ਵਿਦਿਆਰਥੀਆਂ ਲਈ ਨੂੰ ਚਾਵਲਾ ਚਿਲਡਰਨ ਹਸਪਤਾਲ ਵਿਖੇ ਉਦਯੋਗਿਕ ਦੌਰਾ ਕਰਵਾਇਆ ਗਿਆ।ਇਸ ਦੌਰੇ ਦੌਰਾਨ ਹਸਪਤਾਲ ਦੇ ਡਾਕਟਰਾਂ ਤੇ ਸਟਾਫ਼ ਵੱਲੋਂ ਵਿਦਿਆਰਥੀਆਂ ਨੂੰ ਬੱਚਿਆਂ ਦੀ ਸੰਭਾਲ ਨਾਲ ਸੰਬੰਧਿਤ ਵੱਖ-ਵੱਖ ਪੱਖਾਂ ਬਾਰੇ ਕੀਮਤੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੇ ਬੱਚਿਆਂ ਦੀ ਸਿਹਤ, ਪੋਸ਼ਣ, ਟੀਕਾਕਰਨ, ਸਫ਼ਾਈ ਤੇ ਉਨ੍ਹਾਂ ਦੇ ਮਾਨਸਿਕ ਅਤੇ ਸ਼ਰੀਰਿਕ ਵਿਕਾਸ ਬਾਰੇ ਵਿਸਥਾਰ ਨਾਲ ਸਮਝਾਇਆ। ਵਿਦਿਆਰਥੀਆਂ ਨੂੰ ਹਸਪਤਾਲ ਦੇ ਵੱਖ-ਵੱਖ ਵਿਭਾਗਾਂ ਦਾ ਦੌਰਾ ਕਰਵਾਇਆ ਗਿਆ, ਜਿਵੇਂ ਕਿ ਨਿਊਬੋਰਨ ਕੇਅਰ ਯੂਨਿਟ, ਚਾਈਲਡ ਵਾਰਡ, ਹੈਲਥ ਅਤੇ ਹਾਈਜੀਨ ਸੈਕਸ਼ਨ।ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਤੌਰ 'ਤੇ ਬੱਚਿਆਂ ਦੀ ਦੇਖਭਾਲ ਦੇ ਤਰੀਕੇ, ਸੁਰੱਖਿਅਤ ਮਾਹੌਲ ਬਣਾਉਣ ਅਤੇ ਮਰੀਜ਼ਾਂ ਨਾਲ ਵਿਵਹਾਰਕ ਹੁਨਰਾਂ ਬਾਰੇ ਜਾਣਕਾਰੀ ਦਿੱਤੀ ਗਈ।ਕਾਲਜ ਦੇ ਚੇਅਰਮੈਨ ਵਿਪਨ ਸ਼ਰਮਾ, ਚੇਅਰਪਰਸਨ ਜਯੋਤੀ ਸ਼ਰਮਾ, ਐੱਮ ਡੀ. ਸ਼ਿਵਮ ਸ਼ਰਮਾ ਤੇ ਪ੍ਰਿੰਸੀਪਲ ਰਾਸ਼ਿਦ ਹਾਮਿਦ ਸਮੇਤ ਕਾਲਜ ਮੈਨੇਜਮੈਂਟ ਨੇ ਅਜਿਹੇ ਉਦਯੋਗਿਕ ਦੌਰਿਆਂ ਨੂੰ ਵਿਦਿਆਰਥੀਆਂ ਦੇ ਪ੍ਰੈਕਟੀਕਲ ਗਿਆਨ ਵਿੱਚ ਵਾਧਾ ਕਰਨ ਲਈ ਬਹੁਤ ਹੀ ਲਾਭਕਾਰੀ ਦੱਸਿਆ ਅਤੇ ਭਵਿੱਖ ਵਿੱਚ ਵੀ ਅਜਿਹੇ ਦੌਰੇ ਕਰਵਾਉਣ ਲਈ ਪ੍ਰੇਰਿਤ ਕੀਤਾ।



## ਸ੍ਰੀ ਗੁਰੂ ਰਵਿਦਾਸ ਯੂਥ ਸਪੋਰਟਸ ਕਲੱਬ ਵੱਲੋਂ ਫੁੱਟਬਾਲ ਟੂਰਨਾਮੈਂਟ

**ਹੁਸ਼ਿਆਰਪੁਰ (ਓ ਪੀ ਰਾਣਾ)**- ਹਲਕਾ ਚੱਬੇਵਾਲ ਦੇ ਪਿੰਡ ਤਾਜੋਵਾਲ ਦੇ ਸ੍ਰੀ ਗੁਰੂ ਰਵਿਦਾਸ ਯੂਥ ਸਪੋਰਟਸ ਕਲੱਬ ਵੱਲੋਂ ਫੁੱਟਬਾਲ ਟੂਰਨਾਮੈਂਟ ਕਰਵਾਏ ਗਏ, ਜਿਸ ਦਾ ਉਦਘਾਟਨ ਮੁੱਖ ਮਹਿਮਾਨ ਐਡਵੋਕੇਟ ਪਲਵਿੰਦਰ ਮਾਨਾ ਇੰਚਾਰਜ ਬਸਪਾ ਹਲਕਾ ਚੱਬੇਵਾਲ ਨੇ ਰੀਬਨ ਕੱਟ ਕੇ ਕੀਤਾ। ਐਡਵੋਕੇਟ ਪਲਵਿੰਦਰ ਮਾਨਾ ਵੱਲੋਂ ਹਿੱਸਾ ਲੈ ਰਹੇ ਖਿਡਾਰੀਆਂ ਨੂੰ ਹੌਸਲਾ ਦਿੱਤਾ ਕਿ ਤੁਸੀਂ ਖੇਡ ਦੀ ਦੁਨੀਆ ਵੱਲ ਧਿਆਨ ਦੇਕੇ ਅਤੇ ਨਸ਼ਿਆਂ ਤੋਂ ਦੂਰ ਰਹਿ ਕੇ ਤਰੱਕੀ ਵੱਲ ਵਧ ਰਹੇ ਹੋ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਮਾਨਾ ਕਿਹਾ ਪੰਜਾਬ ਨੂੰ ਨਸ਼ਿਆਂ ਦੀ ਦਲ ਦਲ ਵਿਚੋਂ ਕੱਢਣ ਲਈ ਪੰਜਾਬ ਵਾਸੀਆਂ ਨੂੰ ਬਸਪਾ ਦੀ ਪੰਜਾਬ ਸੰਭਾਲੋ ਮੁਹਿਮ ਦੇ ਨਾਲ ਜੁੜਨਾ ਚਾਹੀਦਾ ਹੈ ਤਾਂ ਕਿ ਪੰਜਾਬ ਦੀ ਜਵਾਨੀ ਨੂੰ ਬਚਾਉਂਦੇ ਹੋਏ ਪੰਜਾਬ ਨੂੰ ਨਸ਼ਾ ਮੁਕਤ ਪੰਜਾਬ ਬਣਾਇਆ ਜਾ ਸਕੇ। ਸਮੂਹ ਪਿੰਡ ਤਾਜੋਵਾਲ ਦੇ ਮੋਹਤਵਾਰ ਵਿਅਕਤੀਆਂ ਨੇ ਮੁੱਖ ਮਹਿਮਾਨ ਐਡਵੋਕੇਟ ਪਲਵਿੰਦਰ ਮਾਨਾ ਦਾ ਨਿੱਘਾ ਸਵਾਗਤ ਕਰਦੇ ਹੋਏ ਧੰਨਵਾਦ ਵੀ ਕੀਤਾ। ਇਸ ਮੌਕੇ ਜਸਵਿੰਦਰ ਸਿੰਘ ਤਾਜੋਵਾਲ, ਸਤਪਾਲ ਬਡਾਲਾ, ਬਾਬੂ ਰੌਸ਼ਨ ਲਾਲ, ਤੇਜ ਪਾਲ, ਰਾਮ ਕ੍ਰਿਸ਼ਨ ਸਾਬਕਾ ਸਰਪੰਚ, ਪਰਮਜੀਤ ਸਿੰਘ ਸਾਬਕਾ ਸਰਪੰਚ, ਇੰਦਰਜੀਤ ਸਿੰਘ ਪੰਚ, ਸੰਦੀਪ ਕੁਮਾਰ, ਜਤਿੰਦਰ ਸਿੰਘ ਤੇ ਹੋਰ ਵੀ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।



# ਐੱਸ ਓ ਆਈ ਦੀ ਮਜ਼ਬੂਤੀ ਲਈ ਕਾਲਜਾਂ 'ਚ ਯੂਨਿਟਾਂ ਦਾ ਗਠਨ ਜਲਦ : ਖੁਰਾਣਾ



**ਫਗਵਾੜਾ (ਡਾ. ਰਮਨ)**- ਸ਼੍ਰੋਮਣੀ ਅਕਾਲੀ ਦਲ (ਬ) ਦੇ ਵਿਦਿਆਰਥੀ ਵਿੰਗ ਸਟੂਡੈਂਟ ਆਰਗਨਾਈਜੇਸ਼ਨ ਆਫ ਇੰਡੀਆ (ਸੋਈ) ਦੇ ਕੌਮੀ ਪ੍ਰਧਾਨ ਰਣਬੀਰ ਸਿੰਘ ਢਿੱਲੋਂ ਨੇ ਅੱਜ ਫਗਵਾੜਾ ਦੇ ਵਿਸ਼ੇਸ਼ ਦੌਰੇ ਦੌਰਾਨ ਸੂਬਾ ਕੋਰ ਕਮੇਟੀ ਮੈਂਬਰ (ਵਪਾਰ ਵਿੰਗ) ਅਤੇ ਹਲਕਾ ਫਗਵਾੜਾ (ਸ਼ਹਿਰੀ) ਦੇ ਇੰਚਾਰਜ ਰਣਜੀਤ ਸਿੰਘ ਖੁਰਾਣਾ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਦੌਰਾਨ ਸ਼ਹਿਰ ਦੇ ਵੱਖ-ਵੱਖ ਵਿਦਿਅਕ ਅਦਾਰਿਆਂ ਵਿੱਚ ਸ਼੍ਰੋਮਣੀ ਅਕਾਲੀ ਦਲ ਐੱਸ ਓ ਆਈ ਦੇ ਯੂਨਿਟ ਬਣਾਉਣ ਤੇ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨ ਲਈ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਗੱਲਬਾਤ ਕਰਦਿਆਂ ਰਣਬੀਰ ਸਿੰਘ ਢਿੱਲੋਂ ਨੇ ਕਿਹਾ ਕਿ ਐੱਸ ਓ ਆਈ ਹਮੇਸ਼ਾ ਹੀ ਵਿਦਿਆਰਥੀਆਂ ਦੇ ਹੱਕਾਂ ਦੀ ਲੜਾਈ ਲੜਦੀ ਆਈ ਹੈ ਤੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਹਰ ਕਾਲਜ ਅਤੇ ਯੂਨੀਵਰਸਿਟੀ ਵਿੱਚ ਇਸ ਦੀ ਮਜ਼ਬੂਤ ਮੌਜੂਦਗੀ ਬਣਾਈ ਜਾਵੇਗੀ। ਹਲਕਾ (ਸ਼ਹਿਰੀ) ਇੰਚਾਰਜ ਸਰਦਾਰ ਰਣਜੀਤ ਸਿੰਘ ਖੁਰਾਣਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਹੀ ਨੌਜਵਾਨਾਂ ਦੀ ਆਵਾਜ਼ ਬਣ ਕੇ ਖੜ੍ਹਾ ਰਿਹਾ ਹੈ ਤੇ ਐੱਸ ਓ ਆਈ. ਇਸਦਾ ਮਜ਼ਬੂਤ ਪਿੱਲਰ ਹੈ। ਇਸ ਮੌਕੇ ਅਕਾਲੀ ਆਗੂ ਸ਼ਹਿਰੀ ਪ੍ਰਧਾਨ ਹਰਵਿੰਦਰ ਸਿੰਘ ਵਾਲੀਆ, ਬਹਾਦਰ ਸਿੰਘ ਸੰਗਤਪੁਰ ਸਮੇਤ ਹੋਰ ਆਗੂ ਵੀ ਹਾਜ਼ਰ ਸਨ।

# ਖ਼ੂਨਦਾਨ ਕੈਂਪ 'ਚ 60 ਯੂਨਿਟ ਖ਼ੂਨ ਇਕੱਠਾ ਕੀਤਾ



**ਦਸੂਹਾ (ਕਰਨੈਲ ਮਾਂਗਟ)**- ਪੰਚਾਇਤ ਸੰਮਤੀ ਸਟੇਡੀਅਮ ਦਸੂਹਾ ਵਿਖੇ ਅੰਤਰਰਾਸ਼ਟਰੀ ਮਹਾਨ ਸੰਤ ਸੰਮੇਲਨ ਤੇ ਕੀਰਤਨ ਦਰਬਾਰ ਦੌਰਾਨ ਬਲੱਡ ਡੋਨਰ ਸੁਸਾਇਟੀ ਦਸੂਹਾ ਵੱਲੋਂ ਪੰਚਾਇਤ ਸੰਮਤੀ ਸਟੇਡੀਅਮ ਦਸੂਹਾ ਵਿਖੇ ਸੰਤ ਜਸਪਾਲ ਸਿੰਘ ਓਡਰਾ ਵਾਲਿਆਂ ਦੇ ਸਹਿਯੋਗ ਨਾਲ 205ਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ ਜਿਸ ਵਿਚ 60 ਯੂਨਿਟ ਬਲੱਡ ਓਹਰੀ ਬਲੱਡ ਸੈਂਟਰ ਜਲੰਧਰ ਦੀ ਟੀਮ ਵੱਲੋਂ ਇਕੱਠਾ ਕੀਤਾ ਗਿਆ। ਇਸ ਕੈਂਪ ਵਿੱਚ ਔਰਤਾਂ ਵੱਲੋਂ ਭਾਰੀ ਉਤਸ਼ਾਹ ਦਿਖਾਇਆ ਗਿਆ ਤੇ ਖ਼ੂਨਦਾਨ ਕੀਤਾ ਗਿਆ। ਇਸ ਮੌਕੇ ਸਾਲਾਨਾ ਲੱਗਣ ਵਾਲੇ ਕੈਂਪ ਵਿਚ ਪੁੱਜੇ ਹੋਏ ਸੰਤਾਂ ਮਹਾਪੁਰਸ਼ਾ ਵੱਲੋਂ ਵੀ ਸ਼ਿਰਕਤ ਕੀਤੀ ਗਈ। ਇਸ ਮੌਕੇ ਬਲੱਡ ਡੋਨਰ ਸੁਸਾਇਟੀ ਦਸੂਹਾ ਦੇ ਪ੍ਰਧਾਨ ਪਰਮਿੰਦਰ ਸਿੰਘ ਬਬਲੂ ਤੇ ਕੈਂਪ ਇੰਚਾਰਜ ਸਿਮਰਨ ਸੰਧੂ ਤੋਂ ਇਲਾਵਾ ਇਸਤਰੀ ਵਿੰਗ ਦੇ ਪ੍ਰਧਾਨ ਬਲਵਿੰਦਰ ਕੌਰ ਲਗਾਣਾ, ਪ੍ਰੈੱਸ ਸੈਕਟਰੀ ਲੰਬੜਦਾਰ ਤਜਿੰਦਰ ਸਿੰਘ, ਦੀਪ ਰੋਨੀ, ਅਭਿਸ਼ੇਕ ਸ਼ਰਮਾ, ਸੰਨੀ ਅਰੋੜਾ, ਮਨਪ੍ਰੀਤ ਸਿੰਘ, ਬਾਬਾ ਸੁਖਵਿੰਦਰ ਸਿੰਘ ਓਡਰਾ , ਗੁਰਪ੍ਰੀਤ ਸਿੰਘ ਓਡਰਾ ਆਦਿ ਹਾਜ਼ਰ ਸਨ।

## ਸ਼ਹੀਦੀ ਦਿਵਸ 'ਤੇ ਗੂੰਜਿਆ ਰਾਸ਼ਟਰ ਭਗਤੀ ਦਾ ਸੰਦੇਸ਼

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ 23 ਮਾਰਚ ਦਾ ਦਿਨ ਭਾਰਤ ਦੇ ਇਤਿਹਾਸ ਵਿੱਚ ਵਿਲਖਣ ਮਹੱਤਵ ਰਖਦਾ ਹੈ। ਇਹ ਦਿਨ ਸਿਰਫ ਯਾਦ ਕਰਨ ਦਾ ਨਹੀਂ, ਸਗੋਂ ਸੰਕਲਪ ਦਾ ਦਿਨ ਹੈ, ਜਦੋਂ ਸ਼ਹੀਦ-ਏ-ਆਜਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਹਸਦੇ-ਹਸਦੇ ਆਪਣੇ ਪ੍ਰਾਣਾਂ ਦਾ ਬਲਿਦਾਨ ਦੇ ਕੇ ਰਾਸ਼ਟਰ ਦੇ ਸਵਾਭਿਮਾਨ ਨੂੰ ਨਵੀਂ ਉਚਾਈ ਪ੍ਰਦਾਨ ਕੀਤੀ। ਮੁੱਖ ਮੰਤਰੀ ਸੈਣੀ ਨੰਗਲ, ਪੰਜਾਬ ਵਿੱਚ ਆਯੋਜਿਤ ਸਵਦੇਸ਼ੀ ਮੇਲਾ ਅਤੇ ਯੁਵਾ ਸਮਾਗਮ ਨੂੰ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਇਹ ਆਯੋਜਨ ਸਿਰਫ ਇੱਕ ਪ੍ਰੋਗਰਾਮ ਨਹੀਂ ਸਗੋਂ ਸ਼ਹੀਦਾਂ ਦੇ ਸੁਪਨਿਆਂ ਦੇ ਭਾਰਤ ਦੇ ਨਿਰਮਾਣ ਦਾ ਜਿਉਂਦਾ-ਜਾਗਦਾ ਸੰਕਲਪ ਹੈ। ਉਨ੍ਹਾਂ ਨੇ ਸੈਂਟਰ ਫਾਰ ਇਕੋਨਾਮਿਕ ਪਾਲਿਸੀ ਰਿਸਰਚ ਅਤੇ ਸਵਦੇਸ਼ੀ ਜਾਗਰਨ ਮੰਚ ਨੂੰ ਇਸ ਪ੍ਰੇਰਣਾਦਾਈ ਪਹਿਲ ਲਈ ਵਧਾਈ ਦਿੱਤੀ। ਮੁੱਖ ਮੰਤਰੀ ਨੇ ਕਿਹਾ ਕਿ ਅੱਜ ਦੇ ਸਮੇ ਵਿੱਚ ਕ੍ਰਾਂਤੀ ਦਾ ਸਵਰੂਪ ਬਦਲ ਚੁੱਕਾ ਹੈ। ਹੁਣ ਕ੍ਰਾਂਤੀ ਤਲਵਾਰਾਂ ਨਾਲ ਨਹੀਂ, ਸਗੋਂ ਵਿਚਾਰਾਂ, ਸੰਕਲਪਾਂ ਅਤੇ ਸਰਗਰਮ ਯਤਨਾਂ ਤੋਂ ਆਉਂਦੀ ਹੈ। ਉਨ੍ਹਾਂ ਨੇ ਸਪਸ਼ਟ ਕੀਤਾ ਕਿ ਅੱਜ ਦੀ ਕ੍ਰਾਂਤੀ ਨਸ਼ੇ ਵਿਰੁਧ ਜਨਜਾਗਰਨ, ਯੁਵਾਵਾਂ ਨੂੰ ਸਵੈ-ਰੁਜਗਾਰ ਨਾਲ ਜੋੜਨ ਅਤੇ ਸਵਦੇਸ਼ੀ ਉਤਪਾਦਾਂ ਨੂੰ ਅਪਨਾਉਣ ਰਾਹੀਂ ਹੀ ਸੰਭਵ ਹੈ।

# ਖ਼ੂਨਦਾਨ ਕੈਂਪ ਦੌਰਾਨ 217 ਵਿਅਕਤੀਆਂ ਨੇ ਕੀਤਾ ਖ਼ੂਨਦਾਨ

**ਚੰਡੀਗੜ੍ਹ (ਸੁਰਜੀਤ ਸੁਮਨ)**- ਪੰਜਾਬ ਸਿਵਲ ਸਕੱਤਰੇਤ-2 ਸੈਕਟਰ 9 ਚੰਡੀਗੜ੍ਹ ਵਿਖੇ ਹਰ ਸਾਲ ਦੀ ਤਰ੍ਹਾਂ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿਚ 217 ਦੇ ਕਰੀਬ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਸਵੈ-ਇੱਛਾ ਨਾਲ ਖ਼ੂਨਦਾਨ ਕੀਤਾ, ਜਿਸ ਦਾ ਉਦਘਾਟਨ ਮੁੱਖ ਸਕੱਤਰ, ਪੰਜਾਬ ਕੇ.ਏ.ਪੀ.ਸਿਨਹਾ ਵੱਲੋਂ ਕੀਤਾ ਗਿਆ। ਇਸ ਦੌਰਾਨ ਉਹਨਾਂ ਨੇ ਪੰਜਾਬ ਸਟੇਟ ਆਈ ਏ ਐੱਸ ਆਫੀਸਰਜ਼ ਐਸੋਸੀਏਸ਼ਨ, ਪੀ ਸੀ ਐੱਸ ਆਫੀਸਰਜ਼ ਐਸੋਸੀਏਸ਼ਨ, ਸਕੱਤਰੇਤ ਜੁਆਇੰਟ ਐਕਸ਼ਨ ਕਮੇਟੀ, ਪੰਜਾਬ ਸਿਵਲ ਸਕੱਤਰੇਤ ਸਟਾਫ ਐਸੋਸੀਏਸ਼ਨ ਤੇ ਸਕੱਤਰੇਤ ਦੀਆਂ ਸਾਰੀਆਂ ਮੁਲਾਜ਼ਮ ਜੱਥੇਬੰਦੀਆਂ ਦੇ ਇਸ ਉਪਰਾਲੇ ਦੀ ਭਰਭੂਰ ਸਲਾਘਾ ਕੀਤੀ। ਉਹਨਾਂ ਕਿਹਾ ਕਿ ਖ਼ੂਨਦਾਨ ਇੱਕ ਮਹਾਂਦਾਨ ਹੈ ਜੋ ਹਰ ਤੰਦਰੁਸਤ ਵਿਅਕਤੀ ਨੂੰ ਕਰਨਾ ਚਾਹੀਦਾ ਹੈ। ਇਸ ਦੌਰਾਨ ਪੀਜੀਆਈ.ਚੰਡੀਗੜ੍ਹ ਦੀ ਬਲੱਡ ਬੈਂਕ ਟੀਮ ਸਵੈ-ਇੱਛਾ ਨਾਲ ਖੂਨ ਇਕੱਤਰ ਕੀਤਾ ਅਤੇ ਖ਼ੂਨਦਾਨ ਕਰਨ ਵਾਲਿਆਂ ਨੂੰ ਮੁੱਖ ਸਕੱਤਰ ਤੇ ਪੀ ਜੀ ਆਈ. ਵੱਲੋ ਪ੍ਰਸ਼ੰਸਾ-ਪੱਤਰ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਕੈਨਰਾ ਬੈਂਕ ਵੱਲੋਂ ਇਸ ਖ਼ੂਨਦਾਨ ਕੈਂਪ ਵਿੱਚ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਪੰਜਾਬ ਸਟੇਟ ਆਈ ਏ ਐੱਸ ਆਫੀਸਰਜ਼ ਐਸੋਸੀਏਸ਼ਨ ਦੇ ਪ੍ਰਧਾਨ ਤੇਜਵੀਰ ਸਿੰਘ, ਜਸਪ੍ਰੀਤ ਤਲਵਾੜ, ਕਮਲ ਕਿਸ਼ੋਰ ਯਾਦਵ, ਸਕੱਤਰ ਸਕੱਤਰੇਤ ਪ੍ਰਸਾਸਨ, ਡੀ.ਕੇ.ਤਿਵਾੜੀ, ਗੁਰਕੀਰਤ ਕਿਰਪਾਲ ਸਿੰਘ, ਗੁਰਪ੍ਰੀਤ ਕੌਰ ਸਪਰਾ, ਭਾਵਨਾ ਗਰਗ ਸਾਰੇ ਆਈ ਏ ਐੱਸ ਤੇ ਤੇਜਦੀਪ ਸਿੰਘ ਸੈਣੀ ਸੰਯੁਕਤ ਸਕੱਤਰ, ਮੁਲਾਜ਼ਮ ਆਗੂ ਸੁਖਚੈਨ ਖਹਿਰਾ, ਪਰਮਦੀਪ ਸਿੰਘ ਭਬਾਤ, ਸ਼ੁਸ਼ੀਲ ਕੁਮਾਰ ਫੌਜੀ, ਮਲਕੀਤ ਸਿੰਘ ਔਜਲਾ, ਅਜੀਤ ਸਿੰਘ, ਬਲਰਾਜ ਸਿੰਘ ਦਾਊਂ, ਪਰਮਜੀਤ ਸਿੰਘ ਸੰਧੂ, ਜਸਪ੍ਰੀਤ ਰੰਧਾਵਾ, ਸਾਹਿਲ ਸਰਮਾ, ਭੁਪਿੰਦਰ ਝੱਜ, ਕੁਲਵੰਤ ਸਿੰਘ, ਦਵਿੰਦਰ ਜੁੰਗਨੀ, ਸਿਕੰਦਰ ਸਿੰਘ, ਅਲਕਾ ਸਰਮਾ, ਸੁਖਦੇਵ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।



# ਦਿੱਲੀ ਫਤਿਹ ਦਿਵਸ ਨੂੰ ਸਮਰਪਤ ਕੀਰਤਨ ਦਰਬਾਰ, 1500 ਮਰੀਜ਼ਾਂ ਦਾ ਕੀਤਾ ਮੁਫ਼ਤ ਇਲਾਜ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਵਾਰਿਸ ਬਾਬਾ ਬਘੇਲ ਸਿੰਘ ਵੈਲਫੇਅਰ ਸੋਸਾਇਟੀ ਵੱਲੋਂ ਜਥੇਦਾਰ ਬਾਬਾ ਬਘੇਲ ਸਿੰਘ ਜੀ ਦੀ ਅਗਵਾਈ ਹੇਠ ਦਿੱਲੀ ਫਤਿਹ ਦਿਵਸ ਨੂੰ ਸਮਰਪਿਤ ਪਹਿਲਾ ਮਹਾਨ ਕੀਰਤਨ ਦਰਬਾਰ ਸ਼ਰਧਾ ਅਤੇ ਉਤਸ਼ਾਹ ਨਾਲ ਆਯੋਜਿਤ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ ਭਰਦੇ ਹੋਏ ਗੁਰਬਾਣੀ ਦਾ ਰਸਪਾਨ ਕੀਤਾ ਤੇ ਮਾਹੌਲ ਪੂਰੀ ਤਰ੍ਹਾਂ ਭਗਤੀਮਈ ਬਣ ਗਿਆ। ਇਸ ਮੌਕੇ ਨੂੰ ਸੇਵਾ ਭਾਵਨਾ ਨਾਲ ਜੋੜਦੇ ਹੋਏ ਰੋਟਰੀ ਕਲੱਬ ਮਿਡ ਟਾਊਨ ਹੁਸ਼ਿਆਰਪੁਰ ਵੱਲੋਂ ਇੱਕ ਵਿਸ਼ੇਸ਼ ਮੁਫ਼ਤ ਹੋਮਿਓਪੈਥਿਕ ਮੈਡੀਕਲ ਕੈਂਪ ਵੀ ਲਗਾਇਆ ਗਿਆ। ਇਸ ਕੈਂਪ ਦੀ ਅਗਵਾਈ ਪ੍ਰੋਜੈਕਟ ਚੇਅਰਮੈਨ ਡਾਕਟਰ ਹਰਜਿੰਦਰ ਸਿੰਘ ਓਬਰਾਏ ਨੇ ਕੀਤੀ। ਕੈਂਪ ਦੌਰਾਨ ਕਰੀਬ 1500 ਮਰੀਜ਼ਾਂ ਦੀ ਮੁਫ਼ਤ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਲੋੜੀਂਦੀਆਂ ਦਵਾਈਆਂ ਵੀ ਮੁਫ਼ਤ ਵੰਡੀਆਂ ਗਈਆਂ। ਵੱਡੀ ਗਿਣਤੀ ਵਿੱਚ ਪਹੁੰਚੇ ਲੋਕਾਂ ਨੇ ਇਸ ਪਹਿਲ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਕੈਂਪ ਸਮਾਜ ਲਈ ਬਹੁਤ ਲਾਭਦਾਇਕ ਹੁੰਦੇ ਹਨ। ਰੋਟਰੀ ਕਲੱਬ ਦੇ ਪ੍ਰਧਾਨ ਅਵਤਾਰ ਸਿੰਘ ਨੇ ਡਾ. ਓਬਰਾਏ ਅਤੇ ਉਨ੍ਹਾਂ ਦੀ ਟੀਮ ਦੇ ਯਤਨਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਸੇਵਾ ਕਾਰਜਾਂ ਰਾਹੀਂ ਸਮਾਜ ਨੂੰ ਤੰਦਰੁਸਤ ਅਤੇ ਜਾਗਰੂਕ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਕੈਂਪ ਲਗਾਤਾਰ ਕਰਵਾਏ ਜਾਣਗੇ ਤਾਂ ਜੋ ਵੱਧ ਤੋਂ ਵੱਧ ਲੋੜਵੰਦ ਲੋਕਾਂ ਤੱਕ ਇਲਾਜ ਦੀ ਸਹੂਲਤ ਪਹੁੰਚ ਸਕੇ। ਕਾਰਜਕ੍ਰਮ ਦੌਰਾਨ ਅਭਿਸ਼ੇਕ, ਸੁਮਿਤ ਕੁਮਾਰ, ਸੰਦੀਪ ਕੁਮਾਰ, ਮਨੋਜ ਓਹਰੀ, ਇੰਦਰਪਾਲ ਸਚਦੇਵਾ, ਜਸਵੰਤ ਭੋਗਲ ਅਤੇ ਵਿਕਰਮ ਸ਼ਰਮਾ ਸਮੇਤ ਕਈ ਗਣਮਾਨਯ ਵਿਅਕਤੀ ਮੌਜੂਦ ਰਹੇ। ਸਭ ਨੇ ਮਿਲ ਕੇ ਇਸ ਸਮਾਗਮ ਨੂੰ ਸਫਲ ਬਣਾਉਣ ਵਿੱਚ ਆਪਣਾ ਯੋਗਦਾਨ ਪਾਇਆ।



## ਪੱਛਮੀ ਏਸ਼ੀਆ 'ਚ ਅਮਨ ਦੀ ਸੰਭਾਵਨਾ....... (ਸਫ਼ਾ 4 ਦੀ ਬਾਕੀ)

ਇਜ਼ਰਾਈਲ ਵਿਚ ਕੂਟਨੀਤੀ ਦੀ ਐਨੀ ਵਿਰੋਧਤਾ ਕਿਉਂ ਹੋ ਰਹੀ ਹੈ।

ਪਹਿਲੀ ਗੱਲ, ਹਾਂ, ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਸੱਤਾਧਾਰੀ ਜਮਾਤ ਜਾਂ ਸਰਕਾਰ ਦੇ ਲਈ ਫੌਜੀ ਕਾਰਵਾਈ ਕਰਨਾ ਆਸਾਨ ਹੁੰਦਾ ਹੈ, ਕਿਉਂ ਕਿ ਇਸ ਨਾਲ ਪ੍ਰਸ਼ੰਸਾ ਮਿਲਦੀ ਹੈ ਅਤੇ ਆਲੇ-ਦੁਆਲੇ ਦੇ ਹੋਰ ਲੋਕ ਵੀ ਨਾਲ ਜੁੜਦੇ ਹਨ । ਤੁਸੀਂ ਜਾਣਦੇ ਹੋ ਇਹ ਸਭ ਰਾਸ਼ਟਰਵਾਦੀ ਤੇ ਫੌਜਵਾਦੀ ਹੁੰਦਾ ਹੈ। ਫਿਰ ਜਦ ਦੇਸ਼ ਵਿਚ ਕੱਟੜ ਰਾਸ਼ਟਰਵਾਦ ਅਤੇ ਫੌਜਵਾਦ ਛਾਇਆ ਹੋਇਆ ਹੋਵੇ ਤਾਂ ਕੂਟਨੀਤੀ ਨੂੰ ਕੋਈ ਜਗ੍ਹਾ ਨਹੀਂ ਮਿਲਦੀ । ਰਾਜਸੀ ਨੇਤਾ ਜਾਣਦੇ ਹਨ ਕਿ ਜੇ ਅਸੀਂ ਕੂਟਨੀਤੀ ਦੀ ਗੱਲ ਕੀਤੀ ਤਾਂ ਰਾਜਸੀ ਖੁਦਕੁਸ਼ੀ ਵਾਂਗ ਹੋਵੇਗਾ । ਇਸ ਤਰ੍ਹਾਂ ਇੱਕ ਦੁਸ਼ਟ ਚੱਕਰ ਬਣਿਆ ਹੋਇਆ ਹੈ । ਸਿਆਸਤਦਾਨ ਅਜਿਹਾ ਮਾਹੌਲ, ਅਜਿਹੀ ਮਾਨਸਿਕਤਾ ਉਸਾਰਦੇ ਹਨ ਤੇ ਫਿਰ ਇਸ ਨੂੰ ਤਬਦੀਲ ਨਹੀਂ ਕਰ ਸਕਦੇ । ਬਹੁਤ ਮੁਸ਼ਕਲ ਹੈ ਦੇਸ਼ ਨੂੰ 1990ਵਿਆਂ ਵਿਚ ਵਾਪਸ ਲੈ ਕੇ ਜਾਣਾ, ਜਦ ਇਜ਼ਰਾਈਲ ਗੱਲਬਾਤ ਲਈ ਤਿਆਰ ਸੀ ।

? ਵਾਪਸ ਇਰਾਨ ਵੱਲ ਚਲਦੇ ਹਾਂ , ਇਸ ਕਹਾਣੀ ਦਾ ਅੰਤ ਕਦ ਤੇ ਕਿਵੇਂ ਹੋਵੇਗਾ, ਕੀ ਅਮਨ ਬਹਾਲ ਹੋ ਜਾਵੇਗਾ ਜਾਂ ਫਿਰ ਲੰਮੀ ਲੜਾਈ ਚਲਦੀ ਰਹੇਗੀ।

ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ, ਫਲਸਤੀਨ ਦੀ ਸਮੱਸਿਆ ਨੂੰ ਛੂਹਣ ਲਈ ਕੋਈ ਤਿਆਰ ਨਹੀਂ, ਨੇੜ ਭਵਿੱਖ ਵਿਚ ਅਮਨ ਤੇ ਸਥਿਰਤਾ ਕਾਇਮ ਨਹੀਂ ਹੋ ਸਕਦੀ । ਇਸ ਵਲ ਤੁਹਾਨੂੰ ਖਾਸ ਧਿਆਨ ਦੇਣਾ ਪਵੇਗਾ, ਕਿਉਂਕਿ ਸਮੱਸਿਆਵਾਂ ਦਾ ਮੂਲ ਆਧਾਰ ਇਹੀ ਹੈ ।ਮੈਂ ਇਹ ਨਹੀਂ ਕਹਿੰਦਾ ਕਿ ਫਲਸਤੀਨ ਦੇ ਮਸਲੇ ਕਾਰਨ ਇਰਾਨ ਇਜ਼ਰਾਈਲ ਉਪਰ ਹਮਲਾ ਕਰ ਰਿਹਾ ਹੈ, ਪਰ ਫਲਸਤੀਨ ਦਾ ਮਸਲਾ ਇਰਾਨ ਦੇ ਹਮਲੇ ਨੂੰ ਜਾਇਜ਼ ਬਣਾਉਂਦਾ ਹੈ । ਅਜਿਹਾ ਹੀ ਹਿਜ਼ਬੁੱਲਾ 'ਤੇ ਲਾਗੂ ਹੁੰਦਾ ਹੈ, ਹਮਾਸ ਉਪਰ ਵੀ । ਇਸ ਵਕਤ ਕੁਝ ਸਥਿਰਤਾ ਬਹਾਲ ਕਰਨ ਦੀ ਜ਼ਰੂਰਤ ਹੈ । ਸਭ ਤੋਂ ਪਹਿਲਾਂ ਅਮਰੀਕਾ ਅਤੇ ਇਰਾਨ ਗੱਲਬਾਤ ਕਰਕੇ ਜੰਗ ਬੰਦ ਕਰਨ । ਮੈਂ ਸਮਝਦਾ ਹਾਂ ਇਹ ਅਜੇ ਵੀ ਸੰਭਵ ਹੈ ।ਮੈਨੂੰ ਹੋਰ ਕੋਈ ਰਸਤਾ ਨਜ਼ਰ ਨਹੀਂ ਆ ਰਿਹਾ, ਕਿਉਂਕਿ ਇਰਾਨ ਕਾਫੀ ਮਜ਼ਬੂਤ ਹੈ । ਉਹਨਾਂ ਵਿਚ ਸਹਿਣ ਦੀ ਸ਼ਕਤੀ ਹੈ ।ਉਹਨਾਂ ਇਰਾਕ ਨਾਲ ਯੁੱਧ ਵਿਚ ਵੀ ਇਹ ਸਾਬਤ ਕੀਤਾ ਸੀ ਅਤੇ ਹੁਣ ਵੀ ਕਰ ਰਹੇ ਹਨ । ਇਜ਼ਰਾਈਲ ਵਰ੍ਹਿਆਂਬੱਧੀ ਇਹ ਨਹੀਂ ਸਹਾਰ ਸਕਦਾ । ਸੋ ਮੈਂ ਉਮੀਦ ਕਰਦਾ ਹਾਂ ਕਿ ਕੋਈ ਰਸਤਾ ਜ਼ਰੂਰ ਨਿਕਲ ਆਵੇਗਾ । ਮੇਰਾ ਵਿਚਾਰ ਹੈ ਕਿ ਟਰੰਪ ਮਹਿਸੂਸ ਕਰ ਰਿਹਾ ਹੈ ਕਿ ਬਹੁਤ ਵੱਡੀ ਗਲਤੀ ਉਹ ਕਰ ਬੈਠਾ ਹੈ, ਜਿਸ ਚੁਬਾਰੇ 'ਤੇ ਉਹ ਚੜ੍ਹਿਆ ਬੈਠਾ ਸੀ, ਉਸ ਤੋਂ ਹੇਠਾਂ ਉਤਰਨਾ ਪੈਣਾ ਹੈ , ਨਵਾਂ ਸਮਝੌਤਾ ਕਰਨ ਦੀ ਕੋਸ਼ਿਸ਼ ਕਰਨੀ ਹੋਵੇਗੀ।

ਜਦ ਅਮਰੀਕਾ ਇਰਾਨ ਵਿਚੋਂ ਨਿਕਲ ਜਾਵੇਗਾ ਤਾਂ ਇਜ਼ਰਾਈਲ ਦੀ ਕੋਈ ਹੈਸੀਅਤ ਨਹੀਂ ਰਹਿ ਜਾਂਦੀ, ਉਹ ਇਹ ਜੰਗ ਜਾਰੀ ਨਹੀਂ ਰੱਖ ਸਕਦਾ। ਲਿਬਨਾਨ ਦੀ ਤਾਂ ਰੱਖ ਸਕਦਾ ਹੈ, ਇਰਾਨ ਨਾਲ ਨਹੀਂ । ਸੋ ਇਸ ਤਰ੍ਹਾਂ ਇਰਾਨ ਨਾਲ ਜੰਗ ਖਤਮ ਹੋ ਸਕਦੀ ਹੈ, ਪਰ ਫਿਰ ਇਹ ਸਥਿਰਤਾ ਕੁਝ ਸਾਲਾਂ ਲਈ ਹੀ ਹੋਵੇਗੀ, ਦੁਬਾਰਾ ਮੁੜ ਓਸੇ ਜਗ੍ਹਾ 'ਤੇ ਆ ਜਾਵਾਂਗੇ ।

('ਦਾ ਹਿੰਦੂ' ਤੋਂ ਧੰਨਵਾਦ ਸਹਿਤ)

# ਸੰਪਰਕ : 94632-32402

## 200 ਗ੍ਰਾਮ ਹੈਰੋਇਨ ਸਮੇਤ 3 ਕਾਬੂ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਫ਼ਰੀਦਕੋਟ ਪੁਲਸ ਨੇ ਨਸ਼ਾ ਤਸਕਰੀ ਵਿਰੁੱਧ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਇੱਕ ਵੱਡੀ ਸਫਲਤਾ ਹਾਸਲ ਕਰਦਿਆਂ ਸੋਸ਼ਲ ਮੀਡੀਆ ਐਪ ਰਾਹੀਂ ਚੱਲ ਰਹੇ ਨਸ਼ਾ ਤਸਕਰੀ ਦੇ ਨੈੱਟਵਰਕ ਨੂੰ ਬੇਨਕਾਬ ਕੀਤਾ ਹੈ। ਪੁਲਸ ਨੇ 200 ਗ੍ਰਾਮ ਹੈਰੋਇਨ ਸਮੇਤ 3 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਹਾਈਟੈਕ ਤਰੀਕਿਆਂ ਨਾਲ ਨਸ਼ੇ ਦਾ ਕਾਰੋਬਾਰ ਕਰ ਰਹੇ ਸਨ।ਡਾ. ਪ੍ਰਗਿਆ ਜੈਨ, ਐਸ.ਐਸ.ਪੀ. ਫ਼ਰੀਦਕੋਟ ਨੇ ਦੱਸਿਆ ਕਿ ਇਹ ਕਾਰਵਾਈ ਜੋਗੇਸ਼ਵਰ ਸਿੰਘ ਗੋਰਾਇਆ ਐਸ.ਪੀ. (ਇਨਵੈਸਟੀਗੇਸ਼ਨ) ਅਤੇ ਇਕਬਾਲ ਸਿੰਘ ਡੀ.ਐਸ.ਪੀ. ਜੈਤੋ ਦੀ ਰਹਿਨੁਮਾਈ ਹੇਠ ਥਾਣਾ ਬਾਜਾਖਾਨਾ ਦੀ ਪੁਲਸ ਵੱਲੋਂ ਅਮਲ ਵਿੱਚ ਲਿਆਂਦੀ ਗਈ। ਫ਼ਰੀਦਕੋਟ-ਬਠਿੰਡਾ ਹੱਦ 'ਤੇ ਸਥਿਤ ਪਿੰਡ ਡੋਡ ਕੋਲ ਨਾਕਾਬੰਦੀ ਦੌਰਾਨ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਨੂੰ ਸ਼ੱਕ ਦੇ ਅਧਾਰ 'ਤੇ ਰੋਕਿਆ ਗਿਆ, ਜਿਨ੍ਹਾਂ ਦੀ ਤਲਾਸ਼ੀ ਲੈਣ 'ਤੇ ਭਾਰੀ ਮਾਤਰਾ ਵਿੱਚ ਹੈਰੋਇਨ ਬਰਾਮਦ ਹੋਈ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਹਿਚਾਣ ਅਨੰਦ ਕੁਮਾਰ ਪਾਂਡੇ, ਅਜੈ ਕੁਮਾਰ ਅਤੇ ਨਿਖਿਲ ਕੁਮਾਰ ਵਜੋਂ ਹੋਈ ਹੈ, ਜੋ ਕਿ ਲੁਧਿਆਣਾ ਦੇ ਰਹਿਣ ਵਾਲੇ ਹਨ।ਪੁਲਸ ਨੇ ਇਹਨਾਂ ਕੋਲੋਂ 200 ਗ੍ਰਾਮ ਹੈਰੋਇਨ, 1 ਕੰਪਿਊਟਰ ਕੰਡਾ (ਤੋਲਣ ਲਈ), 2 ਮੋਬਾਇਲ ਫ਼ੋਨ 1 ਮੋਟਰਸਾਈਕਲ ਬਰਾਮਦ ਕੀਤਾ ਹੈ।ਮੁੱਢਲੀ ਪੁੱਛਗਿੱਛ ਵਿੱਚ ਇੱਕ ਹੈਰਾਨੀਜਨਕ ਖੁਲਾਸਾ ਹੋਇਆ ਹੈ। ਦੋਸ਼ੀ ਪੁਲਸ ਦੀ ਨਜ਼ਰ ਤੋਂ ਬਚਣ ਲਈ ਸਨੈਪਚੈਟ ਐਪ ਦੀ ਵਰਤੋਂ ਕਰਦੇ ਸਨ। ਨਸ਼ੇ ਦੀ ਖੇਪ ਦੀ ਸਪਲਾਈ, ਲੋਕੇਸ਼ਨ ਅਤੇ ਪੈਸਿਆਂ ਦੇ ਲੈਣ-ਦੇਣ ਦੀ ਸਾਰੀ ਜਾਣਕਾਰੀ ਇਸੇ ਐਪ ਰਾਹੀਂ ਸਾਂਝੀ ਕੀਤੀ ਜਾਂਦੀ ਸੀ ਤਾਂ ਜੋ ਕੋਈ ਪੱਕਾ ਸਬੂਤ ਨਾ ਰਹੇ।ਥਾਣਾ ਬਾਜਾਖਾਨਾ ਵਿਖੇ ਦੋਸ਼ੀਆਂ ਖਿਲਾਫ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਪੁਲਸ ਅਧਿਕਾਰੀਆਂ ਅਨੁਸਾਰ ਮੁਲਜ਼ਮਾਂ ਦਾ ਅਦਾਲਤ ਤੋਂ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ ਤਾਂ ਜੋ ਇਸ ਨੈੱਟਵਰਕ ਦੇ ਬੈਕਵਰਡ ਅਤੇ ਫਾਰਵਰਡ ਲਿੰਕਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਸਕੇ।

## ਗੰਦਗੀ ਦੇ ਮਾਮਲੇ 'ਚ ਪੰਜਾਬ 'ਚ ਨੰਬਰ ਵਨ ਹੈ ਮਿੰਨੀ ਸਕੱਤਰੇਤ ਦੀ ਬਹੁ-ਮੰਜ਼ਲੀ ਪਾਰਕਿੰਗ



**ਲੁਧਿਆਣਾ (ਰੈਕਟਰ ਕਥੂਰੀਆ)**-ਮੇਰਾ ਰੰਗਲਾ ਪੰਜਾਬ ਮੇਰਾ ਖੁਸ਼ਹਾਲ ਪੰਜਾਬ।ਇਹ ਨਾਅਰੇ ਲੋਕਾਂ ਦੇ ਦਿਮਾਗ ਵਿੱਚ ਪਾਉਣ ਲਈ ਪੰਜਾਬ ਸਰਕਾਰ ਨੇ ਪ੍ਰਚਾਰ ਮੁਹਿੰਮਾਂ ਚਲਾ ਕੇ ਕਰੋੜਾਂ ਰੁਪਏ ਵੀ ਖਰਚ ਕੀਤੇ ਹਨ। ਪਰ ਇਸ ਪ੍ਰਚਾਰ ਮੁਹਿੰਮ ਦੀ ਹਕੀਕਤ ਨਨ ਸਾਹਮਣੇ ਲਿਆਂਦਾ ਹੈ ਉਘੇ ਪੱਤਰਕਾਰ ਅਤੇ ਖੱਬੇ-ਪੱਖੀ ਆਗੂ ਐਮ ਐਸ ਭਾਟੀਆ ਨੇ। ਇਸ ਮਕਸਦ ਲਈ ਉਹਨਾਂ ਬਾਕਾਇਦਾ ਇਸ ਥਾਂ 'ਤੇ ਬਣੀ ਬਹੁ ਮੰਜ਼ਲੀ ਇਮਾਰਤ ਦੀਆਂ ਸਾਰੀਆਂ ਮੰਜ਼ਲਾਂ ਦਾ ਦੌਰਾ ਵੀ ਕੀਤਾ। ਉਹਨਾਂ ਦੇਖਿਆ ਕਿ ਧੂੰਆਂਧਾਰ ਪ੍ਰਚਾਰ ਦੇ ਬਾਵਜੂਦ ਹਕੀਕਤ ਇਹਨਾਂ ਦਾਅਵਿਆਂ ਤੋਂ ਬਿਲਕੁਲ ਹੀ ਉਲਟੀ ਹੈ। ਮਿੰਨੀ ਸਕੱਤਰੇਤ ਦੇ ਗੇਟ 'ਤੇ ਬਣੀ ਇਹ ਬਹੁ ਮੰਜ਼ਲੀ ਪਾਰਕਿੰਗ ਚੀਕ ਚੀਕ ਕੇ ਪੁਕਾਰ ਰਹੀ ਹੈ ਕਿ ਕੁਝ ਰਹੀਮ ਕਰੋ ਅਤੇ ਮੇਰੀ ਸਾਫ ਸਫਾਈ ਵੱਲ ਧਿਆਨ ਦਿਓ। ਕਾਮਰੇਡ ਭਾਟੀਆ ਨੇ ਸੁਆਲ ਕੀਤਾ ਕਿ ਸਾਫ ਸਫਾਈ ਦੀ ਜ਼ਿੰਮੇਵਾਰੀ ਆਖਿਰ ਕਿਸ ਦੀ ਹੈ ? ਇਹ ਪਾਰਕਿੰਗ ਡਿਪਟੀ ਕਮਿਸ਼ਨਰ ਦੇ ਦਫਤਰ ਤੋਂ ਸਿਰਫ ਕੁਝ ਹੀ ਮੀਟਰ 'ਤੇ ਹੈ । ਇਸ ਤੋਂ ਵੀ ਅਫਸੋਸ ਵਾਲੀ ਗੱਲ ਇਹ ਹੈ ਕਿ ਇਹ ਐਡੀਸ਼ਨਲ ਡਿਪਟੀ ਕਮਿਸ਼ਨਰ (ਏ ਡੀ ਸੀ) ਡਿਵੈਲਪਮੈਂਟ ਦੇ ਗੇਟ ਦੇ ਬਿਲਕੁਲ ਸਾਹਮਣੇ ਹੈ। ਜਿੱਥੋਂ ਏ ਡੀ ਸੀ ਸਾਹਿਬ ਅੰਦਰ ਜਾਂਦੇ ਤੇ ਬਾਹਰ ਆਉਂਦੇ ਹਨ। ਏਨਾ ਮਹੱਤਵਪੂਰਨ ਅਤੇ ਅਹਿਮ ਸਥਾਨ ਹੋਣ ਦੇ ਬਾਵਜੂਦ ਏ ਡੀ ਸੀ ਸਾਹਿਬ ਦੇ ਦਫਤਰ ਦੇ ਬਾਹਰ ਦਾ ਹਾਲ ਦੇਖ ਲਓ। ਪਾਰਕਿੰਗ ਦੀ ਸਾਫ ਸਫਾਈ ਦੇਖ ਲਵੋ। ਦੂਸਰੀ ਸਭ ਤੋਂ ਵੱਡੀ ਗੱਲ ਪਾਰਕਿੰਗ ਦੀ ਲਿਫਟ ਦਾ ਬੰਦ ਹੋਣਾ ਵੀ ਹੈ।ਅਸੀਂ ਇਹ ਪ੍ਰਸ਼ਾਸਨ ਤੋਂ ਮੰਗ ਕਰਦੇ ਹਾਂ ਕਿ ਇਸ ਤੋਂ ਪਹਿਲਾਂ ਕਿ ਕੋਈ ਮੰਦਭਾਗੀ ਘਟਨਾ ਵਾਪਰੇ ਇਸ ਲਿਫਟ ਨੂੰ ਬਿਨਾਂ ਦੇਰੀ ਕੀਤੇ ਚਾਲੂ ਕੀਤਾ ਜਾਵੇ।

## ਚੇਅਰਮੈਨ ਸ਼ਰਮਾ ਦੀ ਅਗਵਾਈ ਹੇਠ ਮੀਟਿੰਗ 'ਚ ਵਪਾਰੀਆਂ ਦੀਆਂ ਮੁਸ਼ਕਲਾਂ ਸਣੀਆਂ



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ)**-ਪੰਜਾਬ ਟਰੇਡ ਕਮਿਸ਼ਨ ਧੂਰੀ ਦੇ ਚੇਅਰਮੈਨ ਪੁਸ਼ਪਿੰਦਰ ਸ਼ਰਮਾ ਦੀ ਅਗਵਾਈ ਹੇਠ ਸਥਾਨਕ ਬੱਸ ਸਟੈਂਡ ਰੋਡ ਮਾਰਕਿਟ ਵਿਖੇ ਕਮਿਸ਼ਨ ਦੀ ਹੋਈ ਮੀਟਿੰਗ 'ਚ ਵਪਾਰੀਆਂ ਦੀਆਂ ਮੁਸ਼ਕਿਲਾਂ ਸਣੀਆਂ।ਮੀਟਿੰਗ ਦੌਰਾਨ ਵੱਖ-ਵੱਖ ਵਪਾਰਕ ਵਰਗਾਂ ਨਾਲ ਸੰਬੰਧਤ ਨੁਮਾਇੰਦਿਆਂ ਨੇ ਆਪੋ ਆਪਣੇ ਮੁੱਦੇ ਪ੍ਰਸ਼ਾਸਨਿਕ ਅਧਿਕਾਰੀਆਂ ਸਾਹਮਣੇ ਰੱਖੇ। ਚੇਅਰਮੈਨ ਪੁਸ਼ਪਿੰਦਰ ਸ਼ਰਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਪਾਰੀਆਂ ਦੀਆਂ ਮੁਸ਼ਕਲਾਂ ਦਾ ਨਿਵਾਰਨ ਕਰਨ ਲਈ ਉਨ੍ਹਾਂ ਦੇ ਦਰਵਾਜ਼ੇ ਤੱਕ ਪਹੁੰਚ ਕੇ ਹੱਲ ਕਰਨ ਲਈ ਵਚਨਬੱਧ ਹੈ ਅਤੇ ਸਰਕਾਰ ਵੱਲੋਂ ਸੂਬੇ ਅੰਦਰ ਵਪਾਰ ਲਈ ਸਾਜਗਾਰ ਮਾਹੌਲ ਤਿਆਰ ਕੀਤਾ ਗਿਆ ਹੈ। ਮੀਟਿੰਗ 'ਚ ਵਪਾਰੀਆਂ ਨੇ ਜੀ ਐਸ ਟੀ, ਖੁਰਾਕ ਸਪਲਾਈ, ਬਿਜਲੀ, ਮਜ਼ਦੂਰੀ ਤੇ ਹੋਰ ਪ੍ਰਸ਼ਾਸਨਿਕ ਸੇਵਾਵਾਂ ਨਾਲ ਸਬੰਧਤ ਮੁੱਦੇ ਉਠਾਏ। ਇਸ ਮੌਕੇ ਕਮਿਸ਼ਨ ਦੇ ਮੈਂਬਰਾਂ ਅਮਨ ਖਾਨ, ਬਲਾਲ ਖਾਨ, ਕੁਲਦੀਪ ਸਿੰਘ, ਦੀਪਕ ਵਰਮਾ ਅਵਤਾਰ ਸਿੰਘ, ਰਾਜਿੰਦਰ ਕੁਮਾਰ ਤੇ ਜਸਵੀਰ ਸਿੰਘ ਸਮੇਤ ਹੋਰ ਅਧਿਕਾਰੀ ਅਤੇ ਮਾਲੇਰਕੋਟਲਾ ਰੋਡ ਧੂਰੀ ਦੇ ਵਪਾਰੀ ਵੀ ਮੌਜੂਦ ਸਨ।

## ਬਲਿਕ ਕਾਲਜ 'ਚ ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਯਾਦ ਨੂੰ ਸਮਰਪਤ ਸਮਾਗਮ ਕਰਵਾਇਆ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਪਬਲਿਕ ਕਾਲਜ ਸਮਾਣਾ ਦੇ ਰੈਡ ਰਿਬਨ ਕਲੱਬ ਵਲੋਂ ਨਹਿਰੂ ਯੁਵਾ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਕਾਲਜ ਕੈਂਪਸ ਵਿਖੇ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਦੀ ਸ਼ਹਾਦਤ ਨੂੰ ਸਮਰਪਤ ਇੱਕ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ 200 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ।ਪ੍ਰੋਗਰਾਮ ਦੇ ਸ਼ੁਰੂ ਵਿੱਚ ਡਾ. ਹਰਕੀਰਤਨ ਕੌਰ ਨੇ ਸ਼ਹੀਦ ਭਗਤ ਸਿੰਘ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਨੇ ਵਿਦਿਆਰਥੀਆਂ ਨੂੰ ਸ਼ਹੀਦ ਭਗਤ ਸਿੰਘ ਦੇ ਸਿਧਾਂਤਾਂ ਤੇ ਚੱਲਣ ਅਤੇ ਆਜ਼ਾਦ ਵਿਚਾਰਧਾਰਾ ਅਪਣਾਉਣ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਨਹਿਰੂ ਯੁਵਾ ਕੇਂਦਰ ਪਟਿਆਲਾ ਤੋਂ ਪਹੁੰਚੇ ਵਿਸ਼ੇਸ਼ ਅਧਿਕਾਰੀ ਗੁਰਪ੍ਰੀਤ ਸਿੰਘ ਨੇ ਵਿਦਿਆਰਥੀਆਂ ਦਾ ਕੁਇਜ਼ ਮੁਕਾਬਲਾ ਕਰਵਾਇਆ।ਇਸ ਕੁਇਜ਼ ਮੁਕਾਬਲੇ ਵਿੱਚ ਕਾਰਤਿਕ ਬੀ.ਸੀ.ਏ ਭਾਗ ਦੂਜਾ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ 1500 ਰੁਪਏ, ਪ੍ਰਵੀਨ ਕੌਰ ਬੀ.ਐਡ. ਭਾਗ ਦੂਜਾ ਨੇ ਦੂਜਾ ਸਥਾਨ ਪ੍ਰਾਪਤ ਕਰਕੇ 1000 ਰੁਪਏ ਅਤੇ ਦੀਪਿਕਾ ਬੀ.ਏ.ਭਾਗ ਦੂਜਾ ਨੇ ਤੀਜਾ ਸਥਾਨ ਪ੍ਰਾਪਤ ਕਰਕੇ 500 ਰੁਪਏ ਦੀ ਨਗਦ ਇਨਾਮੀ ਰਾਸ਼ੀ ਜਿੱਤੀ।ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਨੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।ਉਪਰੰਤ ਵਿਦਿਆਰਥੀਆਂ ਨੇ ਕਾਲਜ ਕੈਂਪਸ ਵਿੱਚ ਇੱਕ ਰੈਲੀ ਵੀ ਕੱਢੀ।ਇਸ ਮੌਕੇ ਵਿਦਿਆਰਥੀਆਂ ਨੇ ਕਾਲਜ ਕੈਂਪਸ ਵਿੱਚ ਸਫਾਈ ਮੁਹਿੰਮ ਵਿੱਚ ਭਾਗ ਲਿਆ।ਪ੍ਰੋ. ਪਲਵਿੰਦਰ ਕੌਰ, ਪ੍ਰੋ. ਰੁਪਿੰਦਰ ਕੌਰ ਅਤੇ ਪ੍ਰੋ ਹਰਪ੍ਰੀਤ ਕੌਰ ਵੀ ਇਸ ਪ੍ਰੋਗਰਾਮ ਦੌਰਾਨ ਮੌਜੂਦ ਰਹੇ।

## ਦੌਲਤਪੁਰ, ਮੱਲੂਮਾਜਰਾ, ਬਮਾਲ ਨੂੰ ਜਾਂਦੀ ਸੜਕ ਦਾ ਨਿਰਮਾਣ ਸ਼ੁਰੂ



**ਧੂਰੀ (ਮਨੋਹਰ ਸਿੰਘ ਸੱਗੂ)**-ਗੁਰੂ ਤੇਗ ਬਹਾਦਰ ਪਬਲਿਕ ਸਕੂਲ ਬਰੜਵਾਲ ਨੇੜਿਓਂ ਪਿੰਡ ਦੌਲਤਪੁਰ ਨੂੰ ਜਾਂਦੀ ਸੜਕ ਦਾ ਨਿਰਮਾਣ ਪੀ ਡਬਲਿਊ ਡੀ ਵਿਭਾਗ ਵੱਲੋਂ ਸ਼ੁਰੂ ਕਰ ਦਿੱਤਾ ਗਿਆ।ਇਸ ਸੜਕ ਦੇ ਨਿਰਮਾਣ ਤੇ ਕਰੀਬ 748,33 ਲੱਖ ਰੁਪਏ ਲਾਗਤ ਆਵੇਗੀ। ਇਸ ਸਬੰਧੀ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਇਸ ਸੜਕ ਦੇ ਰੱਖ ਰਖਾਵ ਦਾ ਕੰਮ ਪੰਜ ਸਾਲ ਦਾ ਹੋਵੇਗਾ ਜਿਸ ਦੀ ਜ਼ਿੰਮੇਵਾਰੀ ਠੇਕੇਦਾਰ ਦੀ ਹੋਵੇਗੀ ਤੇ ਇਸ ਨੂੰ ਬਹੁਤ ਚੰਗੀ ਤੇ ਮਜ਼ਬੂਤੀ ਨਾਲ ਬਣਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਦੀ ਕੁੱਲ ਲੰਬਾਈ ਕੁੱਲ ਕਰੀਬ 12 ਕਿਲੋਮੀਟਰ ਦੀ ਹੋਵੇਗੀ ਤੇ ਸੜਕ ਦੇ ਮੁਕੰਮਲ ਹੋਣ ਨਾਲ ਪਿੰਡ ਦੌਲਤਪੁਰ, ਮੱਲੂ ਮਾਜਰਾ, ਬਮਾਲ, ਘਨੌਰ ਖੁਰਦ ਪਿੰਡਾ ਦੇ ਲੋਕਾਂ ਦੀਆਂ ਮੁਸ਼ਕਲਾਂ ਘਟਣਗੀਆਂ। ਉਨ੍ਹਾਂ ਕਿਹਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਧੂਰੀ ਹਲਕੇ ਵਿੱਚ ਵਿਭਾਗ ਹਲਕੇ ਵਿੱਚ ਬਣਨ ਜਾ ਰਹੀਆਂ ਸੜਕਾਂ ਨੂੰ ਅਪਣੀ ਨਿਗਰਾਨੀ ਹੇਠ ਬਣਾ ਰਿਹਾ ਹੈ।

# ਨਸ਼ਾ ਤਸਕਰੀ ਗਰੋਹ ਦਾ ਪਰਦਾਫਾਸ਼, 150 ਗ੍ਰਾਮ ਹੈਰੋਇਨ ਤੇ 2 ਪਿਸਤੌਲਾਂ ਸਮੇਤ 3 ਕਾਬੂ

**ਦੋਰਾਹਾ (ਹਰਮਿੰਦਰ ਸੇਠ)**

ਗੈਂਗਸਟਰ ਖਿਲਾਫ਼ ਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਖੰਨਾ ਪੁਲਸ ਨੇ ਨਸ਼ਾ ਸਪਲਾਈ ਕਰਨ ਵਾਲੇ ਇੱਕ ਸਰਗਰਮ ਗਿਰੋਹ ਦਾ ਪਰਦਾਫਾਸ਼ ਕਰਦਿਆਂ ਵੱਡੀ ਸਫ਼ਲਤਾ ਹਾਸਲ ਕੀਤੀ ਹੈ।ਪੁਲਸ ਨੇ ਕਾਰਵਾਈ ਦੌਰਾਨ 150 ਗ੍ਰਾਮ ਹੈਰੋਇਨ ਤੇ 2 ਦੇਸੀ ਪਿਸਤੌਲਾਂ ਸਮੇਤ 3 ਮੁੱਖ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।ਇਸ ਸਬੰਧੀ ਮੁਕੱਦਮਾ ਨੰਬਰ 54 ਮਿਤੀ 18.03.2026 ਅਧੀਨ ਧਾਰਾਵਾਂ 21/29/61/85 ਐਨ.ਡੀ.ਪੀ.ਐਸ ਐਕਟ ਤੇ 25/54/59 ਆਰਮਜ਼ ਐਕਟ ਤਹਿਤ ਥਾਣਾ ਦੋਰਾਹਾ ਵਿੱਚ ਦਰਜ ਕੀਤਾ ਗਿਆ ਹੈ।ਇਹ ਕਾਰਵਾਈ ਪੰਜਾਬ ਦੇ ਡੀਜੀਪੀ ਸ੍ਰੀ ਗੌਰਵ ਯਾਦਵ ਤੇ ਡੀਆਈਜੀ ਲੁਧਿਆਣਾ ਰੇਂਜ ਸ੍ਰੀ ਸਤਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਐਸ.ਐਸ.ਪੀ ਖੰਨਾ ਡਾ. ਦਰਪਨ ਆਹਲੂਵਾਲੀਆ ਦੀ ਰਹਿਨੁਮਾਈ ਹੇਠ ਚਲਾਈ ਗਈ ਵਿਸ਼ੇਸ਼ ਮੁਹਿੰਮ ਦੌਰਾਨ ਕੀਤੀ ਗਈ।ਇਸ ਮੁਹਿੰਮ ਵਿੱਚ ਐਸ.ਪੀ (ਇਨਵੈਸਟੀਗੇਸ਼ਨ) ਸ੍ਰੀ ਪਵਨਜੀਤ ਸਿੰਘ, ਡੀਐਸਪੀ (ਇਨਵੈਸਟੀਗੇਸ਼ਨ) ਸ੍ਰੀ ਮੋਹਿਤ ਕੁਮਾਰ ਸਿੰਗਲਾ, ਇੰਸਪੈਕਟਰ ਅਕਾਸ਼ ਦੱਤ, ਇੰਚਾਰਜ ਥਾਣਾ ਦੋਰਾਹਾ, ਇੰਸਪੈਕਟਰ ਜਸਨਪ੍ਰੀਤ ਸਿੰਘ, ਇੰਚਾਰਜ ਸੀ.ਆਈ.ਏ ਖੰਨਾ ਅਤੇ ਨਾਰਕੋਟਿਕ ਸੈੱਲ ਦੀ ਟੀਮ ਸ਼ਾਮਲ ਰਹੀ।18 ਮਾਰਚ ਨੂੰ ਕਰੀਬ ਸ਼ਾਮ 5 ਵਜੇ ਲੁਧਿਆਣਾ ਤੋਂ ਦੋਰਾਹਾ ਆਉਂਦੇ ਦੱਖਣੀ ਬਾਈਪਾਸ ਨੇੜੇ ਪਿੰਡ ਦੀਪ ਨਗਰ ਗੁਰਥਲੀ ਵਿਖੇ ਪੁਲਿਸ ਵੱਲੋਂ ਸ਼ੱਕੀ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ।ਇਸ ਦੌਰਾਨ ਇੱਕ ਸਫੈਦ ਰੰਗ ਦੀ ਸਵਿਫਟ ਡਿਜ਼ਾਇਰ ਕਾਰ ਨੂੰ ਰੋਕ ਕੇ ਤਲਾਸ਼ੀ ਲਈ ਗਈ।ਕਾਰ ਵਿੱਚ ਸਵਾਰ ਦੋ ਨੌਜਵਾਨਾਂ ਕੋਲੋਂ ਡੈਸ਼ਬੋਰਡ ਵਿੱਚੋਂ 150 ਗ੍ਰਾਮ ਹੈਰੋਇਨ ਬਰਾਮਦ ਹੋਈ।ਪੁੱਛਗਿੱਛ ਦੌਰਾਨ ਦੋਸ਼ੀਆਂ ਦੀ ਪਛਾਣ ਲਵਪ੍ਰੀਤ ਸਿੰਘ ਉਰਫ਼ ਲਵ ਤੇ ਕੁਲਜਿੰਦਰ ਸਿੰਘ ਉਰਫ਼ ਕਮਲ ਵਜੋਂ ਹੋਈ।ਲਵਪ੍ਰੀਤ ਸਿੰਘ ਪਾਸੋਂ ਇੱਕ ਦੇਸੀ ਪਿਸਤੌਲ .32 ਬੋਰ ਅਤੇ 5 ਜ਼ਿੰਦਾ ਕਾਰਤੂਸ ਵੀ ਬਰਾਮਦ ਕੀਤੇ ਗਏ, ਜਿਸ ਉਪਰੰਤ ਆਰਮਜ਼ ਐਕਟ ਦੀਆਂ ਧਾਰਾਵਾਂ ਵੀ ਕੇਸ ਵਿੱਚ ਸ਼ਾਮਲ ਕੀਤੀਆਂ ਗਈਆਂ।ਅਗਲੀ ਜਾਂਚ ਦੌਰਾਨ ਕੁਲਵੰਤ ਸਿੰਘ ਉਰਫ਼ ਮੋਨੂ ਨੂੰ ਨਾਮਜ਼ਦ ਕਰਕੇ ਖਰੜ ਵਿਖੇ ਛਾਪੇਮਾਰੀ ਕਰਦਿਆਂ ਗ੍ਰਿਫ਼ਤਾਰ ਕੀਤਾ ਗਿਆ, ਜਿਸ ਪਾਸੋਂ ਵੀ ਇੱਕ ਦੇਸੀ ਪਿਸਤੌਲ .32 ਬੋਰ ਸਮੇਤ ਮੈਗਜ਼ੀਨ ਤੇ 2 ਜ਼ਿੰਦਾ ਕਾਰਤੂਸ ਬਰਾਮਦ ਹੋਏ।



ਪੁਲਸ ਜਾਂਚ ਵਿੱਚ ਸਾਹਮਣੇ ਆਇਆ ਕਿ ਇਹ ਸਾਰੇ ਦੋਸ਼ੀ ਜਗਰਾਉਂ ਇਲਾਕੇ ਨਾਲ ਸੰਬੰਧਿਤ ਹਨ ਤੇ ਸਥਾਨਕ ਪੱਧਰ 'ਤੇ ਗਿਰੋਹਬੰਦੀ ਕਰਦੇ ਸਨ।ਹੋਰ ਗਿਰੋਹਾਂ ਨਾਲ ਪੁਰਾਣੀ ਰੰਜਿਸ਼ ਕਾਰਨ ਇਨ੍ਹਾਂ ਨੇ ਗੈਰਕਾਨੂੰਨੀ ਹਥਿਆਰ ਆਪਣੇ ਪਾਸ ਰੱਖੇ ਹੋਏ ਸਨ।ਇਸ ਮਾਮਲੇ ਵਿੱਚ ਹੋਰ ਦੋ ਵਿਅਕਤੀਆਂ ਅੰਗਰੇਜ਼ ਸਿੰਘ ਤੇ ਜਸਵੰਤ ਸਿੰਘ ਨੂੰ ਵੀ ਨਾਮਜ਼ਦ ਕਰਕੇ ਗ੍ਰਿਫ਼ਤਾਰ ਕੀਤਾ ਗਿਆ ਹੈ।ਪੁਲਸ ਵੱਲੋਂ ਦੋਸ਼ੀਆਂ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਤੇ ਉਮੀਦ ਹੈ ਕਿ ਇਸ ਮਾਮਲੇ ਨਾਲ ਸੰਬੰਧਿਤ ਹੋਰ ਅਹਿਮ ਖੁਲਾਸੇ ਵੀ ਸਾਹਮਣੇ ਆਉਣਗੇ

## ਸਜ਼ਾ ਸੁਣਾਏ ਜਾਣ 'ਤੇ ਅਦਾਲਤੀ ਕੰਪਲੈਕਸ 'ਚੋਂ ਭੱਜੇ ਨੌਜਵਾਨ ਨੂੰ ਅਦਾਲਤ ਨੇ ਸੁਣਾਈ ਕੈਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕਰੀਬ ਇੱਕ ਸਾਲ ਪਹਿਲਾਂ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ 'ਤੇ ਪੁਲਸ ਮੁਲਾਜ਼ਮਾਂ ਨੂੰ ਧੱਕਾ ਦੇ ਕੇ ਹਿਰਾਸਤ 'ਚੋਂ ਫਰਾਰ ਹੋਏ ਨੌਜਵਾਨ ਨੂੰ ਸਥਾਨਕ ਅਦਾਲਤ ਵੱਲੋਂ ਕੈਦ ਦੀ ਸਜ਼ਾ ਸੁਣਾਏ ਜਾਣ ਦਾ ਸਮਾਚਾਰ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਸੰਦੀਪ ਸਿੰਘ ਵਾਸੀ ਪਿੰਡ ਘੜੂਆਂ(ਮੋਹਾਲੀ) ਜਿਸ ਵਿਰੁੱਧ ਮਿਤੀ 27/12/20 ਨੂੰ ਥਾਣਾ ਬੱਸੀ ਪਠਾਣਾਂ ਦੀ ਪੁਲਿਸ ਵਲੋਂ ਨਸ਼ਾ ਤਸਕਰੀ ਦੇ ਦੋਸ਼ਾਂ ਤਹਿਤ 22(ਸੀ) ਐਨ.ਡੀ.ਪੀ.ਐਸ. ਤਹਿਤ ਕੇਸ ਦਰਜ ਕੀਤਾ ਗਿਆ ਸੀ। ਉਕਤ ਮੁਕੱਦਮੇ ਸਬੰਧੀ ਪੁਲਿਸ ਦੀ ਚਲਾਨੀ ਗਾਰਦ ਪਟਿਆਲਾ ਜੇਲ੍ਹ ਤੋਂ ਮਿਤੀ 21/1/25 ਨੂੰ ਸੰਦੀਪ ਸਿੰਘ ਨੂੰ ਫ਼ਤਹਿਗੜ੍ਹ ਸਾਹਿਬ ਦੇ ਅਦਾਲਤ ਕੰਪਲੈਕਸ ਵਿੱਚ ਪੇਸ਼ੀ ਲਈ ਲੈ ਕੇ ਆਈ ਸੀ। ਜਿੱਥੇ ਬਾਅਦ ਦੁਪਹਿਰ ਮੁਕੱਦਮੇ ਦੀ ਸੁਣਵਾਈ ਕਰ ਰਹੀ ਸਪੈਸ਼ਲ ਅਦਾਲਤ ਨੇ ਉਕਤ ਮਾਮਲੇ 'ਚ ਸੰਦੀਪ ਸਿੰਘ ਨੂੰ ਦੋਸ਼ੀ ਮੰਨਦੇ ਹੋਏ 10 ਸਾਲ ਕੈਦ ਅਤੇ 1,00,000 ਜੁਰਮਾਨੇ ਦੀ ਸਜ਼ਾ ਸੁਣਾ ਦਿੱਤੀ। ਜਿਸ ਤੋਂ ਬਾਅਦ ਇੱਕ ਸਹਾਇਕ ਥਾਣੇਦਾਰ ਅਤੇ ਇੱਕ ਹੋਮ ਗਾਰਡ ਜਵਾਨ ਸੰਦੀਪ ਸਿੰਘ ਨੂੰ ਹਿਰਾਸਤ 'ਚ ਲੈ ਕੇ ਬਖਸ਼ੀਖਾਨੇ ਵੱਲ ਲਿਜਾ ਰਹੇ ਸਨ ਤਾਂ ਸੰਦੀਪ ਸਿੰਘ ਉਹਨਾਂ ਨੂੰ ਧੱਕਾ ਦੇ ਕੇ ਅਦਾਲਤ ਕੰਪਲੈਕਸ 'ਚੋਂ ਫਰਾਰ ਹੋ ਗਿਆ। ਜਿਸ ਸਬੰਧੀ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਿਸ ਵੱਲੋਂ ਸੰਦੀਪ ਸਿੰਘ ਵਿਰੁੱਧ ਮੁਕੱਦਮਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕੀਤੀ ਗਈ ਤੇ ਚਾਰ ਦਿਨ ਬਾਅਦ ਸੰਦੀਪ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।ਪੁਲਸ ਹਿਰਾਸਤ ਚੋਂ ਫ਼ਰਾਰ ਹੋਣ ਦੇ ਮਾਮਲੇ ਦੀ ਸੁਣਵਾਈ ਕਰ ਰਹੀ ਜੁਡੀਸ਼ੀਅਲ ਮੈਜਿਸਟ੍ਰੇਟ ਫ਼ਤਹਿਗੜ੍ਹ ਸਾਹਿਬ ਦੀ ਅਦਾਲਤ ਨੇ ਸੰਦੀਪ ਸਿੰਘ ਨੂੰ ਮਾਮਲੇ ਵਿੱਚ ਦੋਸ਼ੀ ਮੰਨਦੇ ਹੋਏ 1 ਸਾਲ 52 ਦਿਨ ਕੈਦ ਦੀ ਸਜ਼ਾ ਸੁਣਾਈ ਹੈ।

## ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**

ਸ਼ਹੀਦ ਕਾਮਰੇਡ ਅਮੋਲਕ ਸਿੰਘ ਔਲਖ ਭਵਨ ਵਿਖੇ ਏਟਕ 'ਚ ਸ਼ਾਮਲ ਵੱਖ-ਵੱਖ ਜਥੇਬੰਦੀਆਂ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਅਤੇ ਇਨਕਲਾਬੀ ਜੋਸ਼ ਨਾਲ ਮਨਾਇਆ ਗਿਆ।ਵੱਖ-ਵੱਖ ਵਰਗਾਂ ਦੇ ਆਗੂਆਂ ਨੇ ਇਕੱਠੇ ਹੋ ਕੇ ਸ਼ਹੀਦਾਂ ਦੀਆਂ ਤਸਵੀਰਾਂ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ ਅਤੇ 'ਇਨਕਲਾਬ ਜ਼ਿੰਦਾਬਾਦ, ਸਾਮਰਾਜਵਾਦ ਮੁਰਦਾਬਾਦ' ਦੇ ਅਕਾਸ਼ ਗੁੰਜਾਊ ਨਾਅਰੇ ਲਾਏ।ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਪ੍ਰੇਮ ਚਾਵਲਾ, ਸੋਮ ਨਾਥ ਅਰੋੜਾ ਅਤੇ ਪਾਵਰਕਾਮ ਪੈਨਸ਼ਨਰ ਯੂਨੀਅਨ ਦੇ ਚੰਦ ਸਿੰਘ ਡੋਡ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਇਨ੍ਹਾਂ ਮਹਾਨ ਸ਼ਹੀਦਾਂ ਨੇ ਹੱਸ ਕੇ ਫਾਂਸੀ ਦੇ ਰੱਸਿਆਂ ਨੂੰ ਚੁੰਮਿਆ ਸੀ।ਉਨ੍ਹਾਂ ਅਫ਼ਸੋਸ ਪ੍ਰਗਟਾਇਆ ਕਿ ਆਜ਼ਾਦੀ ਦੇ ਏਨੇ ਸਾਲਾਂ ਬਾਅਦ ਵੀ ਹਾਕਮਾਂ ਨੇ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਦੀ ਬਜਾਏ ਸਾਮਰਾਜਵਾਦ ਤੇ ਕਾਰਪੋਰੇਟ ਘਰਾਣਿਆਂ ਅੱਗੇ ਗੋਡੇ ਟੇਕ ਦਿੱਤੇ ਹਨ।ਹੋਰਨਾਂ ਤੋਂ ਇਲਾਵਾ ਗੋਰਾ ਪਿੱਪਲੀ (ਨਰੇਗਾ ਮਜ਼ਦੂਰ ਯੂਨੀਅਨ), ਇਕਬਾਲ ਸਿੰਘ ਢੁੱਡੀ ਤੇ ਬਲਕਾਰ ਸਿੰਘ ਸਹੋਤਾ (ਕਲਾਸ ਫੋਰ ਗੌਰਮਿੰਟ ਇੰਪਲਾਈਜ਼), ਚਰਨਜੀਤ ਸਿੰਘ ਚਮੇਲੀ, ਸੁਖਜਿੰਦਰ ਸਿੰਘ ਤੂੰਬੜਭੰਨ (ਕੁਲ ਹਿੰਦ ਕਿਸਾਨ ਸਭਾ), ਕਾਮਰੇਡ ਜਗਤਾਰ ਸਿੰਘ ਭਾਣਾ, ਬੋਹੜ ਸਿੰਘ ਔਲਖ ਅਤੇ ਰੇਸ਼ਮ ਸਿੰਘ ਜਟਾਣਾ ਸਮੇਤ ਵੱਡੀ ਗਿਣਤੀ ਵਿੱਚ ਪੈਨਸ਼ਨਰ ਤੇ ਕਿਸਾਨ ਆਗੂ ਹਾਜ਼ਰ ਸਨ।

# ਸਾਹਿਤ ਸਭਾ ਦੇ ਸਾਲਾਨਾ ਸਮਾਰੋਹ ਮੌਕੇ 7 ਸ਼ਖ਼ਸੀਅਤਾਂ ਦਾ ਸਨਮਾਨ

**ਜਗਰਾਉਂ (ਸੰਜੀਵ ਅਰੋੜਾ)**

ਸਾਹਿਤ ਸਭਾ (ਰਜਿ:) ਦਾ ਸਾਲਾਨਾ ਸਮਾਗਮ ਬੇਹੱਦ ਪ੍ਰਭਾਵਸ਼ਾਲੀ ਰਿਹਾ। ਸਮਾਗਮ ਦੀ ਪ੍ਰਧਾਨਗੀ ਬੀਬਾ ਬਲਵੰਤ ਨੇ ਕੀਤੀ, ਜਦਕਿ ਸੁਮੇਲ ਸਿੱਧੂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਆਰੰਭਤਾ ਵੇਲੇ ਸਭਾ ਦੇ ਪ੍ਰਧਾਨ ਅਵਤਾਰ ਜਗਰਾਉਂ ਨੇ ਆਏ ਹਾਜ਼ਰੀਨ ਨੂੰ ਜੀ ਆਇਆਂ ਆਖਿਆ ਤੇ ਸਭਾ ਦੀ ਸਲਾਨਾ ਰਿਪੋਰਟ ਪੜ੍ਹੀ। ਉਪਰੰਤ ਅਜੀਤ ਪਿਆਸਾ ਦੀ ਕਿਤਾਬ ਤੇਰੇ ਕਰਕੇ ਉੱਪਰ ਗੋਸ਼ਟੀ ਕਰਾਈ ਗਈ, ਜਿਸ ਦਾ ਪੇਪਰ ਐਚ. ਐਸ. ਡਿੰਪਲ ਨੇ ਪੜ੍ਹਿਆ। ਉਨ੍ਹਾਂ ਪਿਆਸਾ ਜੀ ਦੀ ਕਵਿਤਾ ਦਾ ਵਿਸ਼ਾ ਤੇ ਰੂਪਕ ਪੱਖਾਂ 'ਤੇ ਡੂੰਘੀ ਚਰਚਾ ਕੀਤੀ। ਸਤਵਿੰਦਰ ਕੌਰ ਕੁੱਸਾ ਨੇ ਅਜੀਤ ਪਿਆਸਾ ਦੀ ਸ਼ਾਇਰੀ ਬਾਰੇ ਰੌਚਿਕ ਤੱਥ ਪੇਸ਼ ਕੀਤੇ। ਇਸ ਮਗਰੋਂ ਡਾ. ਪਰਮਜੀਤ ਸਿੰਘ ਢੀਗਰਾ ਵੱਲੋਂ ਸੰਪਾਦਤ ਬੀਬਾ ਬਲਵੰਤ ਜੀ ਦੀ ਕਿਤਾਬ ਬੀਬਾ ਬਲਵੰਤ ਸ਼ਖ਼ਸੀਅਤ ਤੇ ਕਾਵਿ ਚਿੰਤਨ' ਲੋਕ ਅਰਪਣ ਕੀਤੀ ਗਈ। ਕਿਤਾਬ ਬਾਰੇ ਸੰਖੇਪ ਜਾਣਕਾਰੀ ਅਵਤਾਰ ਜਗਰਾਉਂ ਨੇ ਸਾਂਝੀ ਕੀਤੀ। ਮੁੱਖ ਮਹਿਮਾਨ ਸੁਮੇਲ ਸਿੱਧੂ ਨੇ ਸਾਹਿਤ ਸਭਾ ਜਗਰਾਉਂ ਦੀਆਂ ਸਰਗਰਮੀਆਂ ਤੇ ਸਭਾ ਦੇ ਇਤਿਹਾਸ ਬਾਰੇ ਗੱਲਾਂ ਸਾਂਝੀਆਂ ਕੀਤੀਆਂ ਅਤੇ ਅਜੋਕੇ ਸਾਹਿਤ ਤੇ ਸਾਹਿਤਕਾਰਾਂ ਬਾਰੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਉਪਰੰਤ ਸਨਮਾਨ ਸਮਾਰੋਹ ਵਿੱਚ ਸਨਮਾਨਤ ਸ਼ਖ਼ਸੀਅਤਾਂ ਬਾਰੇ ਤੇ ਉਨ੍ਹਾਂ ਦੇ ਸਾਹਿਤਕ ਸਫ਼ਰ ਬਾਰੇ ਸਟੇਜ ਸਕੱਤਰ ਰਾਜਦੀਪ ਤੂਰ ਨੇ ਸੰਖੇਪ ਜਾਣਕਾਰੀ ਸਾਂਝੀ ਕੀਤੀ। ਦੂਰਦਰਸ਼ਨ ਦੇ ਸੇਵਾਮੁਕਤ ਡਾਇਰੈਕਟਰ ਹਰਜੀਤ ਸਿੰਘ, ਉੱਘੀ ਤੇ ਹਰਮਨ ਪਿਆਰੀ ਗ਼ਜ਼ਲਗੋ ਸੁਖਵਿੰਦਰ ਅੰਮ੍ਰਿਤ, ਛੋਟੀ ਬਹਿਰ ਦੇ ਵੱਡੇ ਸ਼ਾਇਰ ਤਰਸੇਮ ਨੂਰ, ਉੱਘੇ ਚਿੰਤਕ, ਲੇਖਕ ਤੇ ਆਲੋਚਕ ਅਰਵਿੰਦਰ ਕੌਰ ਕਾਕੜਾ, ਸੂਫੀ ਰੰਗ ਵਾਲੀ ਸ਼ਾਇਰੀ ਕਰਨ ਵਾਲੀ ਸ਼ਾਇਰਾ ਰਿਤੂ ਵਾਸੂਦੇਵ, ਨੌਜਵਾਨ ਕਹਾਣੀਕਾਰ ਜਸਵਿੰਦਰ ਧਰਮਕੋਟ ਨੂੰ ਵਿਸ਼ੇਸ਼ ਸਨਮਾਨ ਨਾਲ ਨਿਵਾਜਿਆ ਗਿਆ। ਸਨਮਾਨ ਵਿੱਚ 5100 ਰੁਪਏ, ਮਾਣ ਪੱਤਰ, ਦੋਸ਼ਾਲਾ, ਡਾਇਰੀ ਤੇ ਪੈਨ ਭੇਟ ਕੀਤਾ ਗਿਆ। ਸਭਾ ਦੇ ਮੁੱਢਲੇ ਮੈਂਬਰ ਤੇ ਪ੍ਰਸਿੱਧ ਕਵੀ ਅਜੀਤ ਪਿਆਸਾ ਨੂੰ ਜ਼ਿੰਦਗੀ ਭਰ ਦੀਆਂ ਪ੍ਰਾਪਤੀਆਂ ਲਈ ਵਿਸ਼ੇਸ਼ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਸਨਮਾਨਿਤ ਸ਼ਖ਼ਸੀਅਤਾਂ ਦੇ ਸਾਹਿਤਕ, ਜੀਵਨ ਅਤੇ ਕਲਾਤਮਿਕ ਸਫ਼ਰ ਬਾਰੇ ਸੰਖੇਪ ਚਾਨਣਾ ਪਾਉਂਦਿਆਂ ਪ੍ਰੋ. ਕਰਮ ਸਿੰਘ ਸੰਧੂ, ਸਤਵਿੰਦਰ ਕੁੱਸਾ, ਅਮਰਜੀਤ ਕੌਰ ਮਾਹੀ, ਮੇਜਰ ਸਿੰਘ ਛੀਨਾ, ਦਰਸ਼ਨ ਬੋਪਾਰਾਏ ਤੇ ਪ੍ਰਭਜੋਤ ਸੋਹੀ ਨੇ ਭਾਵਪੂਰਨ ਤੇ ਦਿਲਚਸਪ ਤੱਥ ਪੇਸ਼ ਕੀਤੇ। ਸਭਾ ਵੱਲੋਂ ਸਵ. ਕੇਸਰ ਸਿੰਘ ਨੀਰ, ਭੁਪਿੰਦਰ ਧਾਲੀਵਾਲ (ਚੌਕੀਮਾਨ) ਦਸਤੂਰ ਪੰਜਾਬੀ ਅਤੇ ਬੀਬਾ ਬਲਵੰਤ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਪਰੰਤ ਕਵੀ ਦਰਬਾਰ ਵਿੱਚ ਗੁਲਸ਼ਨ ਦਿਆਲ ਯੂਐਸਏ, ਜਸਪ੍ਰੀਤ ਅਮਲਤਾਸ, ਮੇਜਰ ਸਿੰਘ ਛੀਨਾ, ਦਰਸ਼ਨ ਬੋਪਾਰਾਏ, ਹਰਕੋਮਲ ਬਰਿਆਰ, ਜਗਦੀਸ਼ਪਾਲ ਮਹਿਤਾ, ਗੁਰਮੀਤ ਸਿੰਘ, ਮਨੀ ਹਠੂਰ, ਸਰਦੂਲ ਸਿੰਘ ਲੱਖਾ, ਦੀਪ ਕੁਲਦੀਪ ਕੈਨੇਡਾ, ਗੁਰਪ੍ਰੀਤ ਧਰਮਕੋਟ, ਪਵਨਦੀਪ ਚੌਹਾਨ ਹੋਰਾਂ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ।

■ ਜੰਮਣ ਭੋਇੰ ਤੋਂ ਮਿਲਿਆ ਸਨਮਾਨ ਪਿਆਰ ਦੀ ਗਾਗਰ : ਹਰਜੀਤ ਸਿੰਘ



ਪ੍ਰਧਾਨਗੀ ਭਾਸ਼ਨ ਵਿੱਚ ਬੀਬਾ ਬਲਵੰਤ ਜੀ ਨੇ ਸਾਹਿਤ ਸਭਾ ਜਗਰਾਉਂ ਤੇ ਜਗਰਾਉਂ ਸ਼ਹਿਰ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਦੂਰਦਰਸ਼ਨ ਦੇ ਸੇਵਾਮੁਕਤ ਡਾਇਰੈਕਟਰ ਹਰਜੀਤ ਸਿੰਘ ਨੇ ਜਗਰਾਉਂ ਸ਼ਹਿਰ ਵਿਚ ਗੁਜ਼ਾਰੇ ਅਤੀਤ ਨੂੰ ਭਾਵੁਕਤਾ ਨਾਲ ਬਿਆਨ ਕੀਤਾ। ਹਰਜੀਤ ਸਿੰਘ ਨੇ ਆਖਿਆ ਕਿ ਉਹ ਜਗਰਾਉਂ ਸ਼ਹਿਰ ਦੀ ਪੈਦਾਇਸ਼ ਹਨ ਤੇ ਜੰਮਣ ਭੋਇੰ ਤੋਂ ਮਿਲੇ ਇਸ ਸਨਮਾਨ ਨੂੰ ਪ੍ਰਾਪਤ ਕਰਕੇ ਉਹ ਬੇਹੱਦ ਖੁਸ਼ ਤੇ ਭਾਵੁਕ ਹਨ।

## ਡਵੀਜ਼ਨ ਰਾਜਪੁਰਾ ਵਿਖੇ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼ ਸੈਮੀਨਾਰ



**ਰਾਜਪੁਰਾ (ਰਮੇਸ਼ ਕਟਾਰੀਆ)**-ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਡਵੀਜ਼ਨ ਰਾਜਪੁਰਾ ਅਤੇ ਪਾਵਰਕੌਮ ਟਰਾਸਕੋ ਪੈਨਸ਼ਨ ਯੂਨੀਅਨ ਪੰਜਾਬ ਡਵੀਜ਼ਨ ਰਾਜਪੁਰਾ ਦੇ ਸਾਥੀਆਂ ਵੱਲੋਂ 23 ਮਾਰਚ ਨੂੰ ਜਥੇਬੰਦੀ ਦੇ ਦਫ਼ਤਰ ਵਿਚ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ, ਸਾਥੀ ਬਲਜੀਤ ਕੁਮਾਰ ਵਿੱਤ ਸਕੱਤਰ ਪੰਜਾਬ, ਪੈਨਸ਼ਨਰ ਆਗੂ ਸਾਥੀ ਚਰਨ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸੈਮੀਨਾਰ ਵਿੱਚ ਪਹੁੰਚੇ ਸਾਥੀਆਂ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਬੁਲਾਰੇ ਸਾਥੀਆਂ ਵੱਲੋਂ ਸੈਮੀਨਾਰ ਵਿੱਚ ਸ਼ਹੀਦ ਭਗਤ ਸਿੰਘ ਨੂੰ ਯਾਦ ਕਰਦਿਆਂ ਉਹਨਾ ਦੇ ਜੀਵਨ 'ਤੇ ਚਾਨਣਾ ਪਾਇਆ ਗਿਆ। ਸਾਥੀ ਹਰਭਜਨ ਸਿੰਘ ਪਿਲਖਣੀ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਮੁਲਾਜ਼ਮ, ਮਜ਼ਦੂਰ, ਕਿਸਾਨ ਵਿਰੋਧੀ ਅਤੇ ਸਰਮਾਏਦਾਰੀ ਦੇ ਹੱਕ ਵਿੱਚ ਨਿਤ ਨਵੀਆਂ ਨੀਤੀਆਂ ਲਿਆ ਰਹੀ ਹੈ। ਸਾਨੂੰ ਸਾਡੇ ਸ਼ਹੀਦਾਂ ਵੱਲੋਂ ਦਰਸਾਏ ਗਏ ਰਾਹ 'ਤੇ ਚੱਲ ਕੇ ਇਨ੍ਹਾਂ ਨੀਤੀਆਂ ਦਾ ਵਿਰੋਧ ਕਰਨ ਦੀ ਲੋੜ ਹੈ। ਸਾਨੂੰ ਸਾਰਿਆਂ ਨੂੰ ਇੱਕ ਚੰਗੇ ਸਮਾਜ ਦੀ ਸਿਰਜਣਾ ਕਰਨ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।ਇਸ ਸੈਮੀਨਾਰ ਵਿੱਚ ਸਾਥੀ ਸੁਖਦੇਵ ਸਿੰਘ ਸਰਕਲ ਸੀਨੀਅਰ ਮੀਤ ਪ੍ਰਧਾਨ, ਸਾਥੀ ਕੁਲਦੀਪ ਸਿੰਘ ਡਵੀਜ਼ਨ ਪ੍ਰਧਾਨ, ਸਾਥੀ ਜਗਜੀਤ ਸਿੰਘ ਡਵੀਜ਼ਨ ਸਕੱਤਰ, ਸਾਥੀ ਬਲਬੀਰ ਸਿੰਘ, ਸਾਥੀ ਨਰਿੰਦਰ ਮਨੌਰੀ,ਪੈਨਸ਼ਨਰ ਆਗੂ ਸਾਥੀ ਜਸਪਾਲ ਸਿੰਘ, ਸਾਥੀ ਜਿਸਤਾ ਨੰਦ, ਸਾਥੀ ਜੀਵਨ ਸਿੰਘ,ਸਾਥੀ ਸ਼ਾਮ ਸੁੰਦਰ ਅਤੇ ਹੋਰ ਸਰਗਰਮ ਆਗੂ ਸਾਥੀ ਅਤੇ ਸੈਂਕੜੇ ਵਰਕਰ ਸਾਥੀਆਂ ਨੇ ਸ਼ਮੂਲੀਅਤ ਕੀਤੀ।

## ਪੀ ਆਰ ਟੀ ਸੀ ਬੱਸ ਅਤੇ ਟਰੈਕਟਰ-ਟਰਾਲੀ ਦੀ ਟੱਕਰ, 15 ਵਿਅਕਤੀ ਜ਼ਖ਼ਮੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸੋਮਵਾਰ ਦੇਰ ਸ਼ਾਮ ਚੰਡੀਗੜ੍ਹ ਤੋਂ ਸਰਹਿੰਦ ਨੂੰ ਆ ਰਹੀ ਪੀ.ਆਰ.ਟੀ.ਸੀ. ਦੀ ਇੱਕ ਬੱਸ ਬਡਾਲੀ ਆਲਾ ਸਿੰਘ ਥਾਣੇ ਦੇ ਨੇੜੇ ਹਾਦਸੇ ਦਾ ਸ਼ਿਕਾਰ ਹੋ ਗਈ।ਇਸ ਹਾਦਸੇ ਵਿੱਚ ਬੱਸ ਡਰਾਈਵਰ ਸਮੇਤ ਲਗਭਗ 15 ਯਾਤਰੀ ਜ਼ਖ਼ਮੀ ਹੋ ਗਏ।ਸਾਰੇ ਜ਼ਖ਼ਮੀਆਂ ਨੂੰ ਤੁਰੰਤ ਇਲਾਜ ਲਈ ਫਤਹਿਗੜ੍ਹ ਸਾਹਿਬ ਦੇ ਸਿਵਲ ਹਸਪਤਾਲ ਅਤੇ ਨੇੜਲੇ ਸਿਹਤ ਕੇਂਦਰਾਂ ਵਿੱਚ ਭਰਤੀ ਕਰਵਾਇਆ ਗਿਆ।ਮਾਮੂਲੀ ਜ਼ਖ਼ਮੀ ਯਾਤਰੀਆਂ ਨੂੰ ਮੈਡੀਕਲ ਸਹਾਇਤਾ ਦੇਣ ਉਪਰੰਤ ਘਰ ਭੇਜ ਦਿੱਤਾ ਗਿਆ, ਜਦਕਿ ਗੰਭੀਰ ਜ਼ਖ਼ਮੀਆਂ ਦਾ ਇਲਾਜ ਜਾਰੀ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਇਹ ਹਾਦਸਾ ਬੀਤੀ ਸ਼ਾਮ ਕਰੀਬ ਪੌਣੇ ਅੱਠ ਵਜੇ ਵਾਪਰਿਆ।ਮੌਕੇ 'ਤੇ ਮੌਜੂਦ ਦੁਕਾਨਦਾਰਾਂ ਨੇ ਦੱਸਿਆ ਕਿ ਚੰਡੀਗੜ੍ਹ ਵੱਲੋਂ ਆ ਰਹੀ ਪੀ.ਆਰ.ਟੀ.ਸੀ. ਬੱਸ ਦੀ ਸਿੱਧੀ ਟੱਕਰ ਬਡਾਲੀ ਆਲਾ ਸਿੰਘ ਥਾਣੇ ਦੇ ਬਿਲਕੁਲ ਨਾਲ ਮੋੜ ਮੁੜ ਰਹੀ ਆਲੂਆਂ ਨਾਲ ਭਰੀ ਟਰੈਕਟਰ ਟਰਾਲੀ ਨਾਲ ਹੋ ਗਈ।ਟੱਕਰ ਇੰਨੀ ਜ਼ੋਰਦਾਰ ਸੀ ਕਿ ਬੱਸ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਅਤੇ ਬੱਸ ਵਿੱਚ ਸਵਾਰ ਕਈ ਸਵਾਰੀਆਂ ਆਪਣੀਆਂ ਸੀਟਾਂ ਤੋਂ ਹੇਠਾਂ ਡਿਗ ਪਈਆਂ।ਬੱਸ ਵਿੱਚ ਕਰੀਬ 40 ਯਾਤਰੀ ਸਵਾਰ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਮਾਮੂਲੀ ਸੱਟਾਂ ਲੱਗੀਆਂ।ਲਗਭਗ 15 ਯਾਤਰੀਆਂ ਨੂੰ ਗੰਭੀਰ ਸੱਟਾਂ ਕਾਰਨ ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ।ਬੱਸ ਦੇ ਡਰਾਈਵਰ ਦੀ ਪਹਿਚਾਣ ਗੀਤਇੰਦਰ ਸਿੰਘ ਵਾਸੀ ਸਰਹਿੰਦ ਵਜੋਂ ਦੱਸੀ ਜਾ ਰਹੀ ਹੈ ਜਿਸ ਦੇ ਇਸ ਹਾਦਸੇ ਵਿੱਚ ਗੰਭੀਰ ਜ਼ਖ਼ਮੀ ਹੋਣ ਕਾਰਨ ਉਸ ਨੂੰ ਇੱਕ ਨਿੱਜੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ।ਮਾਮਲੇ ਦੀ ਜਾਂਚ ਕਰ ਰਹੇ ਥਾਣਾ ਬਡਾਲੀ ਆਲਾ ਸਿੰਘ ਦੇ ਏ.ਐਸ.ਆਈ. ਬਲਕਾਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਸਥਾਨਕ ਲੋਕਾਂ ਦੀ ਮਦਦ ਨਾਲ ਜ਼ਖ਼ਮੀਆਂ ਨੂੰ ਬਾਹਰ ਕੱਢਿਆ ਅਤੇ ਐਂਬੂਲੈਂਸਾਂ ਰਾਹੀਂ ਹਸਪਤਾਲਾਂ ਵਿੱਚ ਪਹੁੰਚਾਇਆ।ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਬਲਾਕ ਨਿਹਾਲ ਸਿੰਘ ਵਾਲਾ ਦੀ ਮੀਟਿੰਗ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਪ੍ਰਧਾਨ ਗੁਰਮੇਲ ਸਿੰਘ ਮਾਨ ਦੌਧਰ ਦੀ ਅਗਵਾਈ ਵਿੱਚ ਕਾਮਰੇਡ ਗੁਰਬਖਸ਼ ਸਿੰਘ ਯਾਦਗਾਰੀ ਹਾਲ ਵਿਖੇ 23 ਮਾਰਚ ਦੇ ਸ਼ਹੀਦਾਂ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਸਿੰਘ ਦੀ ਯਾਦ ਨੂੰ ਸਮਰਪਤ ਸ਼ਰਧਾਂਜਲੀ ਸਮਾਰੋਹ ਦੇ ਰੂਪ ਵਿੱਚ ਕੀਤੀ ਗਈ ਮੀਟਿੰਗ ਦੀ ਸ਼ੁਰੂਆਤ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਕੇ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਹੋਇਆਂ ਸੂਬਾ ਜਨਰਲ ਸਕੱਤਰ ਗੁਰਮੇਲ ਸਿੰਘ ਮਾਛੀਕੇ, ਜ਼ਿਲ੍ਹਾ ਜਨਰਲ ਸਕੱਤਰ ਰਜਿੰਦਰ ਸਿੰਘ ਲੋਪੋ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਕਿਵੇਂ ਦੇਸ਼ ਦੇ ਲੋਕਾਂ ਨੂੰ ਉਹਨਾਂ ਦੇ ਹੱਕ ਦਿਵਾਉਣ ਲਈ ਅਤੇ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਲੋਕਾਂ ਦੇ ਗਲੋਂ ਲਹੁਣ ਲਈ ਅਜ਼ਾਦੀ ਦੇ ਸੰਘਰਸ਼ ਵਿੱਚ ਯੋਗਦਾਨ ਪਾਉਂਦਿਆਂ ਹੋਇਆਂ ਬਹੁਤ ਛੋਟੀ ਉਮਰ ਵਿੱਚ ਫਾਂਸੀ ਦੇ ਤਖਤਿਆਂ ਉੱਪਰ ਝੂਲ ਗਏ। ਉਹਨਾਂ ਕਿਹਾ ਕਿ ਸਾਨੂੰ ਇਹਨਾਂ ਸ਼ਹੀਦਾਂ ਤੋਂ ਪ੍ਰੇਰਨਾ ਲੈਂਦਿਆਂ ਹੋਇਆਂ ਜਥੇਬੰਦੀ ਦੇ ਸੰਘਰਸ਼ਾਂ ਵਿੱਚ ਮੂਹਰਲੀ ਕਤਾਰ ਵਿੱਚ ਸ਼ਾਮਲ ਹੋਕੇ ਯੋਗਦਾਨ ਪਾਉਣ ਲਈ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ। ਸੀਨੀਅਰ ਮੀਤ ਪ੍ਰਧਾਨ ਜਗਸੀਰ ਸਿੰਘ ਹਿੰਮਤਪੁਰਾ, ਚੇਅਰਮੈਨ ਸੋਹਣ ਸਿੰਘ ਸੈਦੋਕੇ, ਬਹਾਦਰ ਸਿੰਘ ਮੱਲੇਆਣਾ ਨੇ ਕਿਹਾ ਸਰਕਾਰਾਂ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਹੋ ਕੇ ਕਿਵੇਂ ਸਮੇਂ ਸਮੇਂ 'ਤੇ ਵੱਖ-ਵੱਖ ਤਰ੍ਹਾਂ ਦੇ ਕਾਨੂੰਨ ਲੈ ਕੇ ਆ ਰਹੀਆਂ ਹਨ, ਜਿਸ ਵਿੱਚ ਆਮ ਗਰੀਬ ਮਜ਼ਦੂਰਾਂ ਕਿਸਾਨਾਂ ਦੀ ਅੰਨ੍ਹੀ ਲੁੱਟ ਹੋ ਰਹੀ ਹੈ ਅਤੇ ਮੈਡੀਕਲ ਪ੍ਰੈਕਟੀਸ਼ਨਰਾਂ ਜੋ ਕਿ ਗਰੀਬ ਅਤੇ ਮਿਹਨਤਕਸ਼ ਲੋਕਾਂ ਨੂੰ ਬਹੁਤ ਸਸਤੇ ਰੇਟਾਂ ਤੇ ਮੁਢਲੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾ ਰਹੇ ਹਨ ਉਹਨਾਂ ਦਾ ਰੁਜ਼ਗਾਰ ਬੰਦ ਕਰਵਾਉਣ ਲਈ ਕੋਝੀਆਂ ਚਾਲਾਂ ਚੱਲ ਰਹੀਆਂ ਹਨ। ਬਲਾਕ ਪ੍ਰਧਾਨ ਗੁਰਮੇਲ ਸਿੰਘ ਮਾਨ, ਸਰਪ੍ਰਸਤ ਰਛਿੰਦਰ ਸਿੰਘ ਰਣੀਆ ਨੇ ਮੈਡੀਕਲ ਪ੍ਰੈਕਟੀਸ਼ਨਰਾਂ ਖ਼ਿਲਾਫ਼ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰ ਪਿੰਡਾਂ ਸ਼ਹਿਰਾਂ ਕਸਬਿਆਂ ਅਤੇ ਬਸਤੀਆਂ ਵਿੱਚ ਬਹੁਤ ਥੋੜ੍ਹੇ ਜਿਹੇ ਪੈਸਿਆਂ ਵਿੱਚ ਆਪਣੀਆਂ ਮੁਢਲੀਆਂ ਸਿਹਤ ਸਹੂਲਤਾਂ ਪ੍ਰਦਾਨ ਕਰ ਰਹੇ ਹਨ ਅਤੇ ਲੱਖਾਂ ਦੀ ਗਿਣਤੀ ਵਿੱਚ ਪ੍ਰੈਕਟੀਸ਼ਨਰ ਸਵੈਰੋਜ਼ਗਾਰ ਦੇ ਜ਼ਰੀਏ ਆਪਣੇ ਪਰਵਾਰਾਂ ਦਾ ਪਾਲਣ ਪੋਸ਼ਣ ਕਰ ਰਹੇ ਹਨ। ਇਹਨਾਂ ਪਰਵਾਰਾਂ ਦੇ ਮੂੰਹ ਵਿੱਚੋਂ ਰੋਟੀ ਖੋਹਣ ਵਾਲੇ ਇਸ ਫ਼ੈਸਲੇ ਨੂੰ ਮਾਣਯੋਗ ਸੁਪਰੀਮ ਕੋਰਟ ਵੱਲੋਂ ਤੁਰੰਤ ਰੱਦ ਕੀਤਾ ਜਾਵੇ ਨਹੀਂ ਤਾਂ ਸਮਾਜ ਵਿੱਚ ਵੱਡੀ ਉਥਲ ਪੁਥਲ ਹੋਣ ਦੀਆਂ ਸੰਭਾਵਨਾਵਾਂ ਵਿੱਚ ਵਾਧਾ ਹੋ ਸਕਦਾ ਹੈ। ਕੁਝ ਕੁ ਗਲਤ ਅਨਸਰ ਹਰ ਕਿੱਤੇ ਹਰ ਵਰਗ ਵਿੱਚ ਹੁੰਦੇ ਹਨ, ਉਹਨਾਂ ਦੇ ਨਾਮ ਨਾਲ ਨਾਮ ਜੋੜ ਕੇ ਪ੍ਰੈਕਟੀਸ਼ਨਰਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ ਅਤੇ ਝੋਲਾ ਛਾਪ ਵਰਗੀ ਭੱਦੀ ਸ਼ਬਦਾਵਲੀ ਵਰਤ ਕੇ ਅਪਮਾਨਤ ਕਰਨ ਅਤੇ ਲੋਕ ਵਿਰੋਧੀ ਕਨੂੰਨ ਬਣਾ ਕੇ ਕਿੱਤੇ ਨੂੰ ਬੰਦ ਕਰਵਾਉਣਾ ਇਸ ਸਮੱਸਿਆ ਦਾ ਹੱਲ ਨਹੀਂ। ਲੱਖਾਂ ਲੋਕਾਂ ਦੀ ਜ਼ਿੰਦਗੀ ਨਾਲ ਜੁੜੇ ਇਸ ਮਸਲੇ ਉੱਤੇ ਫੈਸਲਾ ਲੈਣ ਤੋਂ ਪਹਿਲਾਂ ਇੱਕ ਜਨਤਕ ਸਰਵੇਖਣ ਕਰਕੇ ਜ਼ਮੀਨੀ ਹਕੀਕਤ ਨੂੰ ਜਾਂਚ ਲਿਆ ਜਾਵੇ ਕਿ ਮੈਡੀਕਲ ਪ੍ਰੈਕਟੀਸ਼ਨਰ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਹਨ ਜਾਂ ਵਰਦਾਨ। ਓਧਰ ਕੁਆਲੀਫਾਈਡ ਸ਼ਹਿਰੀ ਡਾਕਟਰਾਂ ਨੂੰ ਸਿਰਫ਼ ਮਿਲਣ ਲਈ ਹੀ 200 ਤੋਂ ਲੈ ਕੇ 1000 ਰੁਪਏ ਤੱਕ ਪਰਚੀ ਦੇ ਰੂਪ ਵਿੱਚ ਹੀ ਵਸੂਲ ਕਰ ਲਏ ਜਾਂਦੇ ਹਨ। ਜਨਰਲ ਸਕੱਤਰ ਅਮਨਪ੍ਰੀਤ ਸਿੰਘ ਦੌਧਰ, ਮੀਤ ਪ੍ਰਧਾਨ ਕੇਵਲ ਸਿੰਘ ਮਾਛੀਕੇ ਨੇ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰਾਂ ਦੇ ਮਸਲੇ ਨੂੰ ਸਿਰਫ਼ ਕਨੂੰਨੀ ਮਸਲਾ ਨਾ ਸਮਝ ਕੇ ਇੱਕ ਸਮਾਜਿਕ ਮਸਲੇ ਦੇ ਤੌਰ 'ਤੇ ਵਿਚਾਰਿਆ ਜਾਣਾ ਚਾਹੀਦਾ ਹੈ। ਇਸ ਮੌਕੇ ਕੈਸ਼ੀਅਰ ਚਮਕੌਰ ਸਿੰਘ ਖਾਈ, ਰੁਪਿੰਦਰ ਸਿੰਘ ਦੀਦਾਰੇ ਵਾਲਾ, ਗਗਨ ਡਾਲਾ, ਗੁਰਪ੍ਰੀਤ ਸਿੰਘ ਰੌਂਤਾ, ਛਿੰਦਰਪਾਲ ਸਿੰਘ ਰਾਊਕੇ, ਪ੍ਰੈੱਸ ਸਕੱਤਰ ਭਗਵਾਨ ਸਿੰਘ ਖੋਟੇ ਆਦਿ ਹਾਜ਼ਰ ਸਨ।



## ਗੁਰਦੀਪ ਇੰਸਾਂ ਦੀਆਂ ਅਸਥੀਆਂ 'ਤੇ ਪੌਦਾ ਲਗਾਇਆ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਬਲਾਕ ਭੁੱਚੋ ਦੇ ਪਿੰਡ ਲਹਿਰਾ ਮੁਹੱਬਤ ਵਾਸੀ ਪ੍ਰੇਮੀ ਗੁਰਦੀਪ ਸਿੰਘ ਇੰਸਾਂ ਪੁੱਤਰ ਬਖਤੌਰ ਸਿੰਘ ਇੰਸਾਂ ਜੋ ਬੀਤੇ ਦਿਨੀਂ ਆਪਣੀ ਸੰਸਾਰਕ ਯਾਤਰੀ ਪੂਰੀ ਕਰਦੇ ਹੋਏ ਸੱਚਖੰਡ ਜਾ ਬਿਰਾਜੇ ਸਨ, ਦੇ ਪਰਵਾਰ ਵੱਲੋਂ ਸਸਕਾਰ ਉਪਰੰਤ ਉਹਨਾਂ ਦੀਆਂ ਅਸਥੀਆਂ ਉੱਪਰ ਸ਼ਾਹ ਸਤਿਨਾਮ ਜੀ ਰੂਹਾਨੀ ਧਾਮ ਰਾਜਗੜ੍ਹ ਸਲਾਬਤਪੁਰਾ ਵਿਖੇ ਵਾਤਾਵਰਣ ਨੂੰ ਸ਼ੁੱਧ ਤੇ ਹਰਿਆ ਭਰਿਆ ਰੱਖਣ ਲਈ ਪੌਦਾ ਲਗਾਇਆ ਗਿਆ। ਇਸ ਮੌਕੇ ਮਲਕੀਤ ਸਿੰਘ ਇੰਸਾਂ, ਅਭੀਜੀਤ ਸਿੰਘ ਇੰਸਾਂ, ਜਗਮੇਲ ਸਿੰਘ ਇੰਸਾਂ, ਹਰਮਨਦੀਪ ਸਿੰਘ ਇੰਸਾਂ, ਤੇਜਵੀਰ ਸਿੰਘ ਇੰਸਾਂ, ਕਰਮਜੀਤ ਕੌਰ ਇੰਸਾਂ ਅਤੇ ਜਸਵੀਰ ਕੌਰ ਇੰਸਾਂ ਆਦਿ ਹਾਜ਼ਰ ਸਨ।

## ਕਿਡਜ਼ ਸਮਾਰਟ ਸਕੂਲ ਦਾ ਸਾਲਾਨਾ ਨਤੀਜਾ ਸ਼ਾਨਦਾਰ



**ਸਮਾਣਾ (ਇਕਬਾਲ ਸਿੰਘ ਬੱਲ)**-ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਕਿਡਜ਼ ਸਮਾਰਟ ਸਕੂਲ ਵੱਲੋਂ ਅੱਜ ਸਾਲਾਨਾ ਪ੍ਰੀਖਿਆਵਾਂ ਦਾ ਨਤੀਜਾ ਬਹੁਤ ਹੀ ਉਤਸ਼ਾਹਪੂਰਵਕ ਮਾਹੌਲ ਵਿੱਚ ਐਲਾਨਿਆ ਗਿਆ।ਸਕੂਲ ਦਾ ਨਤੀਜਾ 100 ਫੀਸਦੀ ਰਿਹਾ। ਸਕੂਲ ਦੇ ਲਗਭਗ ਸਾਰੇ ਵਿਦਿਆਰਥੀਆਂ ਨੇ ਬਹੁਤ ਹੀ ਵਧੀਆ ਅੰਕਾਂ ਨਾਲ ਪ੍ਰੀਖਿਆ ਪਾਸ ਕੀਤੀ ਹੈ।ਕਈ ਹੋਣਹਾਰ ਬੱਚਿਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕਰਕੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ।ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਪ੍ਰਬੰਧਕਾਂ ਵੱਲੋਂ ਟਰਾਫੀਆਂ ਅਤੇ ਸਰਟੀਫਿਕੇਟ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਸਕੂਲ ਦੇ ਪ੍ਰਿੰਸੀਪਲ ਹਰਸ਼ਰਨਜੀਤ ਕੌਰ ਨੇ ਨਤੀਜੇ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਮੂਹ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ।ਮਾਪਿਆਂ ਨੇ ਸਕੂਲ ਦੇ ਆਧੁਨਿਕ ਪੜ੍ਹਾਉਣ ਦੇ ਤਰੀਕਿਆਂ ਅਤੇ ਹਰ ਬੱਚੇ ਵੱਲ ਦਿੱਤੇ ਜਾਂਦੇ ਨਿੱਜੀ ਧਿਆਨ ਦੀ ਭਰਪੂਰ ਸ਼ਲਾਘਾ ਕੀਤੀ।ਸਮਾਰੋਹ ਦੇ ਅੰਤ ਵਿੱਚ ਅਗਲੀਆਂ ਕਲਾਸਾਂ ਵਿੱਚ ਪ੍ਰਮੋਟ ਹੋਏ ਵਿਦਿਆਰਥੀਆਂ ਨੂੰ ਨਵੇਂ ਅਕਾਦਮਿਕ ਸੈਸ਼ਨ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ।

## ਸਰਕਾਰੀ ਹਸਪਤਾਲ ਹਠੂਰ 'ਚ ਤਪਦਿਕ ਦਿਵਸ ਮਨਾਇਆ



**ਹਠੂਰ (ਲਵਲੀ ਮਾਛੀਕੇ)**-ਸਰਕਾਰੀ ਹਸਪਤਾਲ ਹਠੂਰ ਦੇ ਐਸ ਐਮ ਓ ਡਾਕਟਰ ਅਮਨ ਸ਼ਰਮਾ ਦੀ ਅਗਵਾਈ ਹੇਠ ਹਠੂਰ ਵਿਖੇ ਵਿਸ਼ਵ ਤਪਦਿਕ ਦਿਵਸ ਮਨਾਇਆ ਗਿਆ।ਇਸ ਮੌਕੇ ਡਾਕਟਰ ਅਮਨ ਸ਼ਰਮਾ ਨੇ ਜਾਣਕਾਰੀ ਦਿੰਦਿਆ ਕਿਹਾ ਕਿ ਇਸ ਦੇ ਲੱਛਣ ਦੋ ਹਫ਼ਤੇ ਤੋਂ ਜ਼ਿਆਦਾ ਖਾਂਸੀ ਸ਼ਾਮ ਟਾਇਮ, ਹਲਕਾ ਹਲਕਾ ਬੁਖਾਰ ਹੋਣਾ, ਰਾਤ ਨੂੰ ਤਰੇਲੀਆਂ ਆਉਣੀਆਂ, ਵਜ਼ਨ ਘਟਣਾ, ਥੁੱਕ ਅਤੇ ਬਲਗਮ ਵਿੱਚੋਂ ਖ਼ੂਨ ਆਉਣਾ ਆਦਿ। ਇਸ ਤੋਂ ਬਚਾਅ ਸਬੰਧੀ ਆਪਣੇ ਬਲਗਮ ਦੀ ਜਾਂਚ ਕਰਵਾਈ ਜਾਵੇ, ਬਲਗਮ ਦੀ ਜਾਂਚ ਤੁਹਾਡੇ ਨਜ਼ਦੀਕੀ ਸੀ ਐਚ ਸੀ ਲੈਵਲ 'ਤੇ ਬਿਲਕੁੱਲ ਮੁਫ਼ਤ ਕੀਤੀ ਜਾਂਦੀ ਹੈ, ਐਮ ਡੀ ਆਰ ਟੀ ਬੀ ਦੀ ਜਾਂਚ ਮੁਫ਼ਤ ਕੀਤੀ ਜਾਂਦੀ ਹੈ, ਪੰਜਾਬ ਰਾਜ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਟੀ ਬੀ ਦੀ ਦਵਾਈ ਬਿਲਕੁੱਲ ਮੁਫ਼ਤ ਮਿਲਦੀ ਹੈ।ਇਸ ਮੌਕੇ ਜਸਵਿੰਦਰ ਕੌਰ ਐਲ਼ ਐਚ ਵੀ, ਜਸਵਿੰਦਰ ਕੌਰ ਏ ਐਨ ਐਮ, ਮੈਡੀਕਲ ਅਫ਼ਸਰ ਡਾਕਟਰ ਮਨਦੀਪ ਸਿੰਘ ਵਿਰਦੀ, ਨੀਰੂ ਅਰੋੜਾ ਫਾਰਮੇਸੀ ਅਫ਼ਸਰ,ਸਵਰਨ ਸਿੰਘ ਡੱਲਾ,ਕਮਲਜੀਤ ਕੌਰ, ਕੁਲਦੀਪ ਸਿੰਘ, ਗੁਰਵਿੰਦਰ ਕੌਰ ਨਰਸਿੰਗ ਸਿਸਟਰ, ਵੀਰਪਾਲ ਕੌਰ, ਪਵਨਜੀਤ ਕੌਰ, ਹਰਵਿੰਦਰ ਕੌਰ, ਰੋਹਿਤ ਸ਼ਰਮਾ, ਪ੍ਰਕਾਸ਼ ਸਿੰਘ ਬੀਹਲਾ ਹੈਲਥ ਇੰਸਪੈਕਟਰ, ਗੁਰਮੇਲ ਸਿੰਘ, ਕੁਲਜੀਤ ਸਿੰਘ, ਤੇਜਿੰਦਰਪਾਲ ਸਿੰਘ ਮਾਣੂੰਕੇ, ਹਰਮਿੰਦਰ ਸਿੰਘ, ਬੂਟਾ ਸਿੰਘ, ਵੀਨੂੰ ਸਿੰਗਲਾ ਹਾਜ਼ਰ ਸਨ।

## ਛੱਤੇਆਣਾ ਵਿਖੇ ਪਰਾਲੀ ਪ੍ਰਬੰਧਨ ਬਾਰੇ ਖੇਤ ਦਿਵਸ ਆਯੋਜਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਪਿੰਡ ਛੱਤੇਆਣਾ ਵਿਖੇ ਪਰਾਲੀ ਪ੍ਰਬੰਧਨ ਸਬੰਧੀ ਖੇਤ ਦਿਵਸ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਇਲਾਕੇ ਦੇ ਕਿਸਾਨਾਂ ਨੇ ਵੱਡੀ ਗਿਣਤੀ 'ਚ ਭਾਗ ਲਿਆ।ਡਾ. ਕਰਮਜੀਤ ਸ਼ਰਮਾ ਸਹਿਯੋਗੀ ਨਿਰਦੇਸ਼ਕ, ਕ੍ਰਿਸ਼ੀ ਵਿਗਿਆਨ ਕੇਂਦਰ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਪਰਾਲੀ ਸਾੜਨ ਨਾਲ ਵਾਤਾਵਰਣ ਤੇ ਮਿੱਟੀ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਕਿਹਾ ਕਿ ਪਰਾਲੀ ਦਾ ਸੁਚੱਜਾ ਪ੍ਰਬੰਧਨ ਕਰਕੇ ਨਾ ਸਿਰਫ਼ ਵਾਤਾਵਰਣ ਦੀ ਸੁਰੱਖਿਆ ਕੀਤੀ ਜਾ ਸਕਦੀ ਹੈ, ਸਗੋਂ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਬਰਕਰਾਰ ਰੱਖਿਆ ਜਾ ਸਕਦਾ ਹੈ।ਡਾ. ਵਿਵੇਕ ਕੁਮਾਰ, ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਨੇ ਪਰਾਲੀ ਪ੍ਰਬੰਧਨ ਨਾਲ ਸੰਬੰਧਤ ਵੱਖ-ਵੱਖ ਤਕਨੀਕਾਂ ਅਤੇ ਮਸ਼ੀਨਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਉਨ੍ਹਾਂ ਦੱਸਿਆ ਕਿ ਆਧੁਨਿਕ ਮਸ਼ੀਨਾਂ ਦੀ ਵਰਤੋਂ ਨਾਲ ਪਰਾਲੀ ਦਾ ਖੇਤ ਵਿੱਚ ਹੀ ਸੁਚੱਜਾ ਪ੍ਰਬੰਧਨ ਕਰਕੇ ਸਮੇਂ ਸਿਰ ਅਗਲੀ ਫ਼ਸਲ ਦੀ ਬਿਜਾਈ ਸੰਭਵ ਹੈ।

## ਸਿਵਲ ਹਸਪਤਾਲ 'ਚ ਅੱਖਾਂ ਦੇ ਓਪਰੇਸ਼ਨ ਦਾ ਕੈਂਪ ਲਾਇਆ



**ਸਮਰਾਲਾ (ਸੁਰਜੀਤ ਸਿੰਘ)**-ਸਿਵਲ ਹਸਪਤਾਲ ਵਿਖੇ ਸਿਵਲ ਸਰਜਨ ਲੁਧਿਆਣਾ ਡਾ. ਰਮਨਦੀਪ ਕੌਰ ਤੇ ਜ਼ਿਲ੍ਹਾ ਐਨ.ਪੀ.ਸੀ.ਬੀ. ਅਧਿਕਾਰੀ ਡਾਕਟਰ ਸੀਮਾ ਚੋਪੜਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਸਾਰਿਕਾ ਦੀ ਅਗਵਾਈ ਹੇਠ ਅੱਖਾਂ ਦੇ ਆਪਰੇਸ਼ਨ ਦਾ ਕੈਂਪ ਲਾਇਆ ਗਿਆ। ਐਸ.ਐਮ.ਓ. ਡਾ. ਸਾਰਿਕਾ ਨੇ ਦੱਸਿਆ ਕਿ ਸਿਵਲ ਹਸਪਤਾਲ ਦੀ ਟੀਮ ਵੱਲੋਂ ਸਮਰਾਲਾ, ਕੁੰਮਕਲਾਂ, ਸਾਹਨੇਵਾਲ, ਮਾਛੀਵਾੜਾ ਸਾਹਿਬ ਵਿਖੇ ਅੱਖਾਂ ਦੀ ਜਾਂਚ ਦੇ ਸੰਬੰਧੀ ਕੈਂਪ ਲਾਏ ਗਏ, ਜਿਸ ਵਿੱਚ ਮਰੀਜ਼ਾਂ ਦੇ ਅੱਖਾਂ ਦੇ ਅਪ੍ਰੇਸ਼ਨ ਸਫ਼ਲਤਾਪੂਰਵਕ ਕੀਤੇ ਗਏ।ਕੈਂਪ ਅੱਖਾਂ ਦੇ ਮਾਹਿਰ ਡਾ ਚਿਰਨਜੀਵ ਸਿੰਘ ਝੱਜ ਵੱਲੋਂ 11 ਮਰੀਜ਼ਾਂ ਦੇ ਚਿੱਟੇ ਮੋਤੀਏ ਦੇ ਅਪ੍ਰੇਸ਼ਨ ਕੀਤੇ ਗਏ।

## ਟਵੰਟੀ-ਟਵੰਟੀ ਕ੍ਰਿਕਟ : ਸ਼ਾਈਨ ਜਿਊਲਰਜ਼ ਨੇ ਐਸ.ਬੀ.ਐਸ. ਕਲੱਬ ਨੂੰ ਹਰਾ ਕੇ ਜਿੱਤੀ ਟਰਾਫ਼ੀ



**ਕੋਟਕਪੂਰਾ (ਰਛਪਾਲ ਭੁੱਲਰ)**-ਕੋਟਕਪੂਰਾ ਟਵੰਟੀ ਟਵੰਟੀ ਕ੍ਰਿਕਟ ਗਰਾਊਂਡ ਸੰਧਵਾ ਨੇ ਇਹ ਗਰਾਊਂਡ ਬਣਾ ਕੇ ਨੌਜਵਾਨਾਂ ਲਈ ਇੱਕ ਵੱਡਾ ਪਲੇਟਫਾਰਮ ਤਿਆਰ ਕੀਤਾ ਹੈ, ਜਿੱਥੇ ਹਰ ਤਰ੍ਹਾਂ ਦੇ ਖਿਡਾਰੀ ਕ੍ਰਿਕਟ ਖੇਡ ਕੇ ਆਪਣਾ ਮਨੋਰੰਜਨ ਕਰਕੇ ਆਪਣੀ ਸਿਹਤ ਦਾ ਧਿਆਨ ਰੱਖਦੇ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਦੂਜੇ ਡਾ. ਸੁਖਦੇਵ ਦੰਦਾ ਦਾ ਹਸਪਤਾਲ ਕ੍ਰਿਕਟ ਕੱਪ ਦੇ ਉਦਘਾਟਨ ਕਰਨ ਸਮੇਂ ਉੱਘੇ ਸਮਾਜ ਸੇਵੀ ਦਿਲਾਵਰ ਸਿੰਘ ਢੀਮਾਵਾਲੀ ਨੇ ਕੀਤਾ।ਉਨ੍ਹਾਂ ਕਿਹਾ ਕਿ ਅੱਜ ਨੌਜਵਾਨ ਗਰਾਊਂਡਾਂ ਨਾਲ ਜੁੜ ਕੇ ਹੀ ਜ਼ਿੰਦਗੀ ਵਿੱਚ ਨਿਮਰਤਾ ਤੇ ਨਿਯਮਬੱਧਤਾ 'ਚ ਪ੍ਰਪੱਕ ਹੋ ਸਕਦੇ ਹਨ ਅਤੇ ਜਿੱਤ ਹਾਰ ਸਾਡੀ ਜ਼ਿੰਦਗੀ ਦਾ ਹਿੱਸਾ ਹੈ।ਸਾਨੂੰ ਜ਼ਿੰਦਗੀ ਵਿੱਚ ਜਿੱਤ ਦੀ ਬਹੁਤੀ ਖੁਸ਼ੀ ਅਤੇ ਹਾਰ ਦਾ ਗਮ ਨਾ ਕਰਨਾ ਵੀ ਇਹ ਗਰਾਊਂਡਾਂ ਹੀ ਸਿਖਾਉਂਦੀਆਂ ਹਨ।ਸੁਖਦੇਵ ਦੰਦਾਂ ਦਾ ਹਸਪਤਾਲ ਕ੍ਰਿਕਟ ਕੱਪ ਦੇ ਮੁੱਖ ਸਪਾਂਸਰ ਡਾ. ਸੰਦੀਪ ਸਿੰਘ ਨੇ ਦੱਸਿਆ ਕਿ ਵਧੀਆ ਲੱਗਦਾ ਜਦੋਂ ਸਾਡੇ ਲੋਗੋ ਵਾਲੀਆਂ ਟੀ ਸ਼ਰਟਾਂ ਪਾ ਕੇ ਖਿਡਾਰੀ ਖੇਡਦੇ ਹਨ ਤਾਂ ਸਾਨੂੰ ਵੀ ਇੱਕ ਵੱਡੇ ਪਲੇਟਫਾਰਮ ਦਾ ਹਿੱਸਾ ਬਣਨ ਦਾ ਮੌਕਾ ਮਿਲਦਾ ਹੈ, ਜਿਸ ਨਾਲ ਸਮਾਜ ਲਈ ਕੁਝ ਚੰਗਾ ਕਰਨ ਲਈ ਦਾ ਸੁਪਨਾ ਵੀ ਪੂਰਾ ਹੋਇਆ ਤੇ ਨੌਜਵਾਨ ਖਿਡਾਰੀਆਂ ਨੂੰ ਇਸ ਟੂਰਨਾਮੈਂਟ ਵਿੱਚ ਖੇਡਣ ਲਈ ਧੰਨਵਾਦ ਵੀ ਕੀਤਾ।ਗਰਾਊਂਡ ਦੇ ਸੰਸਥਾਪਕ ਬਲਜੀਤ ਸਿੰਘ ਖੀਵਾ ਤੇ ਹਰਪ੍ਰੀਤ ਸਿੰਘ ਹਨੀ ਨੇ ਦੱਸਿਆ ਕਿ ਇਸ ਗਰਾਊਂਡ ਵਿੱਚ ਦਿਨ ਦੇ ਨਾਲ-ਨਾਲ ਰਾਤ ਵਾਲੇ ਟੂਰਨਾਮੈਂਟ ਵਿੱਚ ਖਿਡਾਰੀ ਵਧੇਰੇ ਉਤਸ਼ਾਹ ਨਾਲ ਖੇਡਦੇ ਹਨ ਇਹ ਗਰਾਊਂਡ ਕਾਰੋਬਾਰੀ, ਨੌਕਰੀ ਪੇਸ਼ਾ ਖਿਡਾਰੀਆਂ ਲਈ ਬਹੁਤ ਲਾਹੇਵੰਦ ਹੈ।ਗਰਾਊਂਡ ਦੇ ਮੈਨੇਜਰ ਸੁਖ ਸ਼ਰਮਾ ਨੇ ਦੱਸਿਆ ਕਿ ਇਸ ਦਿਨ ਵਾਲੇ ਟੂਰਨਾਮੈਂਟ ਵਿੱਚ 7 ਟੀਮਾਂ ਭਾਗ ਲੈ ਰਹੀਆਂ ਹਨ, ਜਿਨ੍ਹਾਂ ਦੇ ਮੈਚ ਕੇਵਲ ਸ਼ਨੀਵਾਰ ਤੇ ਐਤਵਾਰ ਹੀ ਕਰਾਏ ਜਾਂਦੇ ਹਨ ਤਾਂ ਜੁ ਸਰਕਾਰੀ ਪ੍ਰਾਈਵੇਟ ਨੌਕਰੀ ਵਾਲੇ ਵੀ ਆਪਣੇ ਖੇਡਣ ਦੇ ਸੁਪਨੇ ਨੂੰ ਪੂਰਾ ਕਰ ਸਕਣ।ਉਦਘਾਟਨੀ ਮੈਚ ਵਿੱਚ ਐਸ.ਬੀ.ਐਸ ਕਲੱਬ ਤੇ ਸ਼ਾਈਨ ਜਿਊਲਰ ਮੱਲ ਕੇ ਵਿਚਕਾਰ ਖੇਡਿਆ ਗਿਆ।ਸ਼ਾਈਨ ਜਿਊਲਰ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 24 ਓਵਰਾਂ ਵਿੱਚ 272 ਰਨ ਬਣਾਏ ਪਰ ਐਸ.ਬੀ.ਐਸ ਕਲੱਬ ਕੇਵਲ 114 ਰਨ ਬਣਾ ਕੇ ਹੀ ਟੀਮ ਆਲ ਆਊਟ ਹੋ ਗਈ।

# ਵਿਸ਼ਵ 'ਚ ਅਮਨ ਬਹਾਲੀ ਲਈ ਜੰਗਬਾਜ਼ ਮੁਲਕਾਂ ਤੇ ਸਾਮਰਾਜ ਵਿਰੁੱਧ ਇੱਕਜੁਟ ਹੋਣ ਦਾ ਸੱਦਾ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਟਰੰਪ ਤੇ ਜੰਗਬਾਜ਼ ਨੇਤਨਯਾਹੂ ਵੱਲੋਂ ਈਰਾਨ 'ਤੇ ਬਿਨਾਂ ਵਜ੍ਹਾ ਕੀਤੇ ਜਾ ਰਹੇ ਹਮਲਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਅਤੇ ਆਮ ਪਬਲਿਕ ਨੂੰ ਸਾਮਰਾਜ ਦੇ ਅਸਲ ਖ਼ਾਸੇ ਬਾਰੇ ਤੇੜਾਂ ਰਾਜਪੂਤਾਂ ਵਿਖੇ ਸਾ. ਸਰਪੰਚ ਤੇ ਸਮਾਜ ਸੇਵਕ ਲਖਬੀਰ ਸਿੰਘ ਤੇੜਾਂ ਦੀ ਪ੍ਰਧਾਨਗੀ ਵਿੱਚ ਆਯੋਜਿਤ ਮੀਟਿੰਗ ਵਿੱਚ ਬੋਲਦਿਆਂ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਤੇ ਜੇ. ਪੀ. ਐਮ. ਓ. (ਜਨਤਕ ਜਥੇਬੰਦੀਆਂ ਦਾ ਸਾਂਝਾ ਮੰਚ ) ਦੇ ਕਨਵੀਨਰ ਡਾ. ਸਤਨਾਮ ਸਿੰਘ ਅਜਨਾਲਾ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਨੇ ਆਮ ਲੋਕਾਂ ਨੂੰ ਦੱਸਿਆ ਸੀ ਕਿ ਜਿੰਨਾ ਚਿਰ ਦੁਨੀਆ 'ਚ ਸਾਮਰਾਜ ਰਹੇਗਾ ਉਨਾ ਚਿਰ ਕਦੀ ਵੀ ਅਮਨ ਸਥਾਪਿਤ ਨਹੀਂ ਹੋ ਸਕਦਾ। ਡਾ. ਅਜਨਾਲਾ ਨੇ ਦੱਸਿਆ ਕਿ ਅਮਰੀਕਨ ਸਾਮਰਾਜ ਤੇ ਜੰਗਬਾਜ਼ ਇਜ਼ਰਾਈਲ ਨੇ ਵੀ ਈਰਾਨ ਦਾ ਤੇਲ ਹਥਿਆਉਣ ਲਈ ਉਸ ਉਤੇ ਚੱਲ ਰਹੀ ਗੱਲਬਾਤ ਦੌਰਾਨ 28 ਫਰਵਰੀ ਨੂੰ ਅਚਾਨਕ ਵੱਡਾ ਹਮਲਾ ਕਰਕੇ ਖੁਮੈਨੀ ਸਮੇਤ ਪਹਿਲੀਂ ਕਤਾਰ ਦੇ ਰਾਜਨੀਤਿਕ ਲੀਡਰ ਅਤੇ ਉੱਚ ਪੱਧਰ ਦੇ ਫੌਜੀ ਜਰਨੈਲ ਮਾਰ ਦਿੱਤੇ।

ਈਰਾਨ ਦੇ ਨਾਲ ਦੁਨੀਆ ਭਰ 'ਚੋਂ ਹਮਦਰਦੀ ਜਤਾਈ ਜਾ ਰਹੀ ਹੈ ਅਤੇ ਟਰੰਪ ਵਿਰੁੱਧ ਡਾਢਾ ਗੁੱਸਾ ਪਾਇਆ ਜਾ ਰਿਹਾ ਹੈ। ਜੇ. ਪੀ. ਐਮ. ਓ. ਦੇ ਆਗੂ ਡਾ. ਸਤਨਾਮ ਸਿੰਘ ਅਜਨਾਲਾ ਨੇ ਲੋਕਾਂ ਨੂੰ ਹੋਕਾ ਦਿੱਤਾ ਕਿ ਆਉ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਾਮਰਾਜ ਵਿਰੁੱਧ ਇੱਕਜੁਟ ਹੋ ਕੇ ਅੱਗੇ ਆਈਏ ਅਤੇ ਇਜ਼ਰਾਈਲ ਦੇ ਜੋਟੀਦਾਰ ਅਤੇ ਟਰੰਪ ਦੇ ਯਾਰ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹਰਾਉਣ ਲਈ ਆਪਣੇ ਰਾਜਨੀਤਿਕ ਮੱਤਭੇਦ ਦੂਰ ਕਰਕੇ ਸੰਘਰਸ਼ਾਂ ਦੇ ਪਿੜ ਮੱਲੀਏ ਅਤੇ 'ਸਾਮਰਾਜ ਭਜਾਉ, ਮੋਦੀ ਹਰਾਉ ਤੇ ਦੇਸ਼ ਬਚਾਓ' ਨਾਅਰੇ ਨੂੰ ਸਾਕਾਰ ਕਰੀਏ।

ਇਸ ਸਮੇਂ ਹੋਰਨਾਂ ਤੋਂ ਇਲਾਵਾ ਸਾ. ਥਾਣੇਦਾਰ ਲਖਬੀਰ ਸਿੰਘ ਤੇੜਾਂ, ਸਰਬਜੀਤ ਸਿੰਘ, ਪਿਆਰਾ ਸਿੰਘ, ਵੀਰ ਸਿੰਘ ਮੈਂਬਰ, ਜੋਗਿੰਦਰ ਸਿੰਘ, ਧਨਵਿੰਦਰ ਸਿੰਘ, ਬੀਰਾ ਸਿੰਘ, ਗੁਰਮੁੱਖ ਸਿੰਘ, ਬਲਵਿੰਦਰ ਸਿੰਘ ਤੇੜਾਂ, ਨੌਜਵਾਨ ਆਗੂ ਪੱਪੂ ਸਿੰਘ, ਅਜੇ ਸਿੰਘ, ਹਰਿੰਦਰ ਸਿੰਘ ਹਰਦੀਪ ਸਿੰਘ, ਜਸ਼ਨ ਸਿੰਘ ਹਰਨੇਕ ਸਿੰਘ ਨੇਪਾਲ ਆਦਿ ਨੇ ਵੀ ਸਾਮਰਾਜ ਦਾ ਚੌਰਾਹੇ 'ਚ ਭਾਂਡਾ ਭੰਨਣ ਦਾ ਸੰਕਲਪ ਲਿਆ।

# ਹੱਕੀ ਮੰਗਾਂ ਲਈ ਆਸ਼ਾ ਵਰਕਰਾਂ ਦਾ ਰੋਸ ਪ੍ਰਦਰਸ਼ਨ ਅੱਠਵੇਂ ਦਿਨ 'ਚ ਦਾਖ਼ਲ

## * ਇਨਸਾਫ ਮਿਲਣ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ




**ਪੱਟੀ, (ਬਲਦੇਵ ਸਿੰਘ ਸੰਧੂ)**-ਆਲ ਇੰਡੀਆ ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਯੂਨੀਅਨ ਪੰਜਾਬ ਏਟਕ ਗਰੁੱਪ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਅੱਠਵੇਂ ਦਿਨ 'ਚ ਦਾਖ਼ਲ ਹੋ ਚੁੱਕਾ ਹੈ ਪਰ ਸਰਕਾਰ ਵੱਲੋਂ ਉਨ੍ਹਾਂ ਦੀਆਂ ਹੱਕੀ ਮੰਗਾਂ ਵੱਲ ਧਿਆਨ ਨਾ ਦੇਣਾ ਬੜੀ ਹੈਰਾਨੀ ਵਾਲੀ ਗੱਲ ਹੈ।ਉਨ੍ਹਾਂ ਵੱਲੋਂ ਬੀਤੇ ਦਿਨਾਂ ਤੋਂ ਕੰਮਕਾਜ ਠੱਪ ਰੱਖਣ ਕਾਰਨ ਸਰਕਾਰ ਤੇ ਆਮ ਲੋਕਾਂ ਦਾ ਵੱਡਾ ਨੁਕਸਾਨ ਹੋ ਰਿਹਾ।ਆਸ਼ਾ ਵਰਕਰਾਂ ਵੱਲੋਂ ਹਰੀਕੇ ਸਿਵਲ ਹਸਪਤਾਲ ਦੇ ਬਾਹਰ ਰੋਸ ਪ੍ਰਦਰਸ਼ਨ ਕਰਦਿਆਂ ਸਰਕਾਰ ਖ਼ਿਲਾਫ਼ ਜੰਮ ਕੇ ਭੜਾਸ ਕੱਢੀ ਗਈ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਕੌਰ ਹਰੀਕੇ ਨੇ ਦੱਸਿਆ ਕਿ ਸਰਕਾਰ ਵੱਲੋਂ ਉਨ੍ਹਾਂ ਦੀਆਂ ਮੰਗਾਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ।ਇਸ ਸਮੇਂ ਆਗੂਆਂ ਮੰਗ ਕੀਤੀ ਕਿ ਆਸ਼ਾ ਵਰਕਰਜ਼/ਫੈਸਿਲੀਟੇਟਰਜ਼ ਪਿਛਲੇ ਅਠਾਰਾਂ ਸਾਲ ਤੋਂ ਬੜੀ ਮਿਹਨਤ ਨਾਲ ਸਿਹਤ ਵਿਭਾਗ ਵਿਚ ਦਿਨ ਰਾਤ ਕੰਮ ਕਰਦੀਆਂ ਹਨ ਪਰ ਬਦਲੇ ਵਿਚ ਉਨ੍ਹਾਂ ਨੂੰ ਨਿਗੂਣੇ ਭੱਤੇ ਅਤੇ ਕੇਵਲ 2500 ਰੁਪਏ ਮਹੀਨੇ ਦੇ ਦਿੱਤੇ ਜਾਂਦੇ ਹਨ। ਪੰਜਾਬ ਸਰਕਾਰ ਨੇ ਉਨ੍ਹਾਂ ਨਾਲ ਵਾਅਦਾ ਖਿਲਾਫੀ ਕਰਦਿਆਂ ਚਾਰ ਸਾਲ ਬੀਤ ਜਾਣ ਦੇ ਬਾਵਜੂਦ 8 ਮਾਰਚ ਤੋਂ 11 ਮਾਰਚ ਨੂੰ ਪੇਸ਼ ਕੀਤੇ ਬਜਟ ਵਿਚ ਆਸ਼ਾ ਵਰਕਰਾਂ ਲਈ ਕੁਝ ਵੀ ਨਹੀਂ ਰੱਖਿਆ, ਜਿਸ ਕਰਕੇ ਸਾਨੂੰ ਮਜਬੂਰ ਹੋ ਕੇ 16 ਮਾਰਚ ਤੋਂ 28 ਮਾਰਚ ਤੱਕ ਸਾਰੇ ਕੰਮਾਂ ਦਾ ਬਾਈਕਾਟ ਕਰਨਾ ਪਿਆ।ਮਨਜਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਨਾਲ ਮੀਟਿੰਗ ਦਾ ਸਮਾਂ ਮਿਲਿਆ। ਜੇਕਰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਫ਼ੈਸਲਾ ਲਿਆ ਜਾਵੇਗਾ।ਸੰਘਰਸ਼ ਦੌਰਾਨ ਨੁਕਸਾਨ ਦੀ ਜ਼ੁੰਮੇਵਾਰੀ ਸੂਬਾ ਸਰਕਾਰ ਤੇ ਪ੍ਰਸ਼ਾਸਨ ਦੀ ਹੋਵੇਗੀ।ਇਸ ਮੌਕੇ ਰਣਜੀਤ ਕੌਰ ਕੋਟਦਾਤਾ, ਕ੍ਰਿਸ਼ਨਾ ਹਰੀਕੇ, ਪਰਮਜੀਤ ਕੌਰ ਭੱਗੂਪੁਰ, ਊਸ਼ਾ ਰਾਣੀ, ਮਮਤਾ, ਗੁਰਜਿੰਦਰ ਕੌਰ ਸਭਰਾ, ਬਲਜੀਤ ਕੌਰ ਆਦਿ ਆਗੂ ਹਾਜ਼ਰ ਸਨ।

# ਬਿਜਲੀ ਕਾਮਿਆਂ ਵੱਲੋਂ ਸਰਕਲ ਪੱਧਰੀ ਚੇਤਨਾ ਕਨਵੈਨਸ਼ਨ



ਧਾਰੀਵਾਲ, (ਮਨਦੀਪ ਵਿੱਕੀ)-ਪੀ. ਐੱਸ. ਈ. ਬੀ. ਇੰਪਲਾਈਜ਼ ਜੁਆਇੰਟ ਫ਼ੋਰਮ ਦੇ ਬਿਜਲੀ ਮੁਲਾਜ਼ਮ ਏਕਤਾ ਮੰਚ ਦੇ ਸੂਬਾ ਪੱਧਰੀ ਫ਼ੈਸਲੇ ਮੁਤਾਬਕ ਬਿਜਲੀ ਕਾਮਿਆਂ ਦੀ ਚੇਤਨਾ ਕਨਵੈਨਸ਼ਨ ਰਾਮ ਸਿੰਘ ਦੱਤ ਹਾਲ ਗੁਰਦਾਸਪੁਰ ਵਿਖੇ ਸਾਥੀ ਸਾਹਿਬ ਸਿੰਘ ਧਾਲੀਵਾਲ, ਦਿਲਬਾਗ ਸਿੰਘ ਬੂਟਰ, ਸੁਖਦੇਵ ਸਿੰਘ ਖੁੱਡਾਂ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਵਿਸ਼ੇਸ਼ ਤੌਰ 'ਤੇ ਸੂਬਾ ਆਗੂ ਰਵੇਲ ਸਿੰਘ ਸਹਾਏਪੁਰ, ਗੁਰਵੇਲ ਸਿੰਘ ਬੱਲਪੁਰੀਆ , ਬਲਵਿੰਦਰ ਉਦੀਪੁਰ ਸ਼ਾਮਲ ਹੋਏ। ਕਨਵੈਨਸ਼ਨ ਨੂੰ ਸੰਬੋਧਨ ਕਰਦੇ ਸੂਬਾਈ ਆਗੂਆਂ ਦੱਸਿਆ ਕਿ ਪਾਵਰਕਾਮ ਦੀ ਮੈਨੇਜਮੈਂਟ ਬਿਜਲੀ ਕਾਮਿਆਂ ਦੀਆਂ ਮੀਟਿੰਗਾਂ ਦੌਰਾਨ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਟਾਲ ਮਟੋਲ ਦੀ ਨੀਤੀ ਅਪਣਾ ਰਹੀ ਹੈ। ਮੈਨੇਜਮੈਂਟ ਦਾ ਰਵੱਈਆ ਗੈਰ-ਜ਼ਿੰਮੇਵਾਰ ਹੈ ਜਿਸ ਕਾਰਨ ਬਿਜਲੀ ਕਾਮਿਆਂ ਵੱਲੋਂ ਮਜਬੂਰ ਹੋ ਕੇ 10 ਅਪ੍ਰੈਲ ਨੂੰ ਪਾਵਰਕਾਮ ਦੇ ਮੁੱਖ ਦਫਤਰ ਪਟਿਆਲਾ ਵਿਖੇ ਜ਼ੋਰਦਾਰ ਪ੍ਰਦਰਸ਼ਨ ਕੀਤਾ ਜਾਵੇਗਾ ਕਿਉਂਕਿ ਮੈਨੇਜਮੈਂਟ ਮੁਲਾਜ਼ਮਾਂ ਦੀਆਂ ਮੰਗਾਂ ਜਿਵੇਂ ਕਿ ਬਿਜਲੀ ਸੋਧ ਬਿੱਲ 2025 ਰੱਦ ਕਰਨ ਬਾਰੇ, ਮਹਿਕਮੇ ਅੰਦਰ 50000 ਦੇ ਕਰੀਬ ਖਾਲੀ ਅਸਾਮੀਆਂ ਭਰਨ, ਮਹਿਕਮੇ ਦੀਆਂ ਬਹੁ-ਕੀਮਤੀ ਜਾਇਦਾਦਾਂ ਵੇਚਣ ਵਿਰੁੱਧ, ਨਵੀਂ ਭਰਤੀ ਪੂਰੀਆਂ ਤਨਖਾਹਾਂ ਤੇ ਭੱਤਿਆਂ ਸਮੇਤ ਕਰਨ ਬਾਰੇ, ਨਵੇਂ ਭਰਤੀ ਕੀਤੇ ਮੁਲਾਜ਼ਮਾਂ 'ਤੇ ਜਬਰੀ ਥੋਪੇ ਕੇਂਦਰੀ ਸਕੇਲ ਰੱਦ ਕਰਨ ਬਾਰੇ ਪਾਵਰਕਾਮ ਦੀ ਮੈਨੇਜਮੈਂਟ ਅਤੇ ਸਰਕਾਰ ਲਾਗੂ ਕਰਨ ਤੋਂ ਭੱਜ ਰਹੀ ਹੈ। ਇਸ ਲਈ ਬਿਜਲੀ ਕਾਮਿਆਂ ਵੱਲੋਂ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਵਿਰੁੱਧ ਜ਼ੋਰਦਾਰ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਅਮਨਦੀਪ ਸਿੰਘ ਧਾਲੀਵਾਲ, ਮਲਕੀਤ ਸਿੰਘ ਢਿੱਲੋਂ, ਦਲਜੀਤ ਸਿੰਘ ਸਿੱਧਵਾਂ, ਨਿਸ਼ਾਨ ਸਿੰਘ ਸੋਹਲ, ਸਲਵਿੰਦਰ ਕੁਮਾਰ, ਮਨੋਜ ਸ਼ਰਮਾ, ਹਰਪ੍ਰੀਤ ਸਿੰਘ ਸੁਖਵਿੰਦਰ ਸਿੰਘ ਗਿੱਲ, ਦਲਵੀਰ ਸਿੰਘ, ਜਸਪ੍ਰੀਤ ਸਿੰਘ, ਮਨਜੀਤ ਸਿੰਘ ਸੈਣੀ, ਬਲਜਿੰਦਰ ਸਿੰਘ, ਹਜਾਰਾ ਸਿੰਘ ਗਿੱਲ, ਪ੍ਰੇਮ ਸਾਗਰ, ਗੁਰਦੀਪ ਸਿੰਘ ਔਜਲਾ ਆਦਿ ਆਗੂ ਹਾਜ਼ਰ ਸਨ।

## *ਕਿਸਾਨ ਆਗੂ ਸੁਖਦੇਵ ਸਿੰਘ ਭਾਗੋਕਾਵਾਂ ਨਹੀਂ ਰਹੇ*



ਗੁਰਦਾਸਪੁਰ (ਜਨਕ ਮਹਾਜਨ)-ਸੀਪੀਆਈ ਐੱਮਐੱਲ ਲਿਬਰੇਸ਼ਨ ਦੇ ਬੀਤੇ 48 ਸਾਲਾਂ ਤੋਂ ਕੁਲਵਕਤੀ ਅਤੇ ਪੰਜਾਬ ਕਿਸਾਨ ਯੂਨੀਅਨ ਦੇ ਪੰਜਾਬ ਪੱਧਰ ਦੇ ਆਗੂ ਸੁਖਦੇਵ ਸਿੰਘ ਭਾਗੋਕਾਵਾਂ ਨਹੀਂ ਰਹੇ।ਇਸ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੇ ਛੋਟੇ ਪੁੱਤਰ ਵਕੀਲ ਹਰਵਿੰਦਰ ਸਿੰਘ ਮੱਲ੍ਹੀ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਥੋੜ੍ਹੇ ਸਮੇਂ ਤੋਂ ਬੀਮਾਰ ਚੱਲ ਰਹੇ ਸਨ ਅਤੇ ਹੁਣ ਪੀਲੀਏ ਅਤੇ ਲਿਵਰ ਦੀ ਸ਼ਿਕਾਇਤ ਹੋਣ ਕਾਰਨ ਲਿਵਰ ਦੇ ਸਪੈਸ਼ਲਿਸਟ ਹਰਪ੍ਰੀਤ ਸਿੰਘ ਅੰਮ੍ਰਿਤਸਰ ਹਸਪਤਾਲ ਵਿੱਚ ਜ਼ੇਰੇ ਇਲਾਜ ਸਨ ਪਰ ਇਸ ਦੌਰਾਨ ਬਰੇਨ ਅਟੈਕ ਹੋਣ ਕਾਰਣ ਬੇਹੋਸ਼ੀ ਦੀ ਹਾਲਤ ਵਿੱਚ ਜਾਣ ਤੋਂ ਬਾਅਦ ਦੁਬਾਰਾ ਹੋਸ਼ ਵਿੱਚ ਨਹੀਂ ਆ ਸਕੇ ਅਤੇ ਸਾਨੂੰ ਸਭ ਨੂੰ ਵਿਛੋੜਾ ਦੇ ਗਏ।ਉਨ੍ਹਾਂ ਦਾ ਸਸਕਾਰ ਉਨ੍ਹਾਂ ਦੇ ਦੂਸਰੇ ਪੁੱਤਰ ਦੇ ਵਿਦੇਸ਼ੋਂ ਇਥੇ ਪਹੁੰਚਣ ਉਪਰੰਤ 27 ਮਾਰਚ ਨੂੰ 12 ਵਜੇ ਦੁਪਹਿਰ ਪਿੰਡ ਭਾਗੋਕਾਵਾਂ ਵਿਖੇ ਹੋਵੇਗਾ।ਭਾਗੋਕਾਵਾਂ ਦੀ ਦੁਖਦਾਈ ਮੌਤ 'ਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਗੁਰਮੀਤ ਸਿੰਘ ਬਖਤਪੁਰਾ, ਏਕਟੂ ਆਗੂ ਗੁਲਜ਼ਾਰ ਸਿੰਘ ਭੁੰਬਲੀ, ਐਡਵੋਕੇਟ ਕਰਨਜੀਤ ਸਿੰਘ, ਐਡਵੋਕੇਟ ਐਸੋਸੀਏਸ਼ਨ ਗੁਰਦਾਸਪੁਰ ਦੇ ਜਨਰਲ ਸਕੱਤਰ ਪਲਵਿੰਦਰ ਸਿੰਘ, ਕਿਸਾਨ ਆਗੂ ਅਸ਼ਵਨੀ ਕੁਮਾਰ ਲੱਖਣ ਕਲਾਂ, ਮੱਖਣ ਕੁਹਾੜ, ਹਰਜੀਤ ਸਿੰਘ ਕਾਹਲੋਂ, ਸਤਿਬੀਰ ਸਿੰਘ ਸੁਲਤਾਨੀ ਨੇ ਦੁਖੀ ਪਰਿਵਾਰ ਨਾਲ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ।

## *ਗੁਰਦਾਸਪੁਰ ਵਿਖੇ ਕਿਸਾਨ ਮੇਲਾ 27 ਨੂੰ: ਡਾ. ਰੰਧਾਵਾ*



**ਫਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ)**-ਹਰ ਸਾਲ ਦੀ ਤਰ੍ਹਾਂ ਗੁਰਦਾਸਪੁਰ ਖੇਤੀਬਾੜੀ ਯੂਨੀਵਰਸਿਟੀ ਦੇ ਰਿਜਨਲ ਸਟੇਸ਼ਨ ਗੁਰਦਾਸਪੁਰ ਵਿਖੇ 27 ਮਾਰਚ ਸ਼ੁੱਕਰਵਾਰ ਨੂੰ 'ਖੇਤੀ ਵਿਭਿੰਨਤਾ ਅਪਨਾਓ' 'ਵੱਡਮੁੱਲਾ ਵਾਤਾਵਰਣ ਬਚਾਓ' ਦੇ ਉਦੇਸ਼ ਨਾਲ ਕਿਸਾਨ ਮੇਲਾ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਗੁਰਦਾਸਪੁਰ ਖੇਤੀਬਾੜੀ ਯੂਨੀਵਰਸਿਟੀ ਦੇ ਰਿਜਨਲ ਸਟੇਸ਼ਨ ਦੇ ਡਾਇਰੈਕਟਰ ਡਾ. ਹਰਪਾਲ ਸਿੰਘ ਰੰਧਾਵਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੇਲੇ ਵਿਚ ਸਾਉਣੀ ਦੀਆਂ ਫਸਲਾਂ, ਸਬਜ਼ੀਆਂ ਦੇ ਸੁਧਰੇ ਬੀਜ ਅਤੇ ਸਦਾਬਹਾਰ ਫਲਦਾਰ ਬੂਟੇ ਉਪਲਬਧ ਕਰਵਾਏ ਜਾਣਗੇ।ਇਸ ਮੌਕੇ ਖੇਤੀ ਵਿਸ਼ਾ ਮਾਹਿਰਾ ਵੱਲੋਂ ਸਾਉਣੀ ਦੀਆਂ ਫਸਲਾਂ ਦੀ ਕਾਸ਼ਤ ਬਾਰੇ ਤਕਨੀਕੀ ਜਾਣਕਾਰੀ ਦਿੱਤੀ ਜਾਏਗੀ ਅਤੇ ਕਿਸਾਨਾਂ ਦੀਆਂ ਖੇਤੀ ਮੁਸ਼ਕਲਾਂ ਬਾਰੇ ਸੁਆਲ ਜੁਆਬ ਹੋਣਗੇ ਅਤੇ ਪੀ ਏ ਯੂ ਤੋਂ ਇਲਾਵਾ ਸਰਗਾਰੀ ਵਿਭਾਗਾਂ ਅਤੇ ਪ੍ਰਾਈਵੇਟ ਕੰਪਨੀਆਂ ਵੱਲੋਂ ਖੇਤੀ ਅਧਾਰਿਤ ਸਟਾਰ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ।ਉਨਾਂ ਕਿਹਾ ਕਿ ਮੇਲੇ'ਚ ਯੂਨੀਵਰਸਿਟੀ ਨਾਲ ਜੁੜੇ ਸੈਲਫ ਹੈਲਪ ਗਰੁੱਪ ਵੀ ਆਪਣੇ ਸਟਾਲ ਪ੍ਰਦਰਸ਼ਨੀ ਲਗਾਕੇ ਫਸਲਾਂ ਦੀ ਉਪਜ ਸਹੀ ਢੰਗ ਨਾਲ ਵੇਚਨ ਲਈ ਕਿਸਾਨਾਂ ਨੂੰ ਜਾਗਰੂਕ ਕਰਨਗੇ।ਡਾ. ਹਰਪਾਲ ਸਿੰਘ ਰੰਧਾਵਾ ਨੇ ਅੱਗੇ ਦੱਸਿਆ ਕਿ ਮੇਲੇ ਵਿਚ ਹਾੜ੍ਹੀ ਦੀਆਂ ਫਸਲਾਂ ਦੀਆਂ ਕਿਸਮਾਂ ਅਤੇ ਹੋਰ ਖੇਤੀ ਹੋਰ ਖੇਤੀ ਦੀ ਲਾਈਵ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ।

## *ਵਿਦਿਆਰਥੀਆਂ ਨਾਲ ਸ਼ਹੀਦਾਂ ਦੇ ਵਿਚਾਰਾਂ ਦੀ ਸਾਂਝ ਪਾਈ*



ਲੌਂਗੋਵਾਲ, (ਪ੍ਰਦੀਪ ਸੱਪਲ)-ਇਨਕਲਾਬੀ ਵਿਰਾਸਤ ਪ੍ਰਚਾਰ ਮੰਚ ਪੰਜਾਬ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਅਗਾਮੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ 12 ਮਾਰਚ ਤੋਂ 27 ਮਾਰਚ ਤੱਕ ਮਨਾਏ ਜਾ ਰਹੇ ਸ਼ਹੀਦੀ ਪੰਦਰਵਾੜੇ ਤਹਿਤ ਸੂਬਾ ਪ੍ਰਧਾਨ ਬਲਬੀਰ ਲੌਂਗੋਵਾਲ ਤੇ ਸੂਬਾ ਜਨਰਲ ਸਕੱਤਰ ਰਾਕੇਸ਼ ਕੁਮਾਰ ਇਤਿਹਾਸਕਾਰ ਸੁਨਾਮ ਨੇ ਮਾਤਾ ਗੁਜਰੀ ਗਰੁੱਪ ਆਫ ਇੰਸਟੀਚਿਊਸ਼ਨਜ਼ ਬਡਰੁੱਖਾਂ ਵਿਖੇ ਵਿਦਿਆਰਥੀਆਂ ਨਾਲ ਸ਼ਹੀਦਾਂ ਦੇ ਵਿਚਾਰਾਂ ਦੀ ਸਾਂਝ ਪਾਈ।ਬਲਬੀਰ ਲੌਂਗੋਵਾਲ ਨੇ ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਦੀ ਵਿਚਾਰਧਾਰਾ, ਉਨ੍ਹਾਂ ਦੇ ਡੂੰਘੇ ਅਧਿਐਨ, ਉਨ੍ਹਾਂ ਦੇ ਸੁਪਨਿਆਂ ਦੀ ਅਜ਼ਾਦੀ ਤੇ ਛੋਟੀ ਉਮਰ ਵਿੱਚ ਸ਼ਹੀਦੀ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ।ਰਾਕੇਸ਼ ਕੁਮਾਰ ਨੇ ਫਿਰੋਜ਼ਪੁਰ ਸਥਿਤ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਗੁਪਤ ਟਿਕਾਣੇ, ਉੱਥੇ ਆਉਣ ਵਾਲੇ ਦੇਸ਼ ਭਗਤਾਂ ਅਤੇ ਉਨ੍ਹਾਂ ਦੀਆਂ ਸਰਗਰਮੀਆਂ ਬਾਰੇ ਜਾਣਕਾਰੀ ਦਿੱਤੀ।ਇਸੇ ਟਿਕਾਣੇ ਵਿਖੇ ਭਗਤ ਸਿੰਘ ਨੇ ਆਪਣੀ ਪਾਰਟੀ ਦੀਆਂ ਲੋੜਾਂ ਮੁਤਾਬਕ ਦਾੜ੍ਹੀ ਤੇ ਕੇਸ ਕਟਵਾਏ, ਨਿਸ਼ਾਨੇਬਾਜ਼ੀ ਦਾ ਅਭਿਆਸ ਕੀਤਾ ਤੇ ਚਾਂਦ ਫਾਂਸੀ ਅੰਕ ਲਈ ਕਈ ਸ਼ਹੀਦਾਂ ਦੀਆਂ ਜੀਵਨੀਆਂ ਵੀ ਇੱਥੇ ਹੀ ਸ਼ਿਵ ਵਰਮਾ ਨੇ ਲਿਖੀਆਂ ਸਨ।ਇੱਥੇ ਉਹ ਸਾਰੇ ਆਪਣਾ ਨਾਮ ਬਦਲ ਕੇ ਰਹਿੰਦੇ ਸੀ।ਉਨ੍ਹਾਂ ਮੰਗ ਕੀਤੀ ਕਿ ਸਰਕਾਰ ਨੂੰ ਇਸ ਗੁਪਤ ਟਿਕਾਣੇ ਨੂੰ ਜਲਦੀ ਮਿਊਜ਼ੀਅਮ ਤੇ ਲਾਇਬ੍ਰੇਰੀ ਵਿੱਚ ਬਦਲੇ।ਮੰਚ ਵੱਲੋਂ ਭਗਤ ਸਿੰਘ ਤੇ ਸਾਥੀਆਂ ਦੇ ਵਿਚਾਰਾਂ ਬਾਰੇ ਛਪਿਆ ਪਰਚਾ ਵੀ ਵਿਦਿਆਰਥੀਆਂ ਨੂੰ ਵੰਡਿਆ ਗਿਆ।

## *ਹਰਿਆਣਾ ਰਾਈਟ ਟੂ ਸਰਵਿਸ ਕਮਿਸ਼ਨ ਤੇ ਤ੍ਰਿਪੁਰਾ ਸਰਕਾਰ 'ਚ ਸਮਝੌਤਾ*

ਚੰਡੀਗੜ੍ਹ, (ਕ੍ਰਿਸ਼ਨ ਗਰਗ)-ਹਰਿਆਣਾ ਰਾਇਟ ਟੂ ਸਰਵਿਸ ਕਮਿਸ਼ਨ ਅਤੇ ਤ੍ਰਿਪੁਰਾ ਸਰਕਾਰ ਵਿੱਚ ਆਟੋ ਅਪੀਲ ਸਿਸਟਮ ਦੇ ਅਪਨਾਉਣ ਅਤੇ ਵਰਤੋਂ ਨੂੰ ਲੈ ਕੇ ਇੱਕ ਮਹਤੱਵਪੂਰਨ ਸਮਝੌਤਾ ਮੈਮੋ (ਐਮ ਓ ਯੂ) ਦਸਤਖਤ ਕੀਤਾ ਗਿਆ ਹੈ।ਕਮਿਸ਼ਨ ਦੇ ਬੁਲਾਰੇ ਨੇ ਦੱਸਿਆ ਕਿ ਇਸ ਸਮਝੌਤੇ ਦਾ ਉਦੇਸ਼ ਸੇਵਾ ਵੰਡ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਸਮੇਂਬੱਧਤਾ ਯਕੀਨੀ ਕਰਨਾ ਹੈ। ਹਰਿਆਣਾ ਰਾਈਟ ਟੂ ਸਰਵਿਸ ਕਮਿਸ਼ਨ ਵੱਲੋਂ ਵਿਕਸਿਤ ਆਟੋ ਅਪੀਲ ਸਿਸਟਮ ਇੱਕ ਤਕਨੀਕ ਅਧਾਰਤ ਪ੍ਰਨਾਲੀ ਹੈ, ਜੋ ਅਪੀਲਾਂ ਦੇ ਆਪਣੇ ਆਪ ਏਸਕੇਲੇਸ਼ਨ ਰਾਹੀਂ ਨਾਗਰਿਕਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਵਿੱਚ ਸਹਾਇਤ ਹੈ। ਉਨ੍ਹਾਂ ਦਸਿਆ ਕਿ ਭਾਰਤ ਸਰਕਾਰ ਦੇ ਕੈਬਨਿਟ ਸਕੱਤਰੇਤ ਵੱਲੋਂ ਵੀ ਸੂਬਿਆਂ ਅਤੇ ਕੇਂਦਰ ਸ਼ਾਸਿਤ ਸੂਬਿਆਂ ਨੂੰ ਇਸ ਪ੍ਰਨਾਲੀ ਨੂੰ ਅਪਨਾਉਣ ਦੀ ਸਿਫਾਰਿਸ਼ ਕੀਤੀ ਗਈ ਹੈ, ਤਾਂ ਜੋ ਸੇਵਾਵਾਂ ਦੀ ਗੁਣਵੱਤਾ ਵਿੱਚ ਸੁਧਾਰ ਅਤੇ ਈਜ਼ ਆਫ ਡੂਇੰਗ ਬਿਜਨੈਸ ਨੂੰ ਪ੍ਰੋਤਸਾਹਨ ਦਿੱਤਾ ਜਾ ਸਕੇ। ਇਸੀ ਲੜੀ ਵਿੱਚ ਤ੍ਰਿਪੁਰਾ ਸਰਕਾਰ ਨੇ ਇਸ ਪ੍ਰਨਾਲੀ ਨੂੰ ਅਪਨਾਉਣ ਵਿੱਚ ਦਿਲਚਸਪੀ ਦਿਖਾਈ ਹੈ।

# ਧਰਨਾ ਦੇਣ ਜਾਂਦੇ ਕਿਸਾਨਾਂ ਨੂੰ ਪੁਲਸ ਨੇ ਥਾਣੇ 'ਚ ਡੱਕਿਆ



ਪੱਟੀ,(ਬਲਦੇਵ ਸਿੰਘ ਸੰਧੂ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦਾ ਇੱਕ ਕਾਫ਼ਲਾ ਪੱਟੀ ਤੋਂ ਡਿਪਟੀ ਕਮਿਸ਼ਨਰ ਦਫਤਰ ਅੰਮ੍ਰਿਤਸਰ ਸਾਹਿਬ ਵਿਖੇ ਆਪਣੀਆਂ ਹੱਕੀ ਮੰਗਾਂ ਨੂੰ ਲੈਕੇ ਸ਼ਾਂਤਮਈ ਢੰਗ ਨਾਲ ਰੋਸ ਪ੍ਰਦਰਸ਼ਨ ਕਰਨ ਲਈ ਜਾ ਰਹੇ ਕਿਸਾਨਾਂ ਨੂੰ ਪੁਲਸ ਵੱਲੋਂ ਰਸੂਲਪੁਰ ਨਹਿਰਾਂ ਨੇੜੇ ਰੋਕਿਆ ਗਿਆ ਤਾਂ ਇਸਦੇ ਵਿਰੋਧ ਵਜੋਂ ਕਿਸਾਨ ਬਗੈਰ ਰਸਤਾ ਰੋਕੇ ਸੜਕ ਕਿਨਾਰੇ ਸ਼ਾਂਤਮਈ ਢੰਗ ਨਾਲ ਬੈਠ ਗਏ ਪਰ ਇਸ ਦੇ ਬਾਵਜੂਦ ਕਿਸਾਨਾਂ 'ਤੇ ਲਾਠੀਚਾਰਜ ਕਰ ਕੇ ਬਜ਼ੁਰਗ ਕਿਸਾਨਾਂ ਨੂੰ ਜੇਲ੍ਹਾਂ ਅੰਦਰ ਡੱਕ ਦਿੱਤਾ ਗਿਆ, ਪੂਰੀ ਰਾਤ ਕਿਸਾਨਾਂ ਨੂੰ ਡਰਾਇਆ ਧਮਕਾਇਆ ਗਿਆ।ਹੁਣ ਦੇਖੋ ਕਿਸਾਨਾਂ ਨੂੰ ਆਪਣੇ ਜ਼ਿਲ੍ਹੇ ਦੇ ਡੀਸੀ ਦਫ਼ਤਰ ਜਾਣ ਤੋਂ ਵੀ ਸਰਕਾਰ ਰੋਕਣ ਲੱਗ ਪਈ ਹੈ।ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਨੂੰ ਕਿਸਾਨਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ ਤਾਂ ਕਿ ਕਿਸਾਨ, ਮਜ਼ਦੂਰ ਸੜਕਾਂ ਅਤੇ ਰੇਲਾਂ ਦੀਆਂ ਪਟੜੀਆਂ 'ਤੇ ਬੈਠਣ ਲਈ ਮਜਬੂਰ ਨਾ ਹੋਣ। ਖ਼ਬਰ ਲਿਖੇ ਜਾਣ ਤੱਕ ਧਰਨਾ ਜਾਰੀ ਸੀ।ਇਸ ਮੌਕੇ ਗੁਰਬੇਜ ਸਿੰਘ, ਜ਼ੋਨ ਪ੍ਰਧਾਨ ਪੱਟੀ ਤਰਸੇਮ ਸਿੰਘ, ਜੁਗਰਾਜ ਸਿੰਘ, ਸੁਖਬੀਰ ਸਿੰਘ, ਹਰਜਿੰਦਰ ਸਿੰਘ ਪੱਟੀ, ਨਿਸ਼ਾਨ ਸਿੰਘ, ਗੁਰਜੰਟ ਸਿੰਘ, ਹਰਿੰਦਰ ਸਿੰਘ ਆਸਲ, ਮੁਖਤਿਆਰ ਸਿੰਘ, ਬਲਕਾਰ ਸਿੰਘ, ਨਿਰਮਲ ਸਿੰਘ, ਸਾਹਿਬ ਸਿੰਘ ਆਦਿ ਆਗੂ ਹਾਜ਼ਰ ਸਨ।

# ਮੀਤ ਹੇਅਰ ਨੂੰ ਪੰਜਾਬ ਕ੍ਰਿਕਟ ਐਸੋਸੀਏਸ਼ਨ ਦਾ ਸਕੱਤਰ ਨਿਯੁਕਤ ਹੋਣ 'ਤੇ ਦਿੱਤੀ ਵਧਾਈ



ਪਠਾਨਕੋਟ (ਦਵਿੰਦਰ ਸਿੰਘ)-ਕ੍ਰਿਕਟ ਐਸੋਸੀਏਸ਼ਨ ਪਠਾਨਕੋਟ ਵੱਲੋਂ ਗੁਰਮੀਤ ਸਿੰਘ ਮੀਤ ਹੇਅਰ ਨੂੰ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਸਕੱਤਰ ਵਜੋਂ ਚੁਣੇ ਜਾਣ 'ਤੇ ਦਿਲੋਂ ਵਧਾਈ ਦਿੱਤੀ ਗਈ ਹੈ।ਐਸੋਸੀਏਸ਼ਨ ਨੇ ਵਿਸ਼ਵਾਸ ਜਤਾਇਆ ਕਿ ਉਨ੍ਹਾਂ ਦੀ ਰਹਿਨੁਮਾਈ ਹੇਠ ਪੰਜਾਬ ਵਿੱਚ ਕ੍ਰਿਕਟ ਨਵੀਆਂ ਉਚਾਈਆਂ ਛੂਹੇਗੀ, ਢਾਂਚਾਗਤ ਸੁਧਾਰ ਹੋਣਗੇ ਅਤੇ ਉਭਰਦੇ ਖਿਡਾਰੀਆਂ ਨੂੰ ਹੋਰ ਵਧੀਆ ਮੌਕੇ ਮਿਲਣਗੇ।ਐਸੋਸੀਏਸ਼ਨ ਦੇ ਮੈਂਬਰਾਂ ਨੇ ਗੁਰਮੀਤ ਸਿੰਘ ਮੀਤ ਹੇਅਰ ਨੂੰ ਉਨ੍ਹਾਂ ਦੇ ਸਫਲ ਕਾਰਜਕਾਲ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਆਸ ਜਤਾਈ ਕਿ ਉਨ੍ਹਾਂ ਦੀ ਦੂਰਦਰਸ਼ਤਾ ਜ਼ਮੀਨੀ ਪੱਧਰ 'ਤੇ ਕ੍ਰਿਕਟ ਨੂੰ ਹੋਰ ਮਜ਼ਬੂਤ ਕਰੇਗੀ ਅਤੇ ਪੰਜਾਬ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਨਵੀਂ ਪਹਿਚਾਣ ਦਿਵਾਏਗੀ।ਕ੍ਰਿਕਟ ਐਸੋਸੀਏਸ਼ਨ ਪਠਾਨਕੋਟ ਦੇ ਸਕੱਤਰ ਸਨੀ ਮਹਾਜਨ ਨੇ ਵੀ ਵਧਾਈ ਦਿੰਦਿਆਂ ਕਿਹਾ ਕਿ ਅਸੀਂ ਗੁਰਮੀਤ ਸਿੰਘ ਮੀਤ ਹੇਅਰ ਨੂੰ ਇਸ ਉਪਲਬਧੀ 'ਤੇ ਦਿਲੋਂ ਵਧਾਈ ਦਿੰਦੇ ਹਾਂ। ਉਨ੍ਹਾਂ ਦਾ ਉਤਸ਼ਾਹ ਭਰਿਆ ਨੇਤ੍ਰਤਵ ਅਤੇ ਖੇਡਾਂ ਪ੍ਰਤੀ ਜਜ਼ਬਾ ਨਿਸ਼ਚਤ ਤੌਰ 'ਤੇ ਪੰਜਾਬ ਵਿੱਚ ਕ੍ਰਿਕਟ ਪ੍ਰਸ਼ਾਸਨ ਨੂੰ ਨਵੀਂ ਦਿਸ਼ਾ ਦੇਵੇਗਾ।ਅਸੀਂ ਰਾਜ ਭਰ ਵਿੱਚ ਨੌਜਵਾਨ ਖਿਡਾਰੀਆਂ ਲਈ ਬਿਹਤਰ ਮੰਚ ਅਤੇ ਮੌਕੇ ਮੁਹੱਈਆ ਕਰਵਾਉਣ ਲਈ ਉਨ੍ਹਾਂ ਨਾਲ ਮਿਲ ਕੇ ਕੰਮ ਕਰਨ ਲਈ ਉਤਸੁਕ ਹਾਂ।ਕ੍ਰਿਕਟ ਐਸੋਸੀਏਸ਼ਨ ਪਠਾਨਕੋਟ ਨੇ ਹਰ ਪੱਧਰ 'ਤੇ ਕ੍ਰਿਕਟ ਨੂੰ ਉਤਸ਼ਾਹਿਤ ਕਰਨ ਅਤੇ ਮਜ਼ਬੂਤ ਬਣਾਉਣ ਵਾਲੀਆਂ ਪਹਿਲਕਦਮੀਆਂ ਦੇ ਸਮਰਥਨ ਲਈ ਆਪਣੀ ਵਚਨਬੱਧਤਾ ਦੁਹਰਾਈ।

# ਕੁੱਲ ਹਿੰਦ ਕਿਸਾਨ ਸਭਾ ਪੰਜਾਬ ਵੱਲੋਂ ਕਿਸਾਨਾਂ 'ਤੇ ਪੁਲਸੀਆ ਤਸ਼ੱਦਦ ਦੀ ਜ਼ੋਰਦਾਰ ਨਿਖੇਧੀ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਬਲਦੇਵ ਸਿੰਘ ਨਿਹਾਲਗੜ੍ਹ, ਜਨਰਲ ਸਕੱਤਰ ਬਲਕਰਨ ਸਿੰਘ ਬਰਾੜ ਅਤੇ ਸਕੱਤਰ ਲਖਬੀਰ ਸਿੰਘ ਨਿਜ਼ਾਮਪੁਰ ਨੇ ਜ਼ਿਲ੍ਹਾ ਪ੍ਰਸ਼ਾਸਨ ਅੰਮ੍ਰਿਤਸਰ ਵੱਲੋਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਚੱਲ ਰਹੇ ਧਰਨੇ ਉੱਪਰ ਕੀਤੇ ਗਏ ਪੁਲਸ ਜਬਰ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ।ਜਥੇਬੰਦੀ ਮੁਤਾਬਕ ਆਪਣੀਆਂ ਮੰਗਾਂ ਲਈ ਸੰਘਰਸ਼ ਕਰਨਾ ਭਾਰਤ ਦੇ ਹਰ ਨਾਗਰਿਕ ਦਾ ਮੁੱਢਲਾ ਫਰਜ਼ ਹੈ।ਕੇਂਦਰ ਤੇ ਪੰਜਾਬ ਸਰਕਾਰ ਲਗਾਤਾਰ ਸੰਘਰਸ਼ ਕਰ ਰਹੇ ਲੋਕਾਂ ਦੇ ਜਾਇਜ਼ ਸੰਘਰਸ਼ਾਂ ਨੂੰ ਕੁਚਲਣ ਦੇ ਰਾਹ ਪਈਆਂ ਹੋਈਆਂ।ਖਾਸ ਕਰਕੇ ਉਸ ਵੇਲੇ ਜਦੋਂ ਜਥੇਬੰਦੀਆਂ ਲੋਕਾਂ ਦੇ ਮਸਲਿਆਂ 'ਤੇ ਆਵਾਜ਼ ਬੁਲੰਦ ਕਰ ਰਹੀਆਂ ਹਨ। ਜਿਥੋਂ ਤੱਕ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦਾ ਸਵਾਲ ਹੈ ਤਾਂ ਇਹ ਜਥੇਬੰਦੀ ਲਗਾਤਾਰ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਚੱਲ ਰਹੇ ਸੰਘਰਸ਼ ਸਮੇਂ ਪੰਜਾਬ ਸਰਕਾਰ ਵੱਲੋਂ ਕੀਤੇ ਬਲ ਪ੍ਰਯੋਗ ਦੌਰਾਨ ਹੋਏ ਨੁਕਸਾਨ ਦੀ ਪੂਰਤੀ ਲਈ ਸੰਘਰਸ਼ ਕਰ ਰਹੀ ਹੈ ਪ੍ਰੰਤੂ ਪੰਜਾਬ ਸਰਕਾਰ ਕੋਈ ਵੀ ਗੱਲ ਸੁਣਨ ਨੂੰ ਤਿਆਰ ਨਹੀਂ ਹੈ।ਕਿਸਾਨ ਸਭਾ ਮੰਗ ਕਰਦੀ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਜਾਣਬੁਝ ਕੇ ਜਥੇਬੰਦੀ ਨਾਲ ਟਕਰਾ ਪੈਦਾ ਕਰਕੇ ਪੰਜਾਬ ਦਾ ਮਾਹੌਲ ਖਰਾਬ ਨਾ ਕਰੇ।ਜੇਕਰ ਪੰਜਾਬ ਸਰਕਾਰ ਆਪਣੇ ਇਨ੍ਹਾਂ ਹੱਥ ਕੰਡਿਆਂ ਤੋਂ ਬਾਜ਼ ਨਾ ਆਈ ਤਾਂ ਸਮੁੱਚੀ ਕਿਸਾਨ ਲਹਿਰ ਇਸ ਦਾ ਮੂੰਹ ਤੋੜਵਾਂ ਜਵਾਬ ਦੇਵੇਗੀ।ਉਨ੍ਹਾਂ ਮੰਗ ਕੀਤੀ ਕਿ ਪੁਲਸ ਜਬਰ ਬੰਦ ਕਰਕੇ ਜਥੇਬੰਦੀ ਨਾਲ ਉਨ੍ਹਾਂ ਦੇ ਮਸਲਿਆਂ 'ਤੇ ਗੱਲਬਾਤ ਕਰਕੇ ਮਾਹੌਲ ਨੂੰ ਸੁਖਾਵਾਂ ਬਣਾਵੇ।

## ਪ੍ਰਮਾਤਮਾ ਉਲਝੇ ਹੋਏ ਮਨੁੱਖ ਦਾ ਮਾਰਗਦਰਸ਼ਨ ਕਰਨ ਲਈ ਮਨੁੱਖ ਰੂਪ 'ਚ ਪ੍ਰਗਟ ਹੁੰਦੇ: ਸਾਧਵੀ ਸੌਮਿਆ ਭਾਰਤੀ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਬੇਰੀ ਗੇਟ ਵਿਖੇ ਸਥਿਤ ਮਹਿਲਾ ਆਈਟੀਆਈ, ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਦੁਆਰਾ ਜਾਰੀ ਕੀਤੇ ਗਏ ਸ਼੍ਰੀ ਰਾਮ ਕਥਾਮ੍ਰਿਤ ਵਿੱਚ, ਆਸ਼ੂਤੋਸ਼ ਮਹਾਰਾਜ ਦੀ ਚੇਲੀ ਸਾਧਵੀ ਸੌਮਿਆ ਭਾਰਤੀ ਨੇ ਕਿਹਾ ਕਿ ਭਗਵਾਨ ਉਲਝੇ ਹੋਏ ਮਨੁੱਖ ਨੂੰ ਦਿਸ਼ਾ ਦਿਖਾਉਣ ਲਈ ਮਨੁੱਖੀ ਰੂਪ ਵਿੱਚ ਧਰਤੀ ਤੇ ਪ੍ਰਗਟ ਹੁੰਦੇ ਹਨ।ਆਪਣੇ ਜੀਵਨ ਕਾਲ ਦੌਰਾਨ ਉਹ ਕਈ ਬ੍ਰਹਮ ਲੀਲਾਂ ਰਾਹੀਂ ਮਨੁੱਖਾਂ ਨੂੰ ਰਸਤਾ ਦਿਖਾਉਂਦੇ ਹਨ, ਪਰ ਜੇਕਰ ਮਨੁੱਖ ਆਪਣੀ ਬੁੱਧੀ ਦੇ ਪੱਧਰ 'ਤੇ ਉਸ ਅਲੌਕਿਕ ਪ੍ਰਭੂ ਦੀਆਂ ਬ੍ਰਹਮ ਲੀਲਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਉਸੇ ਤਰ੍ਹਾਂ ਅਸਫਲ ਹੋ ਜਾਵੇਗੇ ਜਿਸ ਤਰ੍ਹਾਂ ਪਹਾੜ ਦੇ ਪੈਰਾਂ ਵਿਚ ਖੜ੍ਹਾ ਵਿਅਕਤੀ ਪਹਾੜ ਦੀ ਉੱਚਾਈ ਦਾ ਅੰਦਾਜ਼ਾ ਲਗਾਉਣ ਵਿਚ ਅਸਫਲ ਰਹਿੰਦਾ ਹੈ।ਕਥਾ ਦੌਰਾਨ ਸਾਧਵੀ ਰਾਜਵਿੰਦਰ ਭਾਰਤੀ, ਸਾਧਵੀ ਕ੍ਰਿਸ਼ਨਪ੍ਰੀਤ ਭਾਰਤੀ, ਸਾਧਵੀ ਨੀਰਜਾ ਭਾਰਤੀ, ਸਵਾਮੀ ਰੰਜੀਤਾਨੰਦ, ਬਟਾਲਾ ਦੇ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ, ਵਿਧਾਇਕ ਡਾ: ਅਜੇ ਗੁਪਤਾ, ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ, ਸਾਬਕਾ ਮੰਤਰੀ ਅਨਿਲ ਜੋਸ਼ੀ, ਭਾਜਪਾ ਆਗੂ ਡਾ: ਮਲਿਕ ਕੁਮਾਰ ਸਿੰਘ ਸਾਬਕਾ ਸੰਸਦ ਮੈਂਬਰ, ਜਗਮੋਹਨ ਸਿੰਘ ਸਾਬਕਾ ਸੰਸਦ ਮੈਂਬਰ ਡਾ. ਸੁਸ਼ਾਂਤ ਭਾਟੀਆ, ਭਾਰਤੀ ਵਪਾਰ ਮੰਡਲ ਰਾਜੀਵ ਅਨੀਜ਼, ਪ੍ਰਣਵ ਧਵਨ, ਕੌਂਸਲਰ ਵਿੱਕੀ ਦੱਤਾ, ਮਨਦੀਪ ਸਿੰਘ ਆਹੂਜਾ, ਸਤੀਸ਼ ਬੱਲੂ ਆਦਿ ਹਾਜ਼ਰ ਸਨ।

# ਮੁਹੱਲਾ ਸੁਧਾਰ ਕਮੇਟੀ ਨੇ ਮੇਅਰ ਨੂੰ ਮੰਗ ਪੱਤਰ ਸੌਂਪਿਆ



ਅੰਮ੍ਰਿਤਸਰ (ਜਗਦੀਸ਼ ਕਮਲੇਸ਼)-ਮੁਹੱਲਾ ਸੁਧਾਰ ਕਮੇਟੀ (ਫਲੈਟ), ਬੀ-ਬਲਾਕ, ਰਣਜੀਤ ਐਵੇਨਿਊ ਦੇ ਵਸਨੀਕਾਂ ਨੇ ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ ਨਾਲ ਮੁਲਾਕਾਤ ਕੀਤੀ ਅਤੇ ਇਲਾਕੇ ਦੇ ਪਾਰਕ ਦੇ ਵਿਕਾਸ ਦੀ ਮੰਗ ਕਰਦੇ ਹੋਏ ਇੱਕ ਮੰਗ ਪੱਤਰ ਸੌਂਪਿਆ।ਚੇਅਰਮੈਨ ਰਤਨ ਸਿੰਘ, ਪ੍ਰਧਾਨ ਮਨੀਸ਼ ਕੁਮਾਰ, ਉਪ ਪ੍ਰਧਾਨ ਪਰਮਪਾਲ ਕੌਰ, ਸਕੱਤਰ ਡੀਐੱਸ ਬਮਰਾ ਅਤੇ ਵਿੱਤ ਸਕੱਤਰ ਸ਼ਰਨਪਾਲ ਸਿੰਘ ਵੱਲੋਂ ਸੌਂਪੇ ਗਏ ਮੰਗ ਪੱਤਰ ਵਿੱਚ ਕਿਹਾ ਗਿਆ ਹੈ ਕਿ ਰਣਜੀਤ ਪਾਰਕ ਨੂੰ ਤੁਰੰਤ ਕੁਝ ਵਿਕਾਸ ਅਤੇ ਰੱਖ-ਰਖਾਅ ਦੀ ਲੋੜ ਹੈ।

ਬੱਚਿਆਂ ਅਤੇ ਬਜ਼ੁਰਗਾਂ ਸਮੇਤ ਹਰ ਉਮਰ ਦੇ ਵਸਨੀਕ ਪਾਰਕ ਦੀ ਵਿਆਪਕ ਵਰਤੋਂ ਕਰਦੇ ਹਨ।ਹਾਲਾਂਕਿ ਕੁਝ ਮੁੱਦੇ ਇਸਦੀ ਸੁਰੱਖਿਆ, ਸਫਾਈ ਅਤੇ ਪੂਰੇ ਸਮੇਂ ਦੀ ਵਰਤੋਂ ਨੂੰ ਪ੍ਰਭਾਵਤ ਕਰ ਰਹੇ ਹਨ।ਉਨ੍ਹਾਂ ਮੰਗ ਕੀਤੀ ਕਿ ਪਾਰਕ ਦੀ ਸੀਮਾ ਗਰਿੱਲ ਨੂੰ ਉੱਚਾ ਕੀਤਾ ਜਾਵੇ, ਪ੍ਰਵੇਸ਼ ਦੁਆਰ ਤੇ ਇੱਕ ਸਪਰਿੰਗ ਮਕੈਨਿਜ਼ਮ ਲਗਾਇਆ ਜਾਵੇ, ਘਾਹ ਨੂੰ ਬਦਲਿਆ ਜਾਵੇ ਅਤੇ ਇੱਕ ਪੂਰੇ ਸਮੇਂ ਦੇ ਮਾਲੀ ਨੂੰ ਨਿਯੁਕਤ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਮੁਹੱਲਾ ਸੁਧਾਰ ਕਮੇਟੀ ਨੂੰ ਮਾਲੀਆਂ ਲਈ ਸਿਰਫ 4,000 ਦੀ ਸਹਾਇਤਾ ਮਿਲੀ ਹੈ, ਜੋ ਕਿ ਇੰਨੇ ਵੱਡੇ ਪਾਰਕ ਲਈ ਨਾਕਾਫ਼ੀ ਹੈ ਅਤੇ ਇਸ ਨੂੰ ਵਧਾਇਆ ਜਾਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਬੱਚਿਆਂ ਦੇ ਖੇਡ ਦੇ ਮੈਦਾਨ ਵਿੱਚ ਇੱਕ ਬੈਡਮਿੰਟਨ ਕੋਰਟ ਬਣਾਇਆ ਜਾਣਾ ਚਾਹੀਦਾ ਹੈ ਅਤੇ ਜਿੰਮ ਦੇ ਉਪਕਰਣਾਂ ਦੀ ਮੁਰੰਮਤ ਕੀਤੀ ਜਾਣੀ ਚਾਹੀਦੀ ਹੈ।ਇਸ ਮੌਕੇ ਪੀਐੱਸਆਈਸੀ ਦੇ ਉਪ ਚੇਅਰਮੈਨ ਅਤੇ 'ਆਪ' ਲੋਕ ਸਭਾ ਇੰਚਾਰਜ ਜਸਕਰਨ ਸਿੰਘ ਬਦੇਸ਼ਾ ਅਤੇ 'ਆਪ' ਆਗੂ ਅਰਵਿੰਦਰ ਸਿੰਘ ਭੱਟੀ ਵੀ ਹਾਜ਼ਰ ਸਨ।

# ਗੀਤੂ ਗੁਲੇਰੀਆ ਸਰਬਉੱਤਮ ਕੋਆਰਡੀਨੇਟਰ ਪੁਰਸਕਾਰ ਨਾਲ ਸਨਮਾਨਿਤ



ਅੰਮ੍ਰਿਤਸਰ (ਜਗਦੀਸ਼ ਕਮਲੇਸ਼)-ਰਿਆਨ ਇੰਟਰਨੈਸ਼ਨਲ ਸਕੂਲ, ਅੰਮ੍ਰਿਤਸਰ ਦੀ ਗੀਤੂ ਗੁਲੇਰੀਆ ਨੂੰ ਨੈਸ਼ਨਲ ਓਲੰਪੀਆਡ ਫਾਊਂਡੇਸ਼ਨ ਜੂਨੀਅਰ) ਵੱਲੋਂ ਸਰਬਉੱਤਮ ਕੋਆਰਡੀਨੇਟਰ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।ਇਹ ਸਨਮਾਨ ਅੰਤਰਰਾਸ਼ਟਰੀ ਓਲੰਪੀਆਡ ਪ੍ਰੀਖਿਆਵਾਂ ਦੇ ਸਫਲ ਸੰਗਠਨ ਅਤੇ ਸੰਚਾਲਨ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਦੇ ਸਨਮਾਨ ਵਿੱਚ ਦਿੱਤਾ ਗਿਆ।ਉਨ੍ਹਾਂ ਦੇ ਸਮਰਪਣ, ਸੁਚੱਜੀ ਯੋਜਨਾਬੰਦੀ ਅਤੇ ਅਟੁੱਟ ਵਚਨਬੱਧਤਾ ਨੇ ਓਲੰਪੀਆਡ ਦੇ ਸੁਚਾਰੂ ਸੰਚਾਲਨ ਨੂੰ ਯਕੀਨੀ ਬਣਾਉਣ, ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਯੋਗਤਾਵਾਂ ਦਾ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕਰਨ ਅਤੇ ਅਕਾਦਮਿਕ ਸਫਲਤਾ ਪ੍ਰਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।ਆਪਣਾ ਧੰਨਵਾਦ ਪ੍ਰਗਟ ਕਰਦੇ ਹੋਏ ਗੀਤੂ ਗੁਲੇਰੀਆ ਨੇ ਚੇਅਰਮੈਨ ਡਾ. ਏ. ਐੱਫ. ਪਿੰਟੋ, ਮੈਨੇਜਿੰਗ ਡਾਇਰੈਕਟਰ ਡਾ. ਗ੍ਰੇਸ ਪਿੰਟੋ ਅਤੇ ਪ੍ਰਿੰਸੀਪਲ ਕੰਚਨ ਮਲਹੋਤਰਾ ਦਾ ਉਨ੍ਹਾਂ ਦੇ ਨਿਰੰਤਰ ਮਾਰਗਦਰਸ਼ਨ, ਉਤਸ਼ਾਹ ਅਤੇ ਦੂਰਦਰਸ਼ੀ ਅਗਵਾਈ ਲਈ ਧੰਨਵਾਦ ਕੀਤਾ, ਜਿਸਨੇ ਉਨ੍ਹਾਂ ਨੂੰ ਇਹ ਸਨਮਾਨ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ।

# ਲੋਕ ਨਿਰਮਾਣ ਮੰਤਰੀ ਈ ਟੀ ਓ ਨੇ ਆਦੋਵਾਲੀ 'ਚ ਬਣ ਰਹੀ ਸੜਕ ਦਾ ਕੀਤਾ ਨਿਰੀਖਣ



ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)-ਸੂਬੇ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਅਧੀਨ ਪੈਂਦੇ ਪਿੰਡ ਆਦੋਵਾਲੀ ਵਿਖੇ ਨੈਸ਼ਨਲ ਹਾਈਵੇਅ 503-ਏ ਤੋਂ ਆਦੋਵਾਲੀ ਸੂਏ ਦੇ ਨਾਲ-ਨਾਲ ਪਿੰਡ ਉਦੋਨੰਗਲ ਤੱਕ ਜਾਂਦੀ ਸੜਕ ਨੂੰ ਬਣਾਉਣ ਦਾ ਕੰਮ ਦਾ ਮੌਕੇ ਤੇ ਜਾ ਕੇ ਨਿਰੀਖਣ ਕੀਤਾ ਗਿਆ।ਇਸ ਮੌਕੇ ਜਾਣਕਾਰੀ ਦਿੰਦਿਆਂ ਲੋਕ ਨਿਰਮਾਣ ਮੰਤਰੀ ਨੇ ਦੱਸਿਆ ਕਿ 800 ਮੀਟਰ ਲੰਮੀ ਇਸ ਸੜਕ ਨੂੰ ਬਣਾਉਣ ਉਪਰ 21.28 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਸੂਬੇ ਭਰ ਵਿੱਚ ਨਵੀਆਂ ਸੜਕਾਂ ਬਣਾਉਣ ਦਾ ਕੰਮ ਵੱਡੀ ਪੱਧਰ 'ਤੇ ਚੱਲ ਰਿਹਾ ਹੈ ਅਤੇ 45,000 ਕਿਲੋਮੀਟਰ ਸੜਕਾਂ ਨਵੀਆਂ ਬਣਾਉਣ ਦੇ ਨਾਲ ਪੁਰਾਣੀਆਂ ਨੂੰ ਮਜ਼ਬੂਤ ਤੇ ਚੌੜਿਆਂ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਆਦੋਵਾਲੀ 'ਚ ਬਣ ਰਹੀ ਸੜਕ ਬਹੁਤ ਵਧੀਆ ਢੰਗ ਨਾਲ ਬਣ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੜਕ ਬਣਾਉਣ ਵਾਲੇ ਠੇਕੇਦਾਰ ਨੂੰ 5 ਸਾਲ ਤੱਕ ਉਸ ਸੜਕ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਵੀ ਦਿੱਤੀ ਜਾਂਦੀ ਹੈ ਅਤੇ ਜੇਕਰ ਸਮੇਂ ਤੋਂ ਪਹਿਲਾਂ ਇਹ ਸੜਕ ਟੁੱਟੇਗੀ ਤਾਂ ਉਸ ਨੂੰ ਠੇਕੇਦਾਰ ਵੱਲੋਂ ਬਣਾਇਆ ਜਾਵੇਗਾ।ਈਟੀਓ ਨੇ ਸੂਬਾ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦੇ ਪਿੰਡ ਜਾਂ ਆਸ-ਪਾਸ ਕੋਈ ਸੜਕ ਬਣ ਰਹੀ ਹੈ ਤਾਂ ਉਹ ਇਸ ਦੀ ਕੁਆਲਟੀ ਦਾ ਜ਼ਰੂਰ ਧਿਆਨ ਰੱਖਣ।ਜੇਕਰ ਕਿਸੇ ਨੂੰ ਸੜਕ ਦੀ ਗੁਣਵੱਤਾ ਵਿੱਚ ਕੋਈ ਕਮੀ ਲੱਗੇ ਤਾਂ ਉਹ ਤੁਰੰਤ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਜਾਂ ਆਪਣੇ ਵਿਧਾਇਕ ਦੇ ਧਿਆਨ ਵਿੱਚ ਲਿਆ ਸਕਦੇ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪਹਿਲਾਂ ਹੀ ਸੜਕਾਂ ਦੀ ਗੁਣਵੱਤਾ ਨੂੰ ਚੈੱਕ ਕਰਨ ਲਈ ਫਲਾਇੰਗ ਸੁਕੈਅਡ ਗਠਿਤ ਕੀਤਾ ਗਿਆ ਹੈ ਜੋ ਸਮੇਂ-ਸਮੇਂ ਸੜਕਾਂ ਦੀ ਕੁਆਲਟੀ ਚੈੱਕ ਕਰਦਾ ਹੈ।ਇਸ ਤੋਂ ਇਲਾਵਾ ਲੋਕ ਨਿਰਮਾਣ ਵਿਭਾਗ ਵੱਲੋਂ ਵੀ ਵਿਭਾਗੀ ਤੌਰ ਤੇ ਅਜਿਹੀ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਵਿੱਚ ਸੂਬਾ ਸਰਕਾਰ ਨੇ ਰਵਾਇਤੀ ਪਾਰਟੀਆਂ ਦੇ 70 ਸਾਲਾਂ ਦੇ ਕਾਰਜਕਾਲ ਨਾਲੋਂ ਵੱਧ ਕੰਮ ਕੀਤਾ ਹੈ।

ਸੂਬਾ ਸਰਕਾਰ ਤੇਜ਼ ਗਤੀ ਨਾਲ ਅੱਗੇ ਵਧ ਰਹੀ ਹੈ ਅਤੇ ਸਾਲ 2026 ਵਿੱਚ ਸੂਬਾ ਇਸ ਵਿਕਾਸ ਨੂੰ ਅਗਲੇ ਪੱਧਰ 'ਤੇ ਲੈ ਜਾਵੇਗਾ।ਉਨ੍ਹਾਂ ਕਿਹਾ ਕਿ ਇਹ ਵਿਕਾਸ ਆਮ ਆਦਮੀ ਦੀ ਭਲਾਈ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਕਈ ਲੋਕ-ਪੱਖੀ ਨੀਤੀਆਂ ਨਾਲ ਜੁੜਿਆ ਹੋਇਆ ਹੈ।

# ਪ੍ਰਤਾਪ ਵਰਲਡ ਸਕੂਲ ਦੇ ਵਿਦਿਆਰਥੀਆਂ ਇੰਟਰਨੈਸ਼ਨਲ ਇੰਗਲਿਸ਼ ਓਲੰਪੀਆਡ 'ਚ ਜਿੱਤੇ ਸੋਨ ਤਮਗੇ




ਪਠਾਨਕੋਟ(ਦਵਿੰਦਰ ਸਿੰਘ)-ਪ੍ਰਤਾਪ ਵਰਲਡ ਸਕੂਲ ਪਠਾਨਕੋਟ ਦੇ 12 ਵਿਦਿਆਰਥੀਆਂ ਨੇ ਪ੍ਰਤਿਸ਼ਠਿਤ ਇੰਟਰਨੈਸ਼ਨਲ ਇੰਗਲਿਸ਼ ਓਲੰਪੀਆਡ ਵਿੱਚ ਸੋਨੇ ਦੇ ਤਗਮੇ ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਇਹ ਓਲੰਪੀਆਡ ਵਿਦਿਆਰਥੀਆਂ ਨੂੰ ਆਪਣੀ ਭਾਸ਼ਾਈ ਪ੍ਰਤਿਭਾ ਨੂੰ ਪਛਾਨਣ ਅਤੇ ਨਿਖਾਰਨ ਲਈ ਇੱਕ ਮਜ਼ਬੂਤ ਮੰਚ ਪ੍ਰਦਾਨ ਕਰਦਾ ਹੈ, ਜਿਸ ਨਾਲ ਉਹ ਸ਼ੁਰੂਆਤੀ ਪੱਧਰ ਤੋਂ ਹੀ ਵਿਸ਼ਵ ਪੱਧਰੀ ਮੁਕਾਬਲੇ ਲਈ ਤਿਆਰ ਹੋ ਸਕਣ।ਸਕੂਲ ਦਾ ਮਾਣ ਵਧਾਉਣ ਵਾਲੇ ਵਿਦਿਆਰਥੀਆਂ ਦੇ ਨਾਂਅ ਅਵੰਤਿਕਾ, ਸਾਰਥਕ, ਸ਼੍ਰੇਹਾਨ, ਅਬਦੁਲ, ਸ਼੍ਰੀਸ਼ਾ, ਸਕਾਰਮਾ, ਅਕਸ਼ਤ, ਕ੍ਰਿਸ਼ਿਵ, ਕਰਾਮਤ, ਸ਼ਗੁਨ, ਰਾਮੀਰਾ ਅਤੇ ਸੁਖਸਾਰ ਹਨ।

ਪ੍ਰਤਾਪ ਵਰਲਡ ਸਕੂਲ ਦੇ ਡਾਇਰੈਕਟਰ ਸੰਨੀ ਮਹਾਜਨ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਆਪਣੇ ਇਨ੍ਹਾਂ ਹੋਣਹਾਰ ਵਿਦਿਆਰਥੀਆਂ 'ਤੇ ਬਹੁਤ ਮਾਣ ਹੈ।ਉਨ੍ਹਾਂ ਕਿਹਾ ਕਿ ਇੰਟਰਨੈਸ਼ਨਲ ਇੰਗਲਿਸ਼ ਓਲੰਪੀਆਡ ਵਿੱਚ ਉਨ੍ਹਾਂ ਦੀ ਕਾਮਯਾਬੀ ਸਾਡੇ ਸੰਸਥਾਨ ਵੱਲੋਂ ਦਿੱਤੀ ਜਾਣ ਵਾਲੀ ਮਜ਼ਬੂਤ ਨੀਂਹ ਅਤੇ ਵਿਸ਼ਵ ਪੱਧਰੀ ਸੋਚ ਦਾ ਸਬੂਤ ਹੈ।ਅਸੀਂ ਸ਼ੁਰੂਆਤੀ ਪੱਧਰ ਤੋਂ ਹੀ ਪ੍ਰਤਿਭਾ ਨੂੰ ਨਿਖਾਰਨ 'ਚ ਵਿਸ਼ਵਾਸ ਕਰਦੇ ਹਾਂ ਅਤੇ ਅਜਿਹੀਆਂ ਉਪਲਬਧੀਆਂ ਸਾਨੂੰ ਸਿੱਖਿਆ ਵਿੱਚ ਉੱਚ ਮੁਕਾਮ ਕਾਇਮ ਰੱਖਣ ਲਈ ਪ੍ਰੇਰਿਤ ਕਰਦੀਆਂ ਹਨ।ਸਕੂਲ ਦੇ ਪ੍ਰਿੰਸੀਪਲ ਸ਼ੁਭਰਾ ਰਾਣੀ ਨੇ ਵੀ ਵਿਦਿਆਰਥੀਆਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਉਪਲਬਧੀ ਅੱਜ ਦੇ ਸਮੇਂ ਵਿੱਚ ਭਾਸ਼ਾ ਕੌਸ਼ਲ ਦੀ ਮਹੱਤਤਾ ਨੂੰ ਦਰਸਾਉਂਦੀ ਹੈ।

ਸਾਡੇ ਵਿਦਿਆਰਥੀਆਂ ਨੇ ਅੰਗ੍ਰੇਜ਼ੀ 'ਤੇ ਸ਼ਾਨਦਾਰ ਪਕੜ ਦਿਖਾਈ ਹੈ ਅਤੇ ਅਸੀਂ ਉਨ੍ਹਾਂ ਨੂੰ ਅਜਿਹੇ ਕੰਪੀਟੀਟਿਵ ਮੰਚਾਂ ਵਿੱਚ ਭਾਗ ਲੈਣ ਲਈ ਲਗਾਤਾਰ ਉਤਸ਼ਾਹਿਤ ਕਰਦੇ ਰਹਾਂਗੇ, ਜਿਸ ਨਾਲ ਉਨ੍ਹਾਂ ਦਾ ਆਤਮਵਿਸ਼ਵਾਸ ਅਤੇ ਗਿਆਨ ਵਧੇ।

# ਚੇਅਰਪਰਸਨ ਕਰਮਜੀਤ ਕੌਰ ਤੇ ਵਾਈਸ ਚੇਅਰਮੈਨ ਮਨਜਿੰਦਰ ਸਿੰਘ ਮਿੱਟੂ ਤੱਤਲਾ ਨੇ ਅਹੁਦਾ ਸੰਭਾਲਿਆ



ਬਟਾਲਾ, (ਡਾ. ਮਲਵਿੰਦਰ ਸਿੰਘ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਮੌਜੂਦਗੀ ਵਿੱਚ ਬਟਾਲਾ ਬਲਾਕ ਸੰਮਤੀ ਦੀ ਨਵ-ਨਿਯੁਕਤ ਚੇਅਰਪਰਸਨ ਕਰਮਜੀਤ ਕੌਰ ਪਤਨੀ ਨਿਸ਼ਾਨ ਸਿੰਘ ਰੰਧਾਵਾ ਅਤੇ ਵਾਈਸ ਚੇਅਰਮੈਨ ਮਨਜਿੰਦਰ ਸਿੰਘ ਮਿੱਟੂ ਤੱਤਲਾ ਨੇ ਅਹੁਦਾ ਸੰਭਾਲਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਦਾਸਪੁਰ ਗੁਰਪ੍ਰੀਤ ਸਿੰਘ ਗਿੱਲ, ਯਸ਼ਪਾਲ ਚੌਹਾਨ, ਚੇਅਰਮੈਨ ਇੰਪਰੂਵਮੈਂਟ ਟਰੱਸਟ ਬਟਾਲਾ, ਬੀਡੀਪੀਓ ਬਟਾਲਾ ਬਲਜੀਤ ਸਿੰਘ, ਹਰਿੰਦਬੀਰ ਸਿੰਘ ਪੰਚਾਇਤ ਅਫਸਰ, ਲਾਇਨ ਰਾਜੀਵ ਵਿੱਗ, ਮਿੱਤਰਪਾਲ ਸਿੰਘ ਜ਼ਿਲ੍ਹਾ ਪ੍ਰਸ਼ੀਦ ਮੈਂਬਰ, ਕਰਨੈਲ ਸਿੰਘ ਸੰਮਤੀ ਮੈਂਬਰ, ਜਤਿੰਦਰ ਸਿੰਘ ਸੰਮਤੀ ਮੈਂਬਰ, ਗੁਰਦੇਵ ਸਿੰਘ ਸੰਮਤੀ ਮੈਂਬਰ, ਜੋਧ ਸਿੰਘ ਸੰਮਤੀ ਮੈਂਬਰ, ਹਰਜਿੰਦਰ ਸਿੰਘ ਸੰਮਤੀ ਮੈਂਬਰ, ਗੁਰਪ੍ਰੀਤ ਸਿੰਘ ਸੰਮਤੀ ਮੈਂਬਰ, ਜਤਿੰਦਰਪਾਲ ਕੌਰ ਸੰਮਤੀ ਮੈਂਬਰ, ਗੁਰਮੀਤ ਸਿੰਘ ਸੰਮਤੀ ਮੈਂਬਰ, ਸੰਜੀਵ ਕੁਮਾਰ, ਨਰਿੰਦਰ ਕੌਰ, ਮਨਪ੍ਰੀਤ ਕੌਰ ਸੁਪਰਡੈਂਟ, ਦਵਿੰਦਰ ਕੌਰ, ਅਮਨਦੀਪ ਸਿੰਘ ਮੌਜੂਦ ਸਨ।ਇਸ ਮੌਕੇ ਬਲਾਕ ਸੰਮਤੀ ਦੇ ਨਵ-ਨਿਯੁਕਤ ਚੇਅਰਪਰਸਨ ਕਰਮਜੀਤ ਕੌਰ ਅਤੇ ਵਾਈਸ ਚੇਅਰਮੈਨ ਮਨਜਿੰਦਰ ਸਿੰਘ ਮਿੱਟੂ ਤੱਤਲਾ ਨੂੰ ਮੁਬਾਰਕਬਾਦ ਦਿੰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਆਪ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ ਅਤੇ ਪਾਰਟੀ ਵਿੱਚ ਮਿਹਨਤ ਤੇ ਲਗਨ ਨਾਲ ਕੰਮ ਕਰਨ ਵਾਲੇ ਵਲੰਟੀਅਰਾਂ ਨੂੰ ਮਾਣ ਸਤਿਕਾਰ ਦੇ ਰਹੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਪਾਰਟੀ ਵਲੰਟੀਅਰਾਂ ਨੂੰ ਉਨ੍ਹਾਂ ਦੀ ਮਿਹਨਤ ਅਤੇ ਲਗਨ ਅਨੁਸਾਰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਹੋਰ ਤੇਜ਼ ਗਤੀ ਪ੍ਰਦਾਨ ਕੀਤੀ ਜਾਵੇਗੀ ਤਾਂ ਜੋ ਲੋਕਾਂ ਨੂੰ ਸਹੂਲਤਾਂ ਜਲਦ ਤੋਂ ਜਲਦ ਲਾਭ ਪੁੱਜਦਾ ਹੋ ਸਕੇ।ਇਸ ਮੌਕੇ ਚੇਅਰਪਰਸਨ ਕਰਮਜੀਤ ਕੌਰ ਅਤੇ ਵਾਈਸ ਚੇਅਰਮੈਨ ਮਨਜਿੰਦਰ ਸਿੰਘ ਮਿੱਟੂ ਤੱਤਲਾ ਨੇ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਵੱਲੋਂ ਜੋ ਜ਼ਿੰਮੇਵਾਰੀ ਸੌਂਪੀ ਗਈ, ਉਸ ਨੂੰ ਪੂਰੀ ਮਿਹਨਤ ਤੇ ਲਗਨ ਨਾਲ ਨਿਭਾਉਣਗੇ ਅਤੇ ਪਿੰਡਾਂ ਅੰਦਰ ਵਿਕਾਸ ਕਾਰਜਾਂ ਦੀ ਗਤੀ ਨੂੰ ਹੋਰ ਤੇਜ਼ ਕੀਤਾ ਜਾਵੇਗਾ।

# ਪੁਰਾਣਾ ਸ਼ਾਲਾ ਅੱਡੇ 'ਚ ਲੰਬੇ ਰੂਟ ਦੀਆਂ ਬੱਸਾਂ ਨਾ ਰੁਕਣ ਕਾਰਨ ਸਵਾਰੀਆਂ ਨੂੰ ਹੁੰਦੀ ਐ ਪ੍ਰੇਸ਼ਾਨੀ

ਗੁਰਦਾਸਪੁਰ, (ਜਨਕ ਮਹਾਜਨ)-ਦੀਨਾਨਗਰ ਤੋਂ ਚੱਲਦੀ ਸੀ. ਟੀ. ਯੂ. ਚੰਡੀਗੜ੍ਹ ਨੂੰ ਜਾਣ ਵਾਲੀ ਤੇ ਹੋਰ ਲੰਬੇ ਰੂਟ ਦੀਆਂ ਕੁਝ ਪ੍ਰਾਈਵੇਟ ਬੱਸਾਂ ਪੁਰਾਣਾ ਸ਼ਾਲਾ ਵਿਚ ਨਾ ਰੁਕਣ ਕਰਕੇ ਸਵਾਰੀਆਂ ਨੂੰ ਖੱਜਲ ਖ਼ੁਆਰ ਹੋਣਾ ਪੈਂਦਾ ਹੈ। ਇਸ ਪਾਸੇ ਟਰਾਂਸਪੋਰਟ ਵਿਭਾਗ ਗੁਰਦਾਸਪੁਰ ਦੇ ਅਧਿਕਾਰੀਆਂ ਤੇ ਜ਼ਿਲ੍ਹਾ ਪ੍ਰਸ਼ਾਸਨ ਕੋਈ ਧਿਆਨ ਨਹੀਂ ਦੇ ਰਿਹਾ ਜਿਸ ਕਰਕੇ ਇਲਾਕੇ ਦੇ ਲੋਕਾਂ ਦਾ ਪੰਜਾਬ ਰੋਡਵੇਜ਼ ਦੇ ਜਰਨਲ ਮੈਨੇਜਰ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਾਬਕਾ ਪਾਵਰਕਾਮ ਦੇ ਜੇ. ਈ. ਸਰਵਣ ਸਿੰਘ ਸੈਣੀ ਨੇ ਦੱਸਿਆ ਕਿ ਬੇਟ ਇਲਾਕੇ ਦੇ ਬਹੁਤ ਸਾਰੇ ਨੌਜਵਾਨ ਚੰਡੀਗੜ੍ਹ ਅਤੇ ਹੋਰਨਾਂ ਜ਼ਿਲ੍ਹਿਆਂ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਹਨ ਅਤੇ ਇਸ ਸਮੇਂ ਸਮੇਂ ਸਰਕਾਰੀ ਤੇ ਪ੍ਰਾਈਵੇਟ ਬੱਸਾਂ ਨਾ ਮਿਲਣ ਕਰਕੇ ਉਨ੍ਹਾਂ ਨੂੰ ਅਨੇਕਾਂ ਮੁਸ਼ਕਿਲਾਂ ਵਿੱਚੋਂ ਗੁਜ਼ਰਨਾ ਪੈ ਰਿਹਾ ਜਦੋਂ ਕਿ ਲੋਕ ਅਕਸਰ ਹੀ ਆਪਣੀ ਮੰਜ਼ਿਲ 'ਤੇ ਪਹੁੰਚਣ ਤੋਂ ਲੇਟ ਹੋ ਜਾਂਦੇ ਹਨ।

ਉਨ੍ਹਾਂ ਦੱਸਿਆ ਕਿ ਇਹ ਮਾਮਲਾ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਦੇ ਧਿਆਨ ਹਿੱਤ ਲਿਆਉਣ ਦੇ ਬਾਵਜੂਦ ਵੀ ਕੋਈ ਹੱਲ ਨਹੀਂ ਹੋ ਰਿਹਾ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਟਰਾਂਸਪੋਰਟ ਵਿਭਾਗ ਗੁਰਦਾਸਪੁਰ ਨੂੰ ਹਦਾਇਤਾਂ ਕਰਕੇ ਪੁਰਾਣਾ ਸ਼ਾਲਾ ਵਿਚ ਸੀ. ਟੀ. ਯੂ. ਅਤੇ ਸਾਰੀਆਂ ਪ੍ਰਾਈਵੇਟ ਬੱਸਾਂ ਰੁਕਣ ਦੇ ਸਖਤ ਆਦੇਸ਼ ਦਿੱਤੇ ਜਾਣ ਜਿਸ ਨਾਲ ਆਮ ਲੋਕਾਂ ਨੂੰ ਆ ਰਹੀ ਮੁਸ਼ਕਿਲ ਤੋਂ ਰਾਹਤ ਮਿਲ ਸਕੇ।

# ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਾਈ ਜਾਵੇ : ਡਾ. ਚੀਮਾ



ਧਾਰੀਵਾਲ, (ਮਨਦੀਪ ਵਿੱਕੀ)-ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਵੱਲੋਂ ਕਿਸਾਨਾਂ ਨੂੰ ਨਵੀਆਂ ਖੇਤੀਬਾੜੀ ਤਕਨੀਕਾਂ ਅਤੇ ਸਰਕਾਰੀ ਯੋਜਨਾਵਾਂ ਬਾਰੇ ਜਾਣੂ ਕਰਵਾਉਣ ਲਈ ਜ਼ਿਲ੍ਹਾ ਗੁਰਦਾਸਪੁਰ ਦੇ ਬਲਾਕ ਕਲਾਨੌਰ ਦੇ ਪਿੰਡ ਗੋਸਲ ਵਿਖੇ ਕਿਸਾਨ ਸਿਖਲਾਈ ਕੈਂਪ ਆਯੋਜਿਤ ਕੀਤਾ ਗਿਆ।ਇਹ ਕੈਂਪ ਡਾ. ਸ਼ਹਬਾਜ਼ ਸਿੰਘ ਚੀਮਾ, ਡਿਪਟੀ ਡਾਇਰੈਕਟਰ ਖੇਤੀਬਾੜੀ ਦੀ ਪ੍ਰਧਾਨਗੀ ਹੇਠ ਲਗਾਇਆ ਗਿਆ।ਕੈਂਪ ਦੌਰਾਨ ਡਾ. ਸ਼ਹਬਾਜ਼ ਸਿੰਘ ਚੀਮਾ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰਵਾਇਤੀ ਖੇਤੀ ਦੇ ਨਾਲ-ਨਾਲ ਸਹਾਇਕ ਧੰਦੇ ਜਿਵੇਂ ਕਿ ਡੇਅਰੀ, ਮਧੂਮੱਖੀ ਪਾਲਣ, ਮੁਰਗੀ ਪਾਲਣ ਅਤੇ ਬਾਗਬਾਨੀ ਆਦਿ ਅਪਣਾ ਕੇ ਕਿਸਾਨ ਆਪਣੀ ਆਮਦਨ ਵਿੱਚ ਵਾਧਾ ਕਰ ਸਕਦੇ ਹਨ।ਉਨ੍ਹਾਂ ਨੇ ਕਿਹਾ ਕਿ ਖੇਤੀ ਵਿੱਚ ਵਿਗਿਆਨਕ ਤਰੀਕਿਆਂ ਦੀ ਵਰਤੋਂ ਕਰਕੇ ਖੇਤੀ ਦੀ ਲਾਗਤ ਨੂੰ ਘਟਾਇਆ ਜਾ ਸਕਦਾ ਹੈ ਅਤੇ ਉਤਪਾਦਨ ਵਿੱਚ ਵਾਧਾ ਕੀਤਾ ਜਾ ਸਕਦਾ ਹੈ।ਉਨ੍ਹਾਂ ਨੇ ਕਿਸਾਨਾਂ ਨੂੰ ਕਣਕ ਦੇ ਨਾੜ ਨੂੰ ਅੱਗ ਲਗਾਉਣ ਤੋਂ ਰੋਕਣ ਦੀ ਅਪੀਲ ਕਰਦਿਆਂ ਕਿਹਾ ਕਿ ਕਣਕ ਦੇ ਨਾੜ ਦੀ ਸਹੀ ਸੰਭਾਲ ਲਈ ਮਸ਼ੀਨਰੀ ਅਤੇ ਹੋਰ ਵਿਕਲਪਾਂ ਦੀ ਵਰਤੋਂ ਕੀਤੀ ਜਾਵੇ, ਤਾਂ ਜੋ ਮਿੱਟੀ ਦੀ ਉਪਜਾਊ ਸ਼ਕਤੀ ਬਰਕਰਾਰ ਰਹੇ ਅਤੇ ਵਾਤਾਵਰਣ ਨੂੰ ਨੁਕਸਾਨ ਤੋਂ ਬਚਾਇਆ ਜਾ ਸਕੇ।ਡਾ. ਚੀਮਾ ਨੇ ਖੇਤੀਬਾੜੀ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ ਬਾਰੇ ਜਾਣਕਾਰੀ ਕਿਸਾਨਾਂ ਨਾਲ ਸਾਂਝੀ ਕੀਤੀ ਅਤੇ ਕਿਸਾਨਾਂ ਨੂੰ ਉਹਨਾਂ ਵੱਲੋਂ ਅਪੀਲ ਕੀਤੀ ਗਈ ਕਿ ਨਵੀਨਤਮ ਸਾਧਨ ਜਿਵੇਂ ਕਿ ਆਰਟੀਫਿਸ਼ਅਲ ਇੰਟੈਲੀਜੈਂਸ ਦੀ ਆਪਣੇ ਖੇਤੀਬਾੜੀ ਵਿੱਚ ਵਰਤੋਂ ਕਰਕੇ ਸਮੇਂ ਦੇ ਹਾਣੀ ਬਣਦੇ ਹੋਏ ਕਾਮਯਾਬ ਹੋਇਆ ਜਾਵੇ।ਇਸ ਮੌਕੇ ਡਾ. ਸੰਦੀਪ ਸਿੰਘ, ਖੇਤੀਬਾੜੀ ਅਫਸਰ ਨੇ ਦਾਲਾਂ ਦੀ ਖੇਤੀ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਦਾਲਾਂ ਦੀ ਖੇਤੀ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਣ ਵਿੱਚ ਮਦਦਗਾਰ ਹੈ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਵਿੱਚ ਵੀ ਸਹਾਇਕ ਹੈ।ਉਨ੍ਹਾਂ ਨੇ ਕਿਸਾਨਾਂ ਨੂੰ ਕਣਕ ਦੀ ਫਸਲ ਦੀ ਕਟਾਈ ਤੱਕ ਕੀਤੇ ਜਾਣ ਵਾਲੇ ਜ਼ਰੂਰੀ ਖੇਤੀਬਾੜੀ ਕੰਮਾਂ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ।ਡਾ. ਜਰਮਨਜੀਤ ਸਿੰਘ ਖੇਤੀ ਬੜੀ ਅਫਸਰ (ਸਿਖਲਾਈ) ਨੇ ਮਿੱਟੀ ਦੀ ਸਿਹਤ ਬਾਰੇ ਜਾਣਕਾਰੀ ਦਿੰਦਿਆਂ ਕਿਸਾਨਾਂ ਨੂੰ ਮਿੱਟੀ ਦੇ ਨਮੂਨੇ ਲੈਣ ਦੀ ਸਹੀ ਵਿਧੀ ਬਾਰੇ ਦੱਸਿਆ। ਉਨ੍ਹਾਂ ਨੇ ਕਿਹਾ ਕਿ ਮਿੱਟੀ ਦੇ ਨਮੂਨੇ ਖੇਤ ਦੇ ਵੱਖ-ਵੱਖ ਸਥਾਨਾਂ ਤੋਂ 6-9 ਇੰਚ ਗਹਿਰਾਈ ਤੱਕ ਲੈ ਕੇ ਇਕੱਠੇ ਕਰਕੇ ਲੈਬ ਵਿੱਚ ਟੈਸਟ ਲਈ ਭੇਜੇ ਜਾਣੇ ਚਾਹੀਦੇ ਹਨ। ਉਨ੍ਹਾਂ ਨੇ ਦੱਸਿਆ ਕਿ ਮਿੱਟੀ ਦੀ ਜਾਂਚ ਦੇ ਅਧਾਰ ਤੇ ਹੀ ਖਾਦਾਂ ਅਤੇ ਪੋਸ਼ਕ ਤੱਤਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਨਾਲ ਮਿੱਟੀ ਦੀ ਸਿਹਤ ਵਿੱਚ ਸੁਧਾਰ ਆਉਂਦਾ ਹੈ, ਖੇਤੀ ਦੀ ਲਾਗਤ ਘਟਦੀ ਹੈ ਅਤੇ ਫਸਲ ਦੀ ਪੈਦਾਵਾਰ ਵਧਦੀ ਹੈ।ਉਨ੍ਹਾਂ ਨੇ ਜੈਵਿਕ ਪਦਾਰਥਾਂ ਦੀ ਵਰਤੋਂ ਅਤੇ ਸੰਤੁਲਿਤ ਖਾਦਾਂ ਦੇ ਪ੍ਰਯੋਗ ਉਤੇ ਵੀ ਜ਼ੋਰ ਦਿੱਤਾ।ਡਾ. ਦਿਲਰਾਜ ਸਿੰਘ ਨੇ ਕਿਸਾਨਾਂ ਨੂੰ ਪ੍ਰਧਾਨ ਮੰਤਰੀ ਕਿਸਾਨ ਯੋਜਨਾ ਸਬੰਧੀ ਦੱਸਿਆ ਕਿ ਇਸ ਯੋਜਨਾ ਅਧੀਨ ਯੋਗ ਕਿਸਾਨਾਂ ਨੂੰ ਕੇਂਦਰ ਸਰਕਾਰ ਵੱਲੋਂ ਹਰ ਸਾਲ 6000 ਰੁਪਏ ਦੀ ਆਰਥਿਕ ਸਹਾਇਤਾ ਤਿੰਨ ਕਿਸਤਾਂ ਵਿੱਚ ਦਿੱਤੀ ਜਾਂਦੀ ਹੈ।ਉਨ੍ਹਾਂ ਨੇ ਕਿਸਾਨਾਂ ਇਸ ਸਕੀਮ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ।ਡਾ. ਅਰਪਨਪ੍ਰੀਤ ਸਿੰਘ ਖੇਤੀਬਾੜੀ ਵਿਕਾਸ ਅਫਸਰ ਕਲਾਨੌਰ ਨੇ ਆਨਲਾਈਨ ਪੋਰਟਲ ਤੇ ਫਾਰਮਰ ਰਜਿਸਟਰੇਸ਼ਨ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਰਸ਼ਪਾਲ ਸਿੰਘ ਏਈਓ ਨੇ ਖੇਤੀਬਾੜੀ ਉਤਪਾਦਾਂ ਦੀ ਸੁਚੱਜੀ ਮੰਡੀਕਰਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ।ਡਾ. ਗੁਰਸ਼ਰਨ ਸਿੰਘ ਸ਼ੁਭ ਕਰਮਨ ਐਗਰੀ ਕਲੀਨਿਕ ਤਾਰਾਗੜ੍ਹ ਨੇ ਕਿਸਾਨਾਂ ਨੂੰ ਗੰਡੋਇਆ ਤੇ ਤਿਆਰ ਕੀਤੀ ਜਾਣ ਵਾਲੀ ਖਾਦ ਦੀ ਮਹੱਤਤਾ ਤੇ ਵਿਧੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ।

# ਚੇਤਨਪੁਰਾ ਤੋਂ ਵਿਸ਼ੇਸ਼ ਸਪਲੀਮੈਂਟ

ਚੇਤਨਪੁਰਾ ਤੋਂ ਸਾਡੇ ਪ੍ਰਤੀਨਿਧ ਸੁਖਵੰਤ ਚੇਤਨਪੁਰੀ ਵੱਲੋਂ 'ਨਵਾਂ ਜ਼ਮਾਨਾ' ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਅਦਾਰਾ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

## ਲਾਲ ਚੰਦ ਯਮਲਾ ਜੱਟ ਦੇ ਲਾਡਲੇ ਸ਼ਗਿਰਦ
## ਜਸਬੀਰ ਨਿਮਾਣਾ ਜੱਟ



ਸੁਪਰਹਿੱਟ ਗੀਤ

ਉੱਠ ਪ੍ਰਭਾਤੀ ਤੇਗ ਬਹਾਦਰ, ਮਧੂ ਸ਼ਾਲਾ, ਮੈਨੂੰ ਪੱਟ ਗਈ ਜਵਾਨੀ, ਸੁਰਖੀ ਪਾਊਡਰ, ਇੱਜਤ, ਸੱਤ ਮੇਰੇ ਭਾਈ, ਡੂੰਗਾ ਚਾਹ ਨਾਲ ਮਾਵਾ, ਪੈਸੇ ਪਿੱਛੇ ਅੱਥਰੀ ਜਵਾਨੀ ਆਦਿ ਗੀਤ ਲੋਕਾਂ 'ਚ ਮਕਬੂਲ ਹਨ।

ਜਨਤਾ ਦੀ ਕਚਹਿਰੀ 'ਚ ਜਲਦ ਆਉਣ ਵਾਲੇ ਗੀਤ
ਭਾਈ ਜੀ ਕਪੂਰਿਆ,
ਚਿੱਟਾ ਪੀ ਕੇ ਲੜਦਾ, ਤੈਥੋ ਕੁਰਬਾਨ

ਸੰਪਰਕ
ਕੈਨੇਡਾ +15198209443,
ਭਾਰਤ 99153-78172

## ਸੁਪਰਹਿੱਟ ਦੋਗਾਣਾ ਜੋੜੀ
## ਸੁਖਵੰਤ ਚੇਤਨਪੁਰੀ-ਸੋਨੀਆ ਸੰਧੂ



ਸੁਪਰਹਿੱਟ ਗੀਤ

'ਕੁੱਲੀ v/s ਮਹਿਲ', ਠਾਣੇਦਾਰਨੀ, ਚੰਨ ਜਿਹਾ ਮੁੱਖ, ਆਜਾ ਬਾਬਾ ਨਾਨਕਾ, ਬੇਬੇ ਡਿੱਗ ਪਈ ਢਾਰੇ ਤੋਂ, ਰੋਣ ਦੀ ਆਦਤ, ਪਾਊਡਰ ਕਰੀਮਾਂ, ਬਾਬਾ ਦੀਪ ਸਿੰਘ ਤੇ ਹੋਣੀ, ਛੱਡ ਖਹਿੜਾ ਖੇਤੀਬਾੜੀ ਦਾ, ਸਰਪੰਚ ਘਰੇ ਲਿਆਉਣੀ, ਅੱਜ ਦਿਨ ਸ਼ਗਨਾ ਦਾ, ਗੱਭਰੂ ਦਾ ਦਿਲ ਆਦਿ

ਮਾਝਾ ਲੋਕ ਗਾਇਕ ਯੂਨੀਅਨ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕਰਦੇ ਹਾਂ ਕਿ ਉਹ ਕਲਾਕਾਰਾਂ ਨੂੰ ਆ ਰਹੀਆਂ ਦਰਪੇਸ਼ ਆ ਰਹੀਆਂ ਮੁਸ਼ਕਲਾਂ ਦਾ ਹੱਲ ਕਰਨ।

ਵੱਲੋਂ :
ਮਾਝਾ ਲੋਕ ਗਾਇਕ ਯੂਨੀਅਨ ਦੇ ਆਗੂ ਚੇਅਰਮੈਨ ਰਛਪਾਲ ਰਸੀਲਾ, ਪ੍ਰਧਾਨ ਹਰਪਾਲ ਸਿੰਘ ਠੱਠੇਵਾਲਾ, ਜਨਰਲ ਸਕੱਤਰ ਸੁਖਵੰਤ ਚੇਤਨਪੁਰੀ

ਪ੍ਰੋਗਰਾਮਾਂ ਲਈ ਸੰਪਰਕ ਕਰੋ
ਮੋਬਾ. 98145-37209

ਨੋਟ :
ਦੂਰਦਰਸ਼ਨ ਦੇ ਛਣਕਾਰ ਪ੍ਰੋਗਰਾਮ ਵਿੱਚ ਹਰੇਕ ਵੀਰਵਾਰ ਅਤੇ ਸ਼ਨੀਵਾਰ ਰਾਤ 8 ਵਜੇ ਗੀਤ ਪ੍ਰਸਾਰਣ ਹੋ ਰਹੇ ਹਨ।

ਚੇਤਨਪੁਰਾ ਤੋਂ ਸਾਡੇ ਪ੍ਰਤੀਨਿਧ ਸੁਖਵੰਤ ਚੇਤਨਪੁਰੀ ਵੱਲੋਂ 'ਨਵਾਂ ਜ਼ਮਾਨਾ' ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਅਦਾਰਾ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

## ਸੁਪਰਹਿੱਟ ਦੋਗਾਣਾ ਜੋੜੀ
## ਹਰਪਾਲ ਠੱਠੇਵਾਲ ਤੇ ਬੀਬਾ ਕੰਵਲਜੀਤ



ਸੁਪਰਹਿੱਟ ਗੀਤ

'ਵਿਆਹ ਕਰਵਾ ਲਿਆ ਕਦੋਂ', 'ਤੜੱਕ ਚੂੜਾ ਟੁੱਟਿਆ', 'ਯਾਰ ਸ਼ਰਾਬੀ ਰਹਿੰਦਾ' ਆਦਿ

ਮਾਝਾ ਲੋਕ ਗਾਇਕ ਯੂਨੀਅਨ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕਰਦੀ ਹੈ ਕਿ ਉਹ ਕਲਾਕਾਰਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ ਦਾ ਹੱਲ ਕਰਨ।

ਵੱਲੋਂ :
ਮਾਝਾ ਲੋਕ ਗਾਇਕ ਯੂਨੀਅਨ ਦੇ ਆਗੂ ਚੇਅਰਮੈਨ ਰਛਪਾਲ ਰਸੀਲਾ, ਪ੍ਰਧਾਨ ਹਰਪਾਲ ਸਿੰਘ ਠੱਠੇਵਾਲਾ, ਜਨਰਲ ਸਕੱਤਰ ਸੁਖਵੰਤ ਚੇਤਨਪੁਰੀ

ਪ੍ਰੋਗਰਾਮਾਂ ਲਈ ਸੰਪਰਕ ਕਰੋ
ਮੋਬਾ. 96461-25700

## ਸੰਦੇਸ਼



ਸੁਰਜੀਤ ਸਿੰਘ ਨੰਬਰਦਾਰ ਚੇਤਨਪੁਰਾ
98762-67186

ਚੇਤਨਪੁਰਾ ਤੋਂ ਸਾਡੇ ਪ੍ਰਤੀਨਿਧ ਸੁਖਵੰਤ ਚੇਤਨਪੁਰੀ ਵੱਲੋਂ 'ਨਵਾਂ ਜ਼ਮਾਨਾ' ਦਾ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਅਦਾਰਾ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ



ਪ੍ਰਭਦੀਪ ਸਿੰਘ ਲਾਡਾ ਚੇਤਨਪੁਰਾ
ਵਿਸਥਾਰ ਅਫਸਰ (ਪੀ ਏ ਐਸ-1) ਏ
98152-61137

ਚੇਤਨਪੁਰਾ ਦੇ ਜੰਮਪਲ ਇਨਕਲਾਬੀ ਲਹਿਰਾਂ ਦਾ ਮੋਢੀ, ਪੰਜਾਬ 'ਚ ਕਮਿਊਨਿਸਟ ਪਾਰਟੀ ਦੇ ਬਾਨੀ, ਕਿਰਤੀ ਕਿਸਾਨ ਪਾਰਟੀ ਦੇ ਮੋਢੀ ਅਤੇ ਸ਼ਹੀਦ ਭਗਤ ਸਿੰਘ ਜੀ ਦੇ ਨੇੜਲੇ ਸਾਥੀ



## ਕਾਮਰੇਡ ਸੋਹਨ ਸਿੰਘ ਜੋਸ਼

ਨੂੰ ਲਾਲ ਸਲਾਮ !

## ਚੇਤਨਪੁਰੀ ਪ੍ਰੋਡਕਸ਼ਨ



ਪ੍ਰੋਪ. ਪ੍ਰਭਜੋਤ ਗਿੱਲ ਸਰਪੰਚ
ਆਸਟਰੇਲੀਆ +61423073358
ਇੰਡੀਆ 78888-68771

ਕਲਾਕਾਰ ਆਪਣੇ ਧਾਰਮਿਕ, ਸੱਭਿਆਚਾਰਕ ਗੀਤ ਰਿਕਾਰਡ ਕਰਵਾਉਣ ਅਤੇ ਰਿਲੀਜ਼ ਕਰਵਾਉਣ ਲਈ ਸੰਪਰਕ ਕਰੋ।



ਹਰਤੇਜ ਸਿੰਘ ਲੱਕੀ ਆਸਟਰੇਲੀਆ
+61424615377

ਸੁਖਵੰਤ ਚੇਤਨਪੁਰੀ ਮੋਬਾ. 98145-37209



ਗੁਰਮੁਖ ਸਿੰਘ ਮੋਹਨ ਭੰਡਾਰੀਆਂ
ਆਪ ਆਗੂ
87100-00045

ਬੀਤੇ ਸਾਲ ਅਜਨਾਲਾ ਤਹਿਸੀਲ ਅਤੇ ਪੰਜਾਬ ਦੀਆਂ ਥਾਵਾਂ 'ਤੇ ਆਏ ਹੜ੍ਹਾਂ ਨੇ ਜਾਨੀ ਅਤੇ ਮਾਲੀ ਨੁਕਸਾਨ ਕੀਤਾ ਸੀ। ਰੱਬ ਕਰੇ ਇਸ ਤਰ੍ਹਾਂ ਦਾ ਅਜਿਹਾ ਭਾਣਾ ਫਿਰ ਕਦੇ ਨਾ ਵਰਤੇ। ਬਾਰਸ਼ਾਂ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਸਰਕਾਰਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਢੁਕਵੇਂ ਪ੍ਰਬੰਧ ਕਰਨ।



ਕਰਨੈਲ ਸਿੰਘ
ਸਾਬਕਾ ਸਰਪੰਚ
ਪਿੰਡ ਮੋਹਨ ਭੰਡਾਰੀਆਂ

## ਧੰਨਵਾਦ



ਚੇਤਨਪੁਰਾ ਤੋਂ ਨਵਾਂ ਜ਼ਮਾਨਾਂ ਵਿਸ਼ੇਸ਼ ਸਪਲੀਮੈਂਟ ਕੱਢਣ 'ਚ ਜਿਨ੍ਹਾਂ ਸੱਜਣਾਂ ਮਿੱਤਰਾਂ ਨੇ ਮੈਨੂੰ ਸਹਿਯੋਗ ਕੀਤਾ ਹੈ, ਮੈਂ ਉਨ੍ਹਾਂ ਦਾ ਦਿਲ ਦੀਆਂ ਗਹਿਰੀਆਂ ਤੋਂ ਧੰਨਵਾਦ ਕਰਦਾ ਹਾਂ ਅਤੇ ਆਸ ਕਰਦਾ ਹਾਂ ਉਹ ਇਸੇ ਤਰ੍ਹਾਂ ਮੈਨੂੰ ਸਹਿਯੋਗ ਦਿੰਦੇ ਰਹਿਣਗੇ।

ਸੁਖਵੰਤ ਚੇਤਨਪੁਰਾ
ਪੱਤਰਕਾਰ ਚੇਤਨਪੁਰਾ
ਮੋਬਾ. 98145-37209

## ਆਧੀ ਵਿਖੇ ਮੱਲ ਅਖਾੜਾ ਅੱਜ

**ਜਲੰਧਰ (ਲਖਵਿੰਦਰ ਸਿੰਘ ਆਧੀ)**- ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸਮਰਪਿਤ ਦੱਸਵਾ ਸਾਲਾਨਾ ਮੱਲ ਅਖਾੜਾ ਸਮੂਹ ਨਗਰ ਨਿਵਾਸੀ ਅਤੇ ਐਨ ਆਰ ਆਈ ਵੀਰਾਂ ਤੇ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ 26 ਮਾਰਚ ਨੂੰ ਪਿੰਡ ਆਧੀ ਜ਼ਿਲ੍ਹਾ ਜਲੰਧਰ ਵਿਖੇ ਬੜੀ ਧੂਮ ਧਾਮ ਨਾਲ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਗੁਰਦੁਆਰਾ ਸਿੰਘ ਸਭਾ ਵਿਖੇ ਸਵੇਰੇ 10 ਵਜੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ। ਅਤੇ ਚਾਹ ਪਕੌੜੇ ਦੇ ਲੰਗਰ ਲਗਾਏ ਜਾਣਗੇ ਅਤੇ ਸ਼ਹੀਦ ਕਰਮ ਸਿੰਘ ਸਟੇਡੀਅਮ ਵਿਖੇ ਕੁਸ਼ਤੀਆਂ ਕਰਵਾਈਆਂ ਜਾਣਗੀਆਂ। ਪਟਕੇ ਦੀ ਕੁਸ਼ਤੀ ਜੱਸਾ ਬਾਹੜੋਵਾਲ ਤੇ ਲਾਲੀ ਮੰਡ ਚੌਂਤਾ ਦੇ ਵਿਚਕਾਰ ਹੋਵੇਗੀ ਤੇ ਹੋਰ ਵੀ ਬਹੁਤ ਸਾਰੇ ਨਾਮਵਰ ਪਹਿਲਵਾਨ ਇਸ ਮੱਲ ਅਖਾੜੇ ਵਿੱਚ ਸ਼ਾਮਲ ਹੋਣ ਗਏ। ਇਸ ਮੌਕੇ 'ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।



## ਦੋਆਬਾ ਪ੍ਰੈਸ ਕਲੱਬ ਨੂਰਮਹਿਲ ਦੇ ਜਸਵੀਰ ਸਿੰਘ ਸਰਪ੍ਰਸਤ ਤੇ ਨਰਿੰਦਰ ਭੰਡਾਲ ਪ੍ਰਧਾਨ ਬਣੇ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਦੋਆਬਾ ਪ੍ਰੈਸ ਕਲੱਬ ਨੂਰਮਹਿਲ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਬੁਲਾਈ ਗਈ। ਜਿਸ ਵਿਚ ਸਰਬਸੰਤੀ ਨਾਲ ਮਤਾ ਪਾਸ ਕਰਨ ਉਪਰੰਤ ਕਲੱਬ ਸਰਬਸੰਮਤੀ ਨਾਲ ਚੋਣ ਵੀ ਕੀਤੀ ਗਈ ਜਿਸ ਵਿਚ ਜਸਵੀਰ ਸਿੰਘ ਸਰਪ੍ਰਸਤ, ਪ੍ਰਧਾਨ ਨਰਿੰਦਰ ਭੰਡਾਲ, ਚੇਅਰਮੈਨ ਗੋਪਾਲ ਸ਼ਰਮਾ, ਵਾਇਸ ਚੇਅਰਮੈਨ ਮਨਦੀਪ ਸ਼ੁਕਲਾ, ਵਾਇਸ ਪ੍ਰਧਾਨ ਸਤਨਾਮ ਕੁਮਾਰ ਉਰਫ ਸੋਨੂੰ, ਖਜਾਨਚੀ ਤਜਿੰਦਰ ਕੁਮਾਰ , ਵਿਜੈ ਕੁਮਾਰ ਮੁੱਖ ਸਲਾਹਕਾਰ, ਵਰਿੰਦਰ ਕੁਮਾਰ ਵਿੱਕੀ ਤੇ ਮਲਕੀਤ ਸਿੰਘ ਨੂੰ ਮੈਂਬਰ ਚੁਣਿਆ ਗਿਆ।



## ਆਦਿ ਧਰਮ ਮਿਸ਼ਨ ਵੱਲੋਂ ਸੰਤ ਪ੍ਰਗਟ ਨਾਥ ਸਨਮਾਨਤ

**ਹੁਸ਼ਿਆਰਪੁਰ (ਓ ਪੀ ਰਾਣਾ)**- ਮਹਾਨ ਤਪੱਸਵੀ, ਬ੍ਰਹਮਲੀਨ ਸ੍ਰੀਮਾਨ ਸੰਤ ਲਾਲ ਦਾਸ ਜੀ ਦੇ ਬਰਸੀ ਸਮਾਗਮ ਮੌਕੇ ਰਹੀਮਪੁਰ ਉਗੀ (ਨਕੋਦਰ) ਵਿਖੇ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਵਲੋਂ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਦੀ ਅਗਵਾਈ ਹੇਠ ਸੰਤ ਪ੍ਰਗਟ ਨਾਥ ਜੀ ਬਾਲਯੋਗੀ ਚੇਅਰਮੈਨ ਭਗਵਾਨ ਵਾਲਮੀਕ ਤੀਰਥ ਸ਼ਰਾਇਨ ਬੋਰਡ ਨੂੰ ਮੁਬਾਰਕਬਾਦ ਦਿੱਤੀ ਅਤੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ। ਇਸ ਮੌਕੇ ਆਦਿ ਧਰਮ ਮਿਸ਼ਨ ਮੀਡੀਆ ਮੈਂਬਰ ਓ ਪੀ ਰਾਣਾ, ਸੰਤ ਬੀਬੀ ਪੂਨਮ ਹੀਰਾ ਵੀ ਹਾਜ਼ਰ ਸਨ। ਇਸ ਮੌਕੇ ਸੰਤ ਸਤਵਿੰਦਰ ਹੀਰਾ ਨੇ ਸੰਤ ਪ੍ਰਗਟ ਨਾਥ ਜੀ ਨੂੰ ਭਗਵਾਨ ਵਾਲਮੀਕ ਤੀਰਥ ਸ਼ਰਾਇਨ ਬੋਰਡ ਪੰਜਾਬ ਦਾ ਚੇਅਰਮੈਨ ਨਿਯੁਕਤ ਕਰਨ ਤੇ ਕਿਹਾ ਕਿ ਇਸ ਨਾਲ ਭਗਵਾਨ ਵਾਲਮੀਕ ਜੀ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਨਾਮਲੇਵਾ ਸੰਗਤਾਂ ਨੂੰ ਉਚੇਚੇ ਤੌਰ 'ਤੇ ਵੱਡਾ ਲਾਭ ਹੋਵੇਗਾ, ਕੌਮ ਦੇ ਧਾਰਮਿਕ ਤੇ ਸਮਾਜਿਕ ਮਸਲੇ ਪਹਿਲ ਦੇ ਅਧਾਰ ਤੇ ਹੱਲ ਹੋਣਗੇ। ਉਨਾਂ ਕਿਹਾ ਕੌਮ ਦੇ ਮਹਾਨ ਰਹਿਬਰ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬਾ ਸਾਹਿਬ ਡਾ. ਅੰਬੇਡਕਰ, ਬਾਬੂ ਕਾਂਸ਼ੀ ਰਾਮ, ਬਾਬਾ ਬੰਤਾ ਰਾਮ ਘੇੜਾ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਜਨ ਜਨ ਤੱਕ ਪਹੁੰਚਾਉਣ ਲਈ ਬਲ ਮਿਲੇਗਾ। ਸੰਤ ਪ੍ਰਗਟ ਨਾਥ ਜੀ ਵਲੋਂ ਵੀ ਸੰਤ ਸਤਵਿੰਦਰ ਹੀਰਾ , ਓ ਪੀ ਰਾਣਾ ਨੂੰ ਗੁਰੂਘਰ ਦੀ ਬਖਸ਼ਿਸ਼ ਸਿਰਪਾਓ ਲੋਈਆਂ ਭੇਟ ਕਰਕੇ ਵਿਸ਼ੇਸ਼ ਸਨਮਾਨ ਦਿੱਤਾ।



## ਐੱਲ ਪੀ ਯੂ ਦੇ ਡਿਸਟੈਂਸ ਤੇ ਔਨਲਾਈਨ ਸਿੱਖਿਆ ਦਾਖਲੇ ਜਲਦੀ ਬੰਦ ਹੋ ਰਹੇ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ ਪੀ ਯੂ) ਵਿਖੇ ਫਰਵਰੀ 2026 ਦੇ ਅਕਾਦਮਿਕ ਸੈਸ਼ਨ ਲਈ ਡਿਸਟੈਂਸ ਅਤੇ ਔਨਲਾਈਨ ਸਿੱਖਿਆ ਪ੍ਰੋਗਰਾਮਾਂ ਲਈ ਦਾਖਲੇ ਆਪਣੀ ਅੰਤਿਮ ਆਖਰੀ ਮਿਤੀ ਦੇ ਨੇੜੇ ਹਨ। ਯੂਨੀਵਰਸਿਟੀ ਨੇ ਦੇਸ਼ ਭਰ ਦੇ ਦਿਲਚਸਪੀ ਰੱਖਣ ਵਾਲੇ ਵਿਦਿਆਰਥੀਆਂ ਤੋਂ ਭਾਰੀ ਦਿਲਚਸਪੀ ਦੀ ਰਿਪੋਰਟ ਕੀਤੀ ਹੈ। ਹਜ਼ਾਰਾਂ ਵਿਦਿਆਰਥੀ ਪਹਿਲਾਂ ਹੀ ਯੂਨੀਵਰਸਿਟੀ ਦੁਆਰਾ ਪੇਸ਼ ਕੀਤੇ ਜਾਂਦੇ 20 ਤੋਂ ਵੱਧ ਡਿਸਟੈਂਸ ਸਿੱਖਿਆ ਪ੍ਰੋਗਰਾਮਾਂ ਅਤੇ 14 ਔਨਲਾਈਨ ਪ੍ਰੋਗਰਾਮਾਂ ਵਿੱਚ ਦਾਖਲਾ ਲੈ ਚੁੱਕੇ ਹਨ।ਡਿਸਟੈਂਸ ਸਿੱਖਿਆ ਮੋਡ ਦੇ ਤਹਿਤ, ਵਿਦਿਆਰਥੀ ਪ੍ਰਬੰਧਨ ਅਤੇ ਵਣਜ ਦੇ ਪ੍ਰੋਗਰਾਮਾਂ, ਜਿਵੇਂ ਕਿ ਐੱਮ ਬੀ ਏ, ਬੀ ਬੀ ਏ, ਐੱਮ ਕਾਮ, ਬੀ ਕਾਮ, ਤੇ ਡੀ ਬੀ ਏ ਵਿੱਚੋਂ ਚੋਣ ਕਰ ਸਕਦੇ ਹਨ। ਕੰਪਿਊਟਰ ਐਪਲੀਕੇਸ਼ਨਾਂ ਤੇ ਆਈ ਟੀ ਦੇ ਖੇਤਰ ਵਿੱਚ, ਯੂਨੀਵਰਸਿਟੀ ਐੱਮ ਸੀ ਏ, ਐੱਮ ਐੱਸ ਸੀ. (ਆਈ ਟੀ), ਬੀ ਸੀ ਏ, ਬੀ ਐੱਸ ਸੀ (ਆਈ ਟੀ) ਅਤੇ ਡੀ ਸੀ ਏ ਵਰਗੇ ਪ੍ਰੋਗਰਾਮ ਪੇਸ਼ ਕਰਦੀ ਹੈ।



## ਨੀਤੀ ਆਯੋਗ ਦੀ ਟੀਮ ਵੱਲੋਂ ਸਰਕਾਰੀ ਆਲੂ ਬੀਜ ਫਾਰਮ ਦਾ ਦੌਰਾ

**ਸ਼ਾਹਕੋਟ (ਗਿਆਨ ਸੈਦਪੁਰੀ)**- ਪਿਛਲੇ ਸਮੇ ਬਲਾਕ ਸ਼ਾਹਕੋਟ ਨੂੰ ਐਸਪੀਰੇਸ਼ਨਲ ਬਲਾਕ ਵਜੋਂ ਚੁਣਿਆ ਗਿਆ ਸੀ। ਇਸ ਚੋਣ ਦੇ ਸੰਦਰਭ ਵਿੱਚ ਕੇਂਦਰੀ ਨੀਤੀ ਆਯੋਗ ਦੀ ਟੀਮ ਵੱਲੋਂ ਵੱਖ ਵੱਖ ਥਾਵਾਂ ਦੇ ਕੰਮਾਂ ਦਾ ਜਾਇਜ਼ਾ ਲੈਣ ਲਈ ਵਿਸ਼ੇਸ਼ ਦੌਰਾ ਕੀਤਾ ਗਿਆ। ਇਸ ਟੀਮ ਵਿੱਚ ਮੈਡਮ ਸਾਤਵਿਕਾ ਸਿੰਘ ਯੰਗ ਪ੍ਰੋਫ਼ੈਸ਼ਨਲ ਨੀਤੀ ਆਯੋਗ ਦਿੱਲੀ ਅਤੇ ਹਰਸਿਮਰਨਜੀਤ ਕੌਰ ਐਸਪੀਰੈਸ਼ਨਲ ਬਲਾਕ ਫੈਲੋ ਜਲੰਧਰ ਸ਼ਾਮਲ ਸਨ।ਇਹ ਦੌਰਾ 'ਸੰਪੂਰਨਤਾ ਅਭਿਆਨ-2' ਤਹਿਤ ਕੀਤਾ ਗਿਆ। ਇਸ ਸਿਲਸਿਲੇ ਤਹਿਤ ਸਾਤਵਿਕਾ ਸਿੰਘ ਅਤੇ ਹਰਸਿਮਰਨਜੀਤ ਕੌਰ ਨੇ ਸਰਕਾਰੀ ਆਲੂ ਬੀਜ ਫਾਰਮ ਸ਼ਾਹਕੋਟ ਦਾ ਵੀ ਦੌਰਾ ਕੀਤਾ। ਇੱਥੇ ਤਾਇਨਾਤ ਸਹਾਇਕ ਨਿਰਦੇਸ਼ਕ ਬਾਗਬਾਨੀ ਡਾ. ਸੁਖਬੀਰ ਸਿੰਘ ਨੇ ਸਵਾਗਤ ਕੀਤਾ। ਟੀਮ ਵੱਲੋਂ ਮੰਗੀ ਗਈ ਜਾਣਕਾਰੀ ਬਾਰੇ ਦੱਸਦਿਆਂ ਡਾ. ਸੁਖਬੀਰ ਸਿੰਘ ਨੇ ਦੱਸਿਆ ਕਿ ਇਸ ਵਾਰ ਆਲੂ ਦਾ ਭਾਅ ਮੰਦਾ ਹੋਣ ਕਾਰਨ ਆਲੂ ਬੀਜ ਵਿਕਣ ਵਿੱਚ ਸਮੱਸਿਆ ਆ ਰਹੀ ਹੈ। ਇਸ ਦੇ ਬਾਵਜੂਦ ਆਲੂ ਉਤਪਾਦਕਾਂ ਨਾਲ ਮੇਲ ਮਿਲਾਪ ਹਾਂ ਪੱਖੀ ਹੋਣ ਕਰਕੇ ਉਹ ਟੀਚੇ ਦੇ ਨੇੜੇ ਪਹੁੰਚ ਜਾਣਗੇ। ਨੀਤੀ ਆਯੋਗ ਦੀ ਟੀਮ ਨੂੰ ਡਾ. ਸੁਖਬੀਰ ਸਿੰਘ ਨੇ ਦੱਸਿਆ ਕਿ ਇਸ ਖਿੱਤੇ ਦੀ ਵਿਸ਼ੇਸ਼ਤਾ ਹੈ ਕਿ ਆਲੂ ਦਾ ਬੀਜ ਪੈਦਾ ਹੁੰਦਾ ਹੈ। ਦੇਸ਼ ਅਤੇ ਪੰਜਾਬ ਦੇ ਬਹੁਤੇ ਖਿੱਤਿਆਂ ਵਿੱਚ ਅਜਿਹੀ ਵਿਸ਼ੇਸ਼ਤਾ ਮੁਕਾਬਲਤਨ ਘੱਟ ਹੈ। ਉਹਨਾਂ ਬੀਜ ਦੀਆਂ ਕਿਸਮਾਂ ਬਾਰੇ ਵੀ ਨੀਤੀ ਯੋਗ ਦੀ ਟੀਮ ਨੂੰ ਜਾਣਕਾਰੀ ਦਿੱਤੀ।ਡਾ. ਸੁਖਬੀਰ ਸਿੰਘ ਨੇ ਸਬਜ਼ੀਆਂ ਅਤੇ ਫਲਾਂ ਦੇ ਉਤਪਾਦਨ ਅਤੇ ਸਾਂਭ-ਸੰਭਾਲ ਦੇ ਆਧੁਨਿਕ ਉਸਾਰੀ ਅਧੀਨ ਪ੍ਰੋਜੈਕਟ ਬਾਰੇ ਵੀ ਟੀਮ ਨੂੰ ਜਾਣਕਾਰੀ ਦਿੱਤੀ।



## ਮਨੁੱਖੀ ਅਧਿਕਾਰ ਕਮਿਸ਼ਨ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਰਾਸ਼ਟਰੀ ਰਾਜਮਾਰਗ ਕੱਟ ਖੋਲ੍ਹਣ ਲਈ ਮਜਬੂਰ ਹੋਣਾ ਪਿਆ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਪੰਜਾਬ ਰਾਜ ਅਤੇ ਚੰਡੀਗੜ੍ਹ (ਯੂ ਟੀ) ਮਨੁੱਖੀ ਅਧਿਕਾਰ ਕਮਿਸ਼ਨ ਦੇ ਹੁਕਮਾਂ ਦੀ ਪਾਲਣਾ ਕਰਦਿਆਂ, ਭੋਗਪੁਰ ਪੁਲਿਸ ਪ੍ਰਸ਼ਾਸਨ ਨੂੰ ਆਖਰਕਾਰ ਰਾਸ਼ਟਰੀ ਰਾਜਮਾਰਗ 'ਤੇ ਪੁਲਸ ਸਟੇਸ਼ਨ ਦੇ ਸਾਹਮਣੇ ਕੱਟ ਖੋਲ੍ਹਣ ਲਈ ਮਜਬੂਰ ਹੋਣਾ ਪਿਆ। ਇਹ ਕਾਰਵਾਈ ਸ਼ਨੀਵਾਰ ਰਾਤ 9 ਵਜੇ ਦੇ ਕਰੀਬ ਹੋਈ, ਜਿਸ ਨਾਲ ਸਥਾਨਕ ਨਿਵਾਸੀਆਂ ਨੂੰ ਰਾਹਤ ਮਿਲੀ।ਜਾਣਕਾਰੀ ਅਨੁਸਾਰ, ਰਾਸ਼ਟਰੀ ਰਾਜਮਾਰਗ ਅਥਾਰਟੀ ਨੇ ਜਨਤਾ ਦੀ ਸਹੂਲਤ ਲਈ ਭੋਗਪੁਰ ਵਿੱਚ ਪੁਲਸ ਸਟੇਸ਼ਨ ਦੇ ਸਾਹਮਣੇ ਸੜਕ ਵਿੱਚ ਇੱਕ ਕੱਟ ਬਣਾਇਆ ਸੀ, ਜਿਸ ਨਾਲ ਉਹ ਆਸਾਨੀ ਨਾਲ ਆਉਣ-ਜਾਣ ਕਰ ਸਕਦੇ ਸਨ। ਹਾਲਾਂਕਿ ਪਿਛਲੇ ਕੁਝ ਮਹੀਨਿਆਂ ਤੋਂ ਭੋਗਪੁਰ ਪੁਲਸ ਸਟੇਸ਼ਨ ਦੇ ਅਧਿਕਾਰੀ ਨੇ ਇਸ ਕੱਟ ਨੂੰ ਬੰਦ ਕਰ ਦਿੱਤਾ ਸੀ, ਜਿਸ ਕਾਰਨ ਇਲਾਕੇ ਵਿੱਚ ਟ੍ਰੈਫਿਕ ਜਾਮ ਤੇ ਹਾਦਸੇ ਹੋ ਰਹੇ ਸਨ।ਸਥਾਨਕ ਦੁਕਾਨਦਾਰਾਂ ਤੇ ਨਿਵਾਸੀਆਂ ਨੇ ਪੁਲਸ ਪ੍ਰਸ਼ਾਸਨ ਨੂੰ ਵਾਰ-ਵਾਰ ਕੱਟ ਖੋਲ੍ਹਣ ਲਈ ਬੇਨਤੀ ਕੀਤੀ ਸੀ, ਪਰ ਉਨ੍ਹਾਂ ਦੀਆਂ ਬੇਨਤੀਆਂ ਨਹੀਂ ਸੁਣੀਆਂ ਗਈਆਂ। ਇਸ ਤੋਂ ਬਾਅਦ, ਸ਼ਹੀਦ ਭਗਤ ਸਿੰਘ ਵੈਲਫੇਅਰ ਕਲੱਬ ਨਾਲ ਜੁੜੇ ਅਰਵਿੰਦਰ ਸਿੰਘ ਝਮੱਟ ਨੇ ਵਟਸਐਪ ਰਾਹੀਂ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਸ਼ਿਕਾਇਤ ਭੇਜੀ।ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਚੌਰਾਹੇ ਦੇ ਬੰਦ ਹੋਣ ਨਾਲ ਰੋਜ਼ਾਨਾ ਟ੍ਰੈਫਿਕ ਜਾਮ ਤੇ ਹਾਦਸੇ ਹੋ ਰਹੇ ਹਨ, ਜਿਸ ਨਾਲ ਜਨਤਾ ਨੂੰ ਕਾਫ਼ੀ ਪਰੇਸ਼ਾਨੀ ਹੋ ਰਹੀ ਹੈ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ, ਮਨੁੱਖੀ ਅਧਿਕਾਰ ਕਮਿਸ਼ਨ ਨੇ ਡਿਪਟੀ ਕਮਿਸ਼ਨਰ, ਜਲੰਧਰ ਨੂੰ 30 ਅਪ੍ਰੈਲ, 2026 ਤੱਕ ਇੱਕ ਰਿਪੋਰਟ ਪੇਸ਼ ਕਰਨ ਅਤੇ ਇਸ ਮਾਮਲੇ ਵਿੱਚ ਲੋੜੀਂਦੀ ਕਾਰਵਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

## ਸੱਭਿਆਚਾਰਕ ਪ੍ਰੋਗਰਾਮ 29 ਨੂੰ

**ਬੰਗਾ (ਅਵਤਾਰ ਕਲੇਰ)**- ਸੀ ਪੀ ਆਈ ਐਮ ਵਲੋਂ ਪਿੰਡ ਝਿੰਗੜਾਂ ਵਿਖੇ ਦੇਸ਼ ਭਗਤ ਬੱਬਰ ਅਕਾਲੀ ਅਤੇ ਵਿੱਛੜ ਚੁੱਕੇ ਕਮਿਊਨਿਸਟਾਂ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਸੱਭਿਆਚਾਰਕ ਪ੍ਰੋਗਰਾਮ ਅਤੇ ਰਾਜਨੀਤਕ ਕਾਨਫਰੰਸ 29 ਮਾਰਚ ਨੂੰ ਹੋਵੇਗੀ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸੀ ਪੀ ਆਈ ਐਮ ਦੇ ਜ਼ਿਲ੍ਹਾ ਸਕੱਤਰੇਤ ਮੈਂਬਰ ਸਾਥੀ ਕੁਲਦੀਪ ਝਿੰਗੜ ਨੇ ਕਿਹਾ ਕਿ ਰਾਜਨੀਤਕ ਕਾਨਫਰੰਸ ਨੂੰ ਸੀ ਪੀ ਆਈ ਐਮ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ, ਸੂਬਾ ਕਮੇਟੀ ਮੈਂਬਰ ਰਾਮ ਸਿੰਘ ਨੂਰਪੁਰੀ ਅਤੇ ਜ਼ਿਲ੍ਹਾ ਸਕੱਤਰ ਚਰਨਜੀਤ ਦੌਲਤਪੁਰ ਸੰਬੋਧਨ ਕਰਨਗੇ। ਇਸ ਮੌਕੇ ਤੇ ਮਾਨਵਤਾ ਕਲਾ ਮੰਚ ਨਗਰ ਦੀ ਟੀਮ ਵੱਲੋਂ ਜਸਵਿੰਦਰ ਪੱਪੀ ਦੀ ਨਿਰਦੇਸ਼ਨਾ ਹੇਠ ਇੰਨਕਲਾਬੀ ਨਾਟਕ ਅਤੇ ਕੋਰੀਓਗ੍ਰਫੀਆ ਪੇਸ਼ ਕੀਤੀਆਂ ਜਾਣਗੀਆਂ। ਪ੍ਰੋਗਰਾਮ ਦੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ।

